# ਸਿਰਜਣਾ

ਜਨਵਰੀ-ਮਾਰਚ 1989 (ਅੰਕ 73)

**January- March 1989**

**ਸੰਪਾਦਕ: ਰਘਬੀਰ ਸਿੰਘ**

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਆਪਣੇ ਪਿਤਾ ਸ਼ਿਵਦੇਵ ਸਿੰਘ ਹੁੰਦਲ ਅਤੇ ਮਾਤਾ ਹਰਬੰਸ ਕੌਰ ਹੁੰਦਲ ਦੀ ਯਾਦ ਵਿੱਚ ਤਿਆਰ ਕੀਤੀ।

ਸ੍ਰੋਤ: ਸੁਖਵੰਤ ਹੁੰਦਲ ਨਿੱਜੀ ਲਾਇਬ੍ਰੇਰੀ ਵਿੱਚੋਂ।

# ਇਜਾਜ਼ਤ
# Permission

ਮੈਂ ਰਘੁਬੀਰ ਸਿੰਘ ਸੰਪਾਦਕ ਸਿਰਜਣਾ ਸੁਖਵੰਤ ਹੁੰਦਲ (13286 55 A Ave. Surrey, BC, Canada) ਨੂੰ ਸਿਰਜਣਾ ਦੇ ਸਾਰੇ ਅੰਕਾਂ ਦੀਆਂ ਪੀ ਡੀ ਐੱਫ ਫਾਇਲਾਂ ਬਣਾ ਕੇ ਆਨਲਾਈਨ ਪਾਉਣ ਦੀ ਇਜਾਜ਼ਤ ਦਿੰਦਾ ਹਾਂ। ਇਹ ਇਜਾਜ਼ਤ ਸਿਰਫ ਸਿਰਜਣਾ ਦੇ ਅੰਕਾਂ ਦੀਆਂ ਪੀ ਡੀ ਐੱਫ ਫਾਇਲਾਂ ਬਣਾ ਕੇ ਆਨਲਾਈਨ ਪਾਉਣ ਲਈ ਹੀ ਹੈ। ਸਿਰਜਣਾ ਦੀ ਸਮੱਗਰੀ ਦੇ ਕਾਪੀਰਾਈਟ ਅਤੇ ਹੋਰ ਸਾਰੇ ਹੱਕ ਰਘਬੀਰ ਸਿੰਘ ਸੰਪਾਦਕ ਸਿਰਜਣਾ ਦੇ ਹਨ।

I Raghbir Singh editor Sirjana hearby grant permission to Sukhwant Hundal (13286 55 A Ave. Surrey, BC, Canada) to upload online all issues of Sirjana in PDF format. This permission is only for uploading issues online in PDF format. The copyright and all other rights for Sirjana's content remains with Raghbir Singh, editor Sirjana.

ਦਸਖਤ –Sign: [signature]

ਪਤਾ –Address:
1728, ਸੈਕਟਰ 43-ਬੀ,
ਚੰਡੀਗੜ੍ਹ - 160022

1728, Sector 43-B,
Chandigarh - 160022
India

ਤਾਰੀਕ –Date: 25-10-2014

# ਸਿਰਜਣਾ

## ਚੋਣਵੀਂ ਝਾਤ

- ਰਘੁਬੀਰ ਢੰਡ, ਲਾਲ ਸਿੰਘ ਤੇ ਹਿੰਮਤ ਸਿੰਘ ਸੋਢੀ ਦੀਆਂ ਕਥਾ-ਰਚਨਾਵਾਂ
- ਰਘਬੀਰ ਸਿੰਘ ਦਾ ਨਿਬੰਧ : ਸੁਤੰਤਰਤਾ ਸੰਗਰਾਮ ਤੇ ਲੇਖਕ
- ਭੂਸ਼ਨ ਦਾ ਨਿਬੰਧ : ਕਥਾ ਸ਼ੇਸ਼ ਸ਼ਤਾਬਦੀ ਦੀ
- ਪਿਆਰਾ ਸਿੰਘ ਸਹਿਰਾਈ, ਸੁਰਿੰਦਰ ਗਿੱਲ, ਹਰਭਜਨ ਹੁੰਦਲ, ਸੁਰਜੀਤ ਰਾਮਪੁਰੀ ਤੇ ਧਰਮ ਕੰਮੇਆਣਾ ਦੀਆਂ ਕਵਿਤਾਵਾਂ
- ਸੱਤ ਪੁਸਤਕਾਂ ਦਾ ਰੀਵੀਊ

ਜਨਵਰੀ-ਮਾਰਚ 1989 **73** ਮੁੱਲ : 5 ਰੁਪਏ

# ਸਿਰਜਣਾ

ਜਨਵਰੀ–ਮਾਰਚ 1989

0

ਨਿਗਰਾਨ
**ਸੰਤ ਸਿੰਘ ਸੇਖੋਂ**

0

ਸੰਪਾਦਕ
**ਰਘਬੀਰ ਸਿੰਘ**

0

ਪਤਾ
**1728, ਸੈਕਟਰ 43-ਬੀ,**
**ਚੰਡੀਗੜ੍ਹ-160036**
ਟੈਲੀਫੋਨ : 41694

0

**SIRJANA**
1728, Sector 43-B,
Chandigarh-160036
Telephone : 41694

0

SIRJANA is approved by DPI Punjab for all schools, colleges and Social education centres vide letter No. 2/6-66 B (EP) dated 26. 9. 66


## ਇਸ ਅੰਕ ਵਿਚ


ਸੁਰਜੀਤ ਰਾਮਪੁਰੀ/ਕਵਿਤਾ/ਰੋ ਮੇਰੇ ਪੰਜਾਬ/1
ਹਰਭਜਨ ਸਿੰਘ ਹੁੰਦਲ/ਕਵਿਤਾ/ਅਕਤੂਬਰ ਇਨਕਲਾਬ/2
ਪਿਆਰਾ ਸਿੰਘ ਸਹਿਰਾਈ/ਲੋਰੀ/4
ਸੁਰਿੰਦਰ ਗਿੱਲ/ਚਾਰ ਕਵਿਤਾਵਾਂ/5
ਧਰਮ ਕੰਮੇਆਣਾ/ਕਵਿਤਾ ਦਾ ਜੁੱਗ/7
ਕਮਲ ਇਕਾਰਸ਼ੀ/ਦੋ ਗ਼ਜ਼ਲਾਂ/8
ਰਘੁਬੀਰ ਢੰਡ/ਕਹਾਣੀ/ਕੀੜਾ/9
ਲਾਲ ਸਿੰਘ/ਕਹਾਣੀ/ਜੜ੍ਹ/18
ਹਿੰਮਤ ਸਿੰਘ ਸੋਢੀ/ਕਹਾਣੀ/ਸ਼ਾਮ-ਏ-ਗਰੀਬਾਂ/38
ਰੁਪਿੰਦਰ ਮਾਨ/ਗ਼ਜ਼ਲ/49
ਭੂਸ਼ਨ/ਨਿਬੰਧ/ਭੂਮਿਕਾ ਸ਼ੇਸ਼ ਸ਼ਤਾਬਦੀ ਦੀ/50
ਅਮਰਦੀਪ ਗਿੱਲ/ਕਵਿਤਾ/ਚੇਤਨਾ ਬਨਾਮ ਰਚਨਾ/58
ਰਘਬੀਰ ਸਿੰਘ/ਨਿਬੰਧ/ ਸੁਤੰਤਰਤਾ ਸੰਗਰਾਮ ਤੇ ਪੰਜਾਬੀ ਲੇਖਕ/60
ਹਰਭਜਨ ਸਿੰਘ ਹੁੰਦਲ/ਨਿਬੰਧ/ਨਿਰਮਲ ਅਰਪਨ ਦੀ ਤੂਲਿਕਾ/72
ਬ੍ਰਹਮਜਗਦੀਸ਼ ਸਿੰਘ/ਰੀਵੀਊ/ਅਕੱਥ ਕਥਾ/78
ਅਵਤਾਰ ਜੌੜਾ/ਰੀਵੀਊ/ਵਿਵਿਧਾ/82
ਬ੍ਰਹਮਜਗਦੀਸ਼ ਸਿੰਘ/ਰੀਵੀਊ/ਵੱਖਰੇ ਵੱਖਰੇ ਫੋਕਸ/84
ਹਰਭਜਨ ਸਿੰਘ ਹੁੰਦਲ/ਰੀਵੀਊ/ਹਯਾਤੀ ਦੀ ਹੂਕ/87
ਬਖਸ਼ੀਸ਼ ਸਿੰਘ/ਰੀਵੀਊ/ਥੀਏਟਰ/89
ਰਘਬੀਰ ਸਿੰਘ/ਰੀਵੀਊ/ਮੈਨੂੰ ਸੀਤਾ ਨਾ ਕਹੋ/92
ਮਾਰਕਸਵਾਦ ਤੇ ਸਾਹਿਤ/95



ਵਾਰਸ਼ਿਕ ਚੰਦਾ-ਦੇਸ਼ : 20 ਰੁਪਏ
ਬਦੇਸ਼-ਹਵਾਈ ਡਾਕ ਰਾਹੀਂ : 100 ਰੁਪਏ


### ਰੋ ਮੇਰੇ ਪੰਜਾਬ ਰੋ/ਸੁਰਜੀਤ ਰਾਮਪੁਰੀ

ਰੋ ਮੇਰੇ ਪੰਜਾਬ ਰੋ,
ਕੋਈ ਹੱਥ ਵਿਹਲਾ ਨਹੀਂ ਹੈ, ਅੱਥਰੂ ਪੂੰਝਣ ਦੇ ਲਈ।
ਅਜੇ ਹੈ ਖਾਲੀ ਸੁਰਾਹੀ, ਇਸ 'ਚ ਆਪਣੀ ਰੱਤ ਚੋ।
ਰੋ ਮੇਰੇ ਪੰਜਾਬ ਰੋ।

ਕੁੱਝ ਹੱਥ ਰੁੱਝੇ ਹੋਏ ਕੁਰਸੀ ਸੰਭਾਲਣ ਵਾਸਤੇ,
ਕੁੱਝ ਹੱਥ ਨੇ ਜੁੜ ਰਹੇ ਕੁਰਸੀ ਨੂੰ ਡੇਗਣ ਵਾਸਤੇ,
ਬੁੱਢੇ ਹੱਥਾਂ ਵਿੱਚ ਸੱਤਾ ਡੋਲਦੀ ਹੈ ਜਾ ਰਹੀ,
ਨਜ਼ਰ ਬੁੱਢੀ ਕੰਬਦੀ ਧੁੰਦਲਾ ਰਹੀ।
ਅੰਗਾਂ 'ਚ ਭਾਵੇਂ ਤਾਣ ਨਾ,
'ਰਾਜ-ਸੱਤਾ ਨਰਤਕੀ' ਨੂੰ ਵੇਖਕੇ ਲਲਚਾ ਰਹੀ।
ਗੋਦੀ 'ਚ ਲੈਣਾ ਚਾਹ ਰਹੀ।
ਲੜ ਰਹੇ ਬੁੱਢੇ 'ਰਕੀਬ',
ਹਨ ਮੇਰੇ ਪੰਜਾਬ ਦੇ ਕੈਸੇ 'ਨਸੀਬ' ?
ਗੁੰਮ ਰਹੀ ਅਕਲਾਂ ਦੀ ਲੋਅ।
ਰੋ ਮੇਰੇ ਪੰਜਾਬ ਰੋ।

ਕੁੱਝ ਗਭਰੂ ਹੱਥਾਂ ਵਿਚ ਕਿਰਪਾਨ ਹੈ,
ਕੁੱਝ ਗਭਰੂ ਹੱਥਾਂ ਵਿਚ ਤ੍ਰਿਸ਼ੂਲ ਨੇ।
ਦੁਸ਼ਮਣਾਂ ਦੀ ਨਾ ਪਛਾਣ
ਦੋਸਤੀ ਦੀ ਹਿੱਕ ਨੂੰ ਹੀ ਵਿੰਨ੍ਹਦੇ ਜਾਣ
ਅਸਲੀ ਦੁਸ਼ਮਣ ਹੱਸ ਰਿਹਾ ਹੈ।

ਦੂਰ-ਅੰਦੇਸ਼ੀ ਬੁੱਢਿਆਂ ਦੀ, ਸੁਆਰਥਾਂ ਵਿਚ ਖੋ ਗਈ ਹੈ,
ਤੇ ਜਵਾਨੀ ਉਪ-ਭਾਵਕ ਹੋ ਗਈ ਹੈ।
ਤੇ ਸਿਆਸਤ ਕੁਰਸੀਆਂ ਤੋਂ ਦੂਰ ਨਹੀਉਂ ਦੇਖਦੀ
ਕਿਸਨੂੰ ਚਿੰਤਾ ਹੈ ਤੇਰੇ ਭਵਿਸ਼ ਦੀ ?
ਰਾਹ ਜੰਗਲ ਵਿਚ ਗਏ ਸਾਰੇ ਹੀ ਖੋ
ਰੋ ਮੇਰੇ ਪੰਜਾਬ ਰੋ

ਬੱਚਿਆਂ ਦੀ ਨਜ਼ਰ ਨਿਰਛਲ, ਇਸਤਰੀ ਦੀ ਮਾਮਤਾ
ਜ਼ੁਲਮ ਤੇ ਕਰੂਰਤਾ ਵੱਲ, ਹੋ ਕੇ ਬੇਬਸ ਵੇਖਦੀ
ਉਹਨਾਂ ਦੀ ਕਿਸਮਤ ਨੇ ਬਣਨਾ ਹੈ ਯਤੀਮ

ਤੇ ਭਵਿਸ਼ ਹੋਣਾ ਹੈ ਵਿਧਵਾ
ਕਿੰਨੇ ਟੁਕੜੇ ਹੋਣਗੇ ਪੰਜਾਬ ਦੇ, ਇਕ ?...ਦੋ ?
ਰੋ ਮੇਰੇ ਪੰਜਾਬ ਰੋ ।

ਬੁੱਢਿਆਂ ਦਾ ਹੋਸ਼ ਕਿੱਧਰ ਜਾ ਰਿਹਾ ਹੈ ।
ਗੱਭਰੂਆਂ ਦਾ ਜੋਸ਼ ਕਿੱਧਰ ਜਾ ਰਿਹਾ ਹੈ ?
ਦੁਸ਼ਮਣਾਂ ਦੀ ਨਾ ਪਛਾਣ, ਰੋ ਰਿਹਾ ਹੈ ਵਰਤਮਾਨ ।

ਅਜੇ ਹੈ ਖਾਲੀ ਸੁਰਾਹੀ, ਇਸ 'ਚ ਆਪਣੀ ਰੱਤ ਚੋ,
ਰੋ ਮੇਰੇ ਪੰਜਾਬ ਰੋ,
ਕੋਈ ਹੱਥ ਵਿਹਲਾ ਨਹੀਂ ਹੈ, ਅੱਥਰੂ ਪੂੰਝਣ ਦੇ ਲਈ
ਰੋ ਮੇਰੇ ਪੰਜਾਬ ਰੋ ।

[ਰਾਮਪੁਰ-141418 ਜ਼ਿਲਾ ਲੁਧਿਆਣਾ]

□

## ਅਕਤੂਬਰ ਇਨਕਲਾਬ/ਹਰਭਜਨ ਸਿੰਘ ਹੁੰਦਲ

ਕਵਣ ਸੁ ਦਿਨ ਅਕਤੂਬਰ ਦਾ ਸੀ
ਜਦੋਂ ਜ਼ਾਰ ਦੇ ਪੈਰਾਂ ਹੇਠੋਂ ਧਰਤੀ ਡੋਲੀ ?
ਕਵਣ ਮਨੁੱਖ ਨੇ ਇਸ ਵਿਦਰੋਹ ਦਾ ਸੱਦਾ ਦਿੱਤਾ
ਕੌਣ ਕਿ ਜਿਸ ਦੇ ਮੁੱਚੇ ਚਿੰਤਨ ਗੁੰਝਲ ਖੋਲ੍ਹੀ ?

ਪੈਰਾਂ ਦੀਆਂ ਜ਼ੰਜੀਰਾਂ ਤੇ ਹੱਥ-ਕੜੀਆਂ
ਲੋਕਾਂ ਦੀ ਸ਼ਕਤੀ ਦੇ ਹੜ ਅੱਗੇ ਨੇ ਕਦ ਅੜੀਆਂ !

ਹਿਰਦੇ ਅੰਦਰ ਮਘਦੇ ਸੁਪਨੇ, ਚੜ੍ਹਦੇ ਸੂਰਜ ਦੇ ਮੂੰਹ ਵਾਂਗੂੰ, ਸੱਚੇ ਹੋਏ ।
ਲਾਲ ਸਿਪਾਹੀ-ਕਿਰਤੀ ਤੇ ਕਿਰਸਾਨ, ਜਿਨ੍ਹਾਂ ਦੇ ਸੁੱਕੀ ਢੀਂਗਰ ਵਰਗੇ ਚਿਹਰੇ
ਚੁੱਕ ਵਿਦਰੋਹ ਦੇ ਸੂਹੇ ਪਰਚਮ, ਬਾਲ ਮਿਸ਼ਾਲਾਂ ਤੁਰੇ ਮੁਸਾਫਰ, ਲੋਏ ਲੋਏ ।

ਧੁੰਦਾਂ, ਧੂੜ, ਧੂੰਏਂ ਦੇ ਧੱਬੇ,
ਪਹਿਲੀ ਬਾਰਸ਼ ਨਾਲ ਗਏ ਨੇ ਸੱਭੇ ਧੋਤੇ,
ਚਿਹਰੇ ਦੀ ਪਹਿਚਾਣ ਕਿਸੇ ਤੋਂ ਕਰ ਨਾ ਹੋਵੇ
ਉੱਠ ਜਦੋਂ ਸੀ ਕਾਮੇਂ ਪੈਰਾਂ ਭਾਰ ਖਲੋਤੇ ।

ਕੈਸੀ ਕੰਧ ਕਿਲੇ ਦੀ ਤਿੜਕੀ, ਹਰ ਪਲ ਚੌੜਾ ਹੋਰ ਮਘੋਰਾ ਹੋਵੇ
ਵੰਨ ਸਵੰਨੀਆਂ ਫੌਜਾਂ, ਪਾਰੋਂ ਚੜ੍ਹ ਚੜ੍ਹ ਆਈਆਂ,



ਲਾਲ ਫੌਜ ਦੇ ਅੱਗੇ ਐਪਰ, ਕੌਣ ਖਲੋਵੇ ।

ਬੰਦ-ਖਲਾਸ ਰੰਗਾਂ ਦੀ ਹੋਈ, ਰਚਨਾ ਦੇ ਦਰਵਾਜ਼ੇ ਖੁਲ੍ਹੇ,
ਚਿੱਟੀਆਂ ਫੌਜਾਂ, ਕਾਲੇ ਕਾਰੇ, ਕੀਤੇ ਲੱਖ ਉਹਨਾਂ ਨੇ ਚਾਰੇ
ਪਰ ਨਾ ਵੇਗ ਸਮੇਂ ਦਾ ਰੁਕਿਆ
ਨਾ ਹੀ ਰੁਕਿਆ ਅੱਥਰਾ, ਝੱਖੜ, ਝੱਖੜ ਕਿਤਨਾ ਅੱਖੜ !
ਕਿੰਨਾ ਲਹੂ ਧਰਤੀ 'ਤੇ ਡੁਲ੍ਹਾ
ਕਿੰਨੀਆਂ ਲਾਸ਼ਾਂ ਇਸ ਨੇ ਬੁੱਕਲ ਵਿਚ ਲੁਕੋਈਆਂ
ਕਦੇ ਕਿਸੇ ਤੋਂ ਗਿਣ ਨਾ ਹੋਈਆਂ ।

ਜਿਥੇ ਜਿਥੇ ਇਹ ਲਹੂ ਡੁੱਲ੍ਹਦਾ
ਚਾਨਣ ਦੇ ਚਸ਼ਮੇ ਦਾ ਬੂਹਾ ਖੁਲ੍ਹਦਾ
ਇਸ ਲਹੂ ਦੀ, ਮੈਂ ਅਜ਼ਮਤ ਦੇ ਸਦਕੇ ਜਾਵਾਂ
ਔਖੇ ਵੇਲੇ, ਏਸੇ ਲਹੂ ਦਾ ਨਾਮ ਧਿਆਵਾਂ
ਘੋਰ ਨਿਰਾਸ਼ਾ ਦੀ ਦਲਦਲ ਚੋਂ, ਤੰਗ ਹਨੇਰੀ ਬੰਦ-ਗਲੀ ਚੋਂ
ਕਿੰਝ ਅਡੋਲ ਸਬੂਤਾ ਨਿਕਲ ਜਾਵਾਂ
ਲਾਲ-ਫੌਜ ਦੇ ਸੁਰਖ ਲਹੂ ਦੀ ਰੱਤੀ ਮਿੱਟੀ, ਜਾਂ ਮੈਂ ਮਸਤਕ ਲਾਵਾਂ
ਤਾਂ ਹੁੰਦੀਆਂ ਨੇ ਦੂਰ ਬਲਾਵਾਂ ।

ਜਿਥੇ ਜਿਥੇ, ਸੱਤ ਸਮੁੰਦਰ ਪਾਰ
ਕਾਲੇ ਜੰਗਲ ਬੇਲੇ, ਮਾਰੂਥਲ ਵਿਚਕਾਰ
ਹੱਕ ਲਈ ਲੜਦੀ ਰੱਤ ਡੁਲ੍ਹਦੀ ਹੈ
ਇਸ ਰੱਤ ਅੰਦਰ, ਅਕਤੂਬਰ ਦੇ ਇਨਕਲਾਬ ਲਈ, ਡੁਲ੍ਹੀ ਹੋਈ ਰੱਤ ਘੁਲਦੀ ਹੈ
ਜਿਥੇ ਕਿਧਰੇ-ਖੇਤਾਂ, ਕਾਰਖਾਨਿਆਂ ਅੰਦਰ
ਜਾਂ ਚਾਨਣ ਦੇ ਗੋਰੇ ਮੰਦਰ
ਖੁਸ਼ਬੂ-ਲੱਦੇ ਮਹਿਕ ਰਹੇ ਫੁੱਲ ਪੱਤਰ ਸੂਹੇ
ਇਸ ਖੁਸ਼ਬੂ ਦੇ, ਲਾਲ ਫੌਜ ਦੀ ਸੂਰਮਗਤ ਨੇ ਖੋਲ੍ਹੇ ਬੂਹੇ

ਉੱਠਦੇ ਬਹਿੰਦੇ, ਡਿਗਦੇ ਢਹਿੰਦੇ, ਉਹ ਦਿਨ ਯਾਦ ਅਸਾਨੂੰ ਆਉਂਦੇ
ਅਜੇ ਤੀਕ ਵੀ ਅੰਗਾਂ ਅੰਦਰ, ਸੁੱਤੀ ਹੋਈ ਰੱਤ ਗਰਮਾਉਂਦੇ ।
ਜਬਰ ਜ਼ੁਲਮ ਦੀ, ਤੰਗ ਹਨੇਰੀ ਬੰਦ-ਗਲੀ ਚੋਂ, ਲੰਘ ਜਾਵਣ ਦੀ ਕਲਾ ਸਿਖਾਉਂਦੇ
ਹਿਰਦੇ ਹਿਰਦੇ ਰੰਗ-ਬਰੰਗੇ, ਕਿਤਨੇ ਹੀ ਸੁਪਨੇ ਧੜਕਾਉਂਦੇ
ਅਕਤੂਬਰ ਦੇ ਉਹ ਦਿਨ ਸਾਡਾ, ਅੱਜ ਤੀਕ ਵੀ ਰਾਹ ਰੁਸ਼ਨਾਉਂਦੇ ।

[ਪਿੰਡ ਫੱਤੂਚੱਕ, ਡਾ. ਢਿਲਵਾਂ, ਜ਼ਿਲਾ ਕਪੂਰਥਲਾ]

□

## ਲੋਰੀ/ਪਿਆਰਾ ਸਿੰਘ ਸਹਿਰਾਈ

(ਬਿਹਾਰ ਵਿਖੇ ਖੇਤ ਮਜ਼ਦੂਰ ਤੇ ਕਿਸਾਨ ਸੰਗਰਾਮ ਦੇ ਪ੍ਰਸੰਗ ਵਿਚ)

ਸੌਂ ਜਾ, ਸੌਂ ਜਾ, ਪੁੱਤਰਾ, ਨਾ ਕਰ ਏਡ ਰਿਹਾੜ।
ਜਾਣਾ ਮੈਂ ਕੀ ਚਾਹੇਂ ਤੂੰ, ਤੱਕੇਂ ਵੱਲ ਕਿਵਾੜ।

ਸਹਿਮੀ ਸਹਿਮੀ ਝੌਂਪੜੀ, ਲੈ ਰਹੀ ਉਭੇ ਸਾਹ।
ਮੈਥੋਂ ਵੀ ਨੇ ਰੱਖ ਰਹੇ, ਭੇਤ ਓਸ ਦੇ ਰਾਹ।

ਡਾਢੀ ਭਗਦੜ ਪਈ ਸੀ, ਰੱਤ ਪੀਣੇ ਲੱਠਬਾਜ਼।
ਠੱਠੀ 'ਤੇ ਸੀ ਝਪਟ ਪਏ, ਜਿੱਦਾਂ ਖੂਨੀ ਬਾਜ਼।

ਹੱਕ ਸੱਚ ਲਈ ਜੂਝਣਾ, ਸਿੱਖਿਆ ਜਿਨ੍ਹਾਂ ਲਾਲ!
ਹੈ ਹੋਇਆ ਉਹਨਾਂ ਲਈ, ਜੀਣਾ ਹੋਰ ਮੁਹਾਲ।

ਜਾਣਾਂ, ਅਪਣੇ ਪਿਉ ਲਈ, ਗਿਆ ਹੈਂ ਬਹੁਤ ਵਰਾਗ।
ਮੈਂ ਵੀ ਪੁੱਤਰਾ ਰਾਤ ਭਰ, ਰੱਖਾਂ ਬਾਲ ਚਰਾਗ।

ਆਵੇਗਾ ਜਾਂ ਨਹੀਂ ਉਹ, ਦੱਸ ਨਾ ਸਕਦੀ ਮੂਲ।
ਲੱਗੇ ਤੱਤੀ 'ਵਾ ਨਾ, ਚੁਭੇ ਨਾ ਉਹਨੂੰ ਸੂਲ।

ਹਰਲ ਹਰਲ ਕਰਦੇ ਫਿਰਨ, ਪਿੰਡ ਵਿਚ ਅੱਜ ਬਘਿਆੜ।
ਮੋਇਆਂ ਦੀ ਰੂਹ ਭਟਕਦੀ, ਬੋਲ ਰਹੇ ਨੇ ਹਾੜ੍ਹ।

ਜੁਗ ਪਲਟੇਗਾ, ਆਏਗਾ, ਤੇਰਾ ਪਿਤਾ ਅਵੱਸ਼।
ਕੁਝ ਤਾਂ ਸਾਡੇ ਵੱਸ ਹੈ, ਕੁਝ ਨਾ ਸਾਡੇ ਵੱਸ।

ਜਿੱਚਿਰ ਰਾਜੇ ਰੰਕ ਨੇ, ਚੱਲਣੇ ਨੇ ਇਹ ਵੈਰ।
ਪਾਲਾਂ ਤੈਨੂੰ ਸੋਹਣਿਆਂ, ਮੰਗਾਂ ਉਹਦੀ ਖੈਰ।

□

[196-ਡੀ, ਮਯੂਰ ਵਿਹਾਰ, ਦਿੱਲੀ 91]



## ਚਾਰ ਕਵਿਤਾਵਾਂ/ਸੁਰਿੰਦਰ ਗਿੱਲ

### 1. ਲੈਂਡ ਸਕੇਪ

ਉੱਚੇ ਨੀਵੇਂ ਘਰ, ਘਸਮੈਲੀਆਂ ਕੰਧਾਂ
ਕੰਧਾਂ 'ਤੇ ਰੰਗੀਨ ਬਨੇਰੇ ਲਿਸ਼ਕ ਰਹੇ।
ਭਾਂਤ-ਭਾਂਤ ਦੇ ਰੰਗਾ-ਰੰਗ ਬਨੇਰਿਆਂ ਹੇਠਾਂ, ਕਾਲ-ਕਲੂਟੀਆਂ ਛੱਤਾਂ
ਛੱਤਾਂ ਥੱਲੇ ਨਿੱਕੇ ਨਿੱਕੇ, ਘੁਰਨਿਆਂ ਵਰਗੇ ਕਮਰੇ
ਕਮਰਿਆਂ ਵਿਚ ਹਨੇਰਾ, ਸਿੱਲ੍ਹ, ਹੁੱਟ ਤੇ ਹੁੰਮਸ।

ਏਸ ਹਨੇਰੇ ਵਿਚ ਸਾਹ ਲੈਂਦੇ, ਬੁੱਢੇ ਬੱਚੇ ਜਵਾਨ ਅਤੇ ਮੁਟਿਆਰਾਂ
ਵੱਖਰੇ ਵੱਖਰੇ ਚਿਹਰੇ, ਧੁੱਪਾਂ ਛਾਵਾਂ ਵਰਗੇ।
ਪਰ ਸਭਨਾਂ ਦੀਆਂ ਅੱਖਾਂ ਇਕੋ ਜਿਹੀਆਂ
ਅੱਖਾਂ ਵਿਚ ਇਕੋ ਹੀ ਰੰਗ ਝਾਕਦਾ, ਧੁੰਦਲਾ ਧੁੰਧਲਾ ਰੰਗ, ਉਦਾਸੀ ਭਰਿਆ।

ਕੋਈ ਕੋਈ ਅੱਖ ਜਾਗਦੀ, ਧੁਖਦੀ, ਘੂਰ ਘੂਰ ਕੇ ਤਕਦੀ
ਜਿਉਂ ਧੁਖਦਾ ਹੈ ਭੁੱਬਲ ਵਿਚ ਅੰਗਿਆਰਾ
ਏਸੇ ਧੁਖਦੀ ਅੱਖ ਨੇ ਕੱਲ੍ਹ ਦਾ ਚਾਨਣ ਬਣਨਾ।
ਏਸੇ ਧੁਖਦੀ ਅੱਖ ਨੇ ਕੱਲ੍ਹ ਦਾ ਚਾਨਣ ਬਣਨਾ।।

### 2. ਜ਼ਖਮ

ਕੀ ਤਕਦੇ ਹੋ
ਕੀ ਵੇਖਣ ਆਏ ਹੋ?
ਬਾਹਰ ਤਾਂ ਚਿੱਟੀਆਂ ਪੱਟੀਆਂ
ਸਾਫ਼ ਪਲੱਸਤਰ ਲੱਗੇ।
ਮਾਰਫ਼ੀਮ ਤੇ ਕਾਮਪੋਜ਼ ਦੀ ਲੋਰੀ 'ਚ ਸੁੱਤੇ ਰੋਗੀ ਸਾਰੇ।
ਜ਼ਖਮ ਤਾਂ ਅੰਦਰ ਰਿਸਦੇ।

### 3. ਗੀਤ

ਕੂਕ ਕੂਕ ਦੁੱਖਾਂ ਦਾ ਰੋਣਾ
ਫੱਟਾ ਲਾ ਕੇ ਚੌਕ ਚੁਰਾਹੇ ਵਿਚ ਖਲੋਣਾ।
ਲਟ ਲਟ ਬਲਣਾ, ਭਾਂਬੜ ਬਣਨਾ
ਕਾਲ ਫਲੂਹੇ ਬਣ ਕੇ, ਚੌਗਿਰਦੇ ਖਿੰਡ ਜਾਣਾ।
ਅੰਦਰੇ ਅੰਦਰ ਧੁਖਦੇ ਰਹਿਣਾ
ਤੇ ਜੀਭਾ ਤੋਂ ਕੁਝ ਨਾ ਕਹਿਣਾ
ਦੁੱਖ ਦਾ ਪਰਬਤ ਹਿੱਕ 'ਤੇ ਸਹਿਣਾ।

ਅੰਦਰੋ ਅੰਦਰ ਧੁਖਦੇ ਰਹਿਣਾ
ਤੇ ਜੀਭਾ ਤੋਂ ਕੁਝ ਨਾ ਕਹਿਣਾ, ਗੀਤ ਬਣੇ ।
ਗੀਤ ਦੀ ਹੂਕ ਦਿਲਾਂ ਵਿਚ ਉੱਤਰੇ, ਪੀੜਾਂ ਕੁਤਰੇ ।।

## 4. ਦਹਿਸ਼ਤ

"ਦੂਰ ਸਮੁੰਦਰ ਵਿਚ ਧਮਾਕਾ ਹੋਇਆ
ਅਮਰੀਕਾ ਨੇ ਫਿਰ ਅਗਿਆਤ ਤਜਰਬਾ ਕੀਤਾ"

'ਅਫ਼ਗਾਨਾਂ ਦੇ ਦੇਸ਼ 'ਚੋਂ ਵਾਪਸ ਮੁੜੀਆਂ ਸੋਵੀਅਤ ਫ਼ੌਜਾਂ'

'ਦਿੱਲੀ ਦੀ ਕੋਈ ਦੁਰਘਟਨਾ'
'ਅੰਮ੍ਰਿਤਸਰ ਦੇ ਕੁਝ ਪਿੰਡਾਂ 'ਚੋਂ
ਕੁਝ ਟੱਬਰਾਂ ਦੇ ਕਤਲ ਦੀਆਂ ਖ਼ਬਰਾਂ ।'

ਦਹਿਸ਼ਤ ਦਾ ਦਰਬਾਰ, ਚਿੰਤਾ ਵੱਢ ਵੱਢ ਖਾਵੇ
ਰਾਤਾਂ ਬਣੀਆਂ ਡਾਇਣਾਂ, ਕੰਬਣ ਚਾਰੇ ਪਾਵੇ !
ਅੱਧੀ ਰਾਤ ਗੋਲੀਆਂ ਚੱਲਣ, 'ਵਾਜ ਗੁਆਂਢੋਂ ਆਵੇ।
ਕਿਸਦਾ ਘਰ ਸ਼ਮਸ਼ਾਨ ਹੋ ਗਿਆ, ਕੀ ਕੋਈ ਪੁੱਛਣ ਜਾਵੇ !

ਸੌਂ ਜਾ ਅੰਦਰੋਂ ਜੰਦਰੇ ਲਾ ਕੇ, ਝਾਤ ਨਾ ਕੋਈ ਪਾਵੇ ।
ਸੌਂ ਜਾ ਕੰਨ ਵਲ੍ਹੇਟ ਕੇ ਤੈਨੂੰ, ਵਿੜਕ ਨ ਕੋਈ ਆਵੇ ।

ਜੇ ਦਿਨ ਚੜ੍ਹਿਆ ਤਾਂ ਜਾਣਾਂਗੇ ।
ਸਮਾਚਾਰ ਪੱਤਰਾਂ ਨੇ ਕੂਕ ਕੂਕ ਕੇ ਸਭ ਕੁਝ ਦੱਸਣਾ।
ਰੇਡੀਓ ਟੈਲੀਵਿਜਨ ਦੀਆਂ ਖਬਰਾਂ ਵਿਚ
ਅਖਬਾਰਾਂ ਵਿਚ, ਲਾਸ਼ਾਂ ਦੀ ਗਿਣਤੀ ਹੋਵੇਗੀ ।
ਮੰਦਭਾਗੇ ਸੁੰਨਸਾਨ ਘਰਾਂ ਵਿਚ
ਥਾਂ ਥਾਂ ਡੁਲ੍ਹੇ ਲਾਲ ਲਹੂ ਦੇ, ਕਾਲੇ ਪਏ ਨਿਸ਼ਾਨ ਹੋਣਗੇ ।
ਸਿਆਸੀ ਦਲਾਂ ਦੇ ਆਗੂਆਂ ਵੱਲੋਂ
ਇਕ ਦੂਜੇ ਸਿਰ ਦੋਸ਼ ਥੱਪਦੇ ਧੂੰਆਂਧਾਰ ਬਿਆਨ ਹੋਣਗੇ।

ਸੌਂ ਜਾ ਕੰਨ ਵਲ੍ਹੇਟ ਕੇ ਤੈਨੂੰ, ਵਿੜਕ ਨਾ ਕੋਈ ਆਵੇ।
ਦਹਿਸ਼ਤ ਦੇ ਇਸ ਦੌਰ 'ਚ, ਹਰ ਕੋਈ ਆਪਣਾ ਆਪ ਬਚਾਵੇ।
ਅੱਖ ਨ ਦੇਖਣ ਭਾਵੇ, ਕੰਨ ਨ ਸੁਣਨ ਸੁਹਾਵੇ ! □

[20, ਜਰਮਨੀ ਦਾਸ ਪਾਰਕ, ਕਪੂਰਥਲਾ]



## ਕਵਿਤਾ ਦਾ ਜੁੱਗ ਕਦੀ ਨਹੀਂ ਬੀਤਦਾ/ਧਰਮ ਕੰਮੇਆਣਾ

ਕਵਿਤਾ ਦਾ ਜੁੱਗ ਕਦੀ ਨਹੀਂ ਬੀਤਦਾ
ਕਵਿਤਾ ਜ਼ਿੰਦਗੀ ਹੈ, ਜ਼ਿੰਦਗੀ ਕਵਿਤਾ ਹੈ
ਇਹ ਇਕ ਹੋਰ ਮਸਲਾ ਹੈ, ਕਿ ਹੁਣ ਅਸੀਂ
ਚਾਂਦਨੀਆਂ ਰਾਤਾਂ 'ਚ ਜੱਗ ਤੋਂ ਚੋਰੀ ਮਿਲਦੇ,
ਹੁਸੀਨ ਚਿਹਰਿਆਂ ਦੀ ਗਾਥਾ ਨਾ ਲਿਖੀਏ
ਸਗੋਂ ਉਸ ਰਿਕਸ਼ਾ ਚਾਲਕ ਨੂੰ ਚਿਤਰੀਏ,
ਜੋ ਚੋਰੀ-ਛਿਪੇ ਵਿਕਦੀ ਸਸਤੀ ਸ਼ਰਾਬ ਪੀ ਕੇ,
ਰਿਕਸ਼ਾ ਤੇ ਪਤਨੀ ਦੋਹਾਂ ਨੂੰ ਹੀ 'ਮੇਰੇ ਆਲੀ ਗੱਡੀ' ਆਖਦੈ
ਇੰਝ ਵੀ ਵਾਪਰ ਸਕਦੈ
ਕਿ ਚੁਗਿਰਦੇ ਦੀ ਕਠੋਰਤਾ ਸਾਥੋਂ ਫੁੱਲਾਂ ਦਾ ਜ਼ਿਕਰ ਖੋਹ ਲਵੇ
ਪਰ ਅਸੀਂ ਜਾਣਦੇ ਹਾਂ
ਕਿ ਲੋਹੇ ਦਾ ਜ਼ਿਕਰ ਵੀ ਕਵਿਤਾ ਹੁੰਦੈ—ਸ਼ਾਹਕਾਰ ਕਵਿਤਾ

ਖੇਤੀਂ ਕੱਸੀ ਦਾ ਪਾਣੀ ਲਾਉਂਦਿਆਂ
ਹੀਰ ਦੇ ਬੈਂਤ ਗਾਉਣ ਵਾਲਾ ਬਚਨਾ ਜੱਟ
(ਜੋ ਹਰਿਆਂ ਖੇਤਾਂ ਦੇ ਦੁਆਲੇ
ਕੰਡਿਆਂ ਦੀ ਵਾੜ ਬਣ ਕੇ ਸੁੱਕ ਗਿਆ)
ਆਪਣੇ ਨਾਂ ਬੋਲਦਾ ਜ਼ਮੀਨ ਦਾ ਆਖਰੀ ਟੋਟਾ;
ਕਨੇਡਾ ਵਾਲਿਆਂ ਦੇ ਨਾਂ ਕਰਾਕੇ
ਕਚਹਿਰੀਉਂ ਮੁੜ ਰਿਹਾ ਜੋ ਕੁੱਝ ਵੀ ਸੋਚ ਰਿਹਾ ਸੀ,
ਸਾਡੀ ਨਵੀਂ ਕਵਿਤਾ ਦਾ ਵਿਸ਼ਾ ਬਣੇਗਾ
ਸ਼ਹਿਰ ਦੀਆਂ ਬਰੂਹਾਂ 'ਤੇ ਬੈਠਾ ਪਿੰਡ
ਕਵਿਤਾ ਨਹੀਂ ਤਾਂ ਹੋਰ ਕੀ ਹੈ ?

ਹੱਸਣਾ ਕਵਿਤਾ ਹੈ
ਰੋਣਾ ਕਵਿਤਾ ਹੈ
ਲੜਨਾ ਕਵਿਤਾ ਹੈ
ਨਫ਼ਰਤ ਕਰਨਾ ਕਵਿਤਾ ਹੈ
ਅਨਿਆਂ ਦੇ ਖਿਲਾਫ ਉੱਠੀ ਹਰ ਆਵਾਜ਼ ਕਵਿਤਾ ਹੈ
ਕਵਿਤਾ ਦਾ ਜੁੱਗ ਕਦੀ ਨਹੀਂ ਬੀਤਦਾ
ਕਵਿਤਾ ਜ਼ਿੰਦਗੀ ਹੈ, ਜ਼ਿੰਦਗੀ ਕਵਿਤਾ ਹੈ

[ਪਿੰਡ ਤੇ ਡਾਕਘਰ: ਕੰਮੇਆਣਾ, ਜ਼ਿਲਾ ਫਰੀਦਕੋਟ-151203]

## ਦੋ ਗ਼ਜ਼ਲਾਂ/ਕਮਲ ਇਕਾਰਜ਼ੀ

**1**

ਬੇੜੀਆਂ ਦਾ ਪੁਲ ਬਣਾਇਆ ਜੋੜ ਕੇ ।
ਬੇਰਹਿਮ ਤੂਫ਼ਾਨ ਟਲਿਆ ਰੋੜ੍ਹ ਕੇ ।

ਪਰਤ ਕੇ ਲੱਭਿਆ ਨਾ ਇਕ ਤੀਲਾ ਕਿਤੇ,
ਮੈਂ ਗਿਆ ਸਾਂ ਆਸ਼ਿਯਾਨਾ ਛੋੜ ਕੇ ।

ਕੜਕਦੀ ਛਾਤੀ 'ਚ ਬਿਜਲੀ ਕਹਿਰ ਦੀ
ਕਿਸ ਤਰ੍ਹਾਂ ਰੱਖਾਂਗੇ ਅੱਥਰੂ ਹੋੜ ਕੇ ।

ਹੁਣ ਟਿਕੀ ਹੈ ਉਸ ਜਗ੍ਹਾ ਪੱਥਰ ਦੀ ਸਿਲ,
ਤੁਰ ਗਿਆ ਸੀ ਕਲ੍ਹ ਜੋ ਸ਼ੀਸ਼ਾ ਤੋੜ ਕੇ ।

ਜ਼ਿੰਦਗੀ ਆਈ ਤਾਂ ਸੀ ਘਰ ਵੀ ਮੇਰੇ,
ਨਾ ਪਛਾਣੀ ਭੀੜ ਲਏ ਦਰ ਮੋੜ ਕੇ ।

ਰੇਤ ਦਾ ਟਿੱਬਾ ਮੁਕੱਦਰ ਹੋ ਗਿਆ,
ਰਹਿ ਗਏ ਬੱਸ ਅੰਬਰਾਂ ਨੂੰ ਲੋੜ ਕੇ ।

**2**

ਕੌਣ ਮੇਰਾ ਖਿਆਲ ਕਰਦਾ ਹੈ ।
ਦਿਲ ਨਜ਼ਰ ਨੂੰ ਸਵਾਲ ਕਰਦਾ ਹੈ ।

ਚਾਨਣੀ ਰਾਤ ਹੈ ਤਨਹਾਈ ਹੈ,
ਜੀ ਰਿਹਾ ਹੈ ਕਮਾਲ ਕਰਦਾ ਹੈ ।

ਆਪ ਆਉਂਦਾ ਹੈ ਨਾ ਬੁਲਾਉਂਦਾ ਹੈ,
ਦਿਨ, ਮਹੀਨੇ ਤੇ ਸਾਲ ਕਰਦਾ ਹੈ ।

ਅੱਗ ਲਗੀ ਹੈ ਐਸੀ ਦਰਿਆ ਨੂੰ,
ਵੇਖ ਤੂਫ਼ਾਂ ਮਲਾਲ ਕਰਦਾ ਹੈ ।

ਰਾਸਤਾ ਰੋਕ ਨਾ ਹਵਾਵਾਂ ਦਾ,
ਹੈਸੀਅਤ ਨੂੰ ਕੰਗਾਲ ਕਰਦਾ ਹੈ ।

ਰੰਗ ਖੁਰਦੇ 'ਨੇ ਹਰਫ਼ ਭੁਰਦੇ ਨੇ,
ਕੌਣ ਸੁਰ ਦੀ ਸੰਭਾਲ ਕਰਦਾ ਹੈ ।

ਨਾਲ ਕੰਡਿਆਂ ਦੇ ਨਿਹੁੰ ਲਗਾ ਬੈਠਾ,
ਵੇਖੋ ਦਾਮਨ ਰੁਮਾਲ ਕਰਦਾ ਹੈ । □

[ਰਾਹੀਂ ਨਵਯੁਗ ਪਬਲਿਸ਼ਰਜ਼, ਪਲਈਅਰ ਗਾਰਡਨ ਮਾਰਕੀਟ, ਚਾਂਦਨੀ ਚੌਕ, ਦਿੱਲੀ]



## ਕੀੜਾ

ਰਘੁਬੀਰ ਢੰਡ

ਜੂਨ ਦਾ ਅੱਧ ਸੀ ਤੇ ਦਿਨ ਬਹੁਤ ਖਿੜਿਆ ਹੋਇਆ ਸੀ । ਘਰਾਂ ਦੀਆਂ ਚਿਮਨੀਆਂ 'ਤੇ ਟੰਗੇ ਅੰਟੇਨਿਆਂ ਉਤੇ ਬੈਠੀਆਂ ਚਿੜੀਆਂ ਆਪਣੇ ਪਿੰਡੇ ਸੁਕਾ ਰਹੀਆਂ ਸਨ । ਜਿਹੜੇ ਦਰਖ਼ਤਾਂ ਨੂੰ ਸਿਆਲ ਨੇ ਝੰਬ ਕੇ ਕਾਲੇ-ਕਲੋਟੇ ਬਣਾ ਦਿੱਤਾ ਸੀ, ਹੁਣ ਉਨ੍ਹਾਂ ਨੂੰ ਫੁੱਟੀਆਂ ਕਰੂੰਬਲਾਂ ਨੇ ਪੱਤਿਆਂ ਅਤੇ ਫੱਲਾਂ ਦਾ ਰੂਪ ਵਟਾ ਲਿਆ ਸੀ । ਹਵਾ ਇੰਨੀ ਮੱਧਮ ਕਿ ਦਰਖਤਾਂ ਦੀਆਂ ਟੀਸੀਆਂ ਇੰਜ ਤਾਲ ਵਿੱਚ ਹਿਲ ਰਹੀਆਂ ਸਨ ਜਿਵੇਂ ਖਿੜੀ-ਨਿੱਖਰੀ ਸ੍ਰਿਸ਼ਟੀ ਨੂੰ ਚੋਰ ਕਰ ਰਹੀਆਂ ਹੋਣ ।

''ਇੰਗਲੈਂਡ 'ਚ ਏਨਾ ਸੋਹਣਾ ਤੇ ਨਿੱਘਾ ਦਿਨ ਤਾਂ ਮਸਾਂ ਦੜ੍ਹਦੈ । ਨਹੀਂ ਜੀ ?''
ਮੇਰੀ ਪਤਨੀ ਖਾਸੇ ਮੋਹ ਨਾਲ ਬੋਲੀ ।

''ਹਾਂ, ਅੱਜ ਤਾਂ ਕੋਈ ਤੇਰੇ ਵਰਗੀ ਤੱਤੀ ਦੇਵੀ ਪਹਿਰੇ 'ਤੇ ਬੈਠੀ ਐ । ਨਹੀਂ ਜੀ ?''
ਮੇਰੇ ਅੰਦਾਜ਼ ਵਿੱਚ ਵੀ ਉਨਾ ਹੀ ਪਿਆਰ ਸੀ ।

''ਚੰਗਾ, ਚੰਗਾ, ਹੁਣ ਪਿਉ ਧੀ ਲੇਜ਼ੀਪਣਾ ਛੱਡੋ । ਖਾ ਲਵੋ ਜੋ ਖਾਣਾ ਈ । ਤੁਹਾਡੀ ਲਾਡਲੀ ਦੀਆਂ ਜਮਾਤਣਾਂ ਨੇ ਅ ਉਣੈ । ਭੈਣ ਜੀ ਤੇ ਭਰਾਤਾ ਜੀ ਦਾ ਵੀ ਆਉਣ ਬਾਰੇ ਟੈਲੀਫੋਨ ਆਇਆ ਹੋਇਐ । ਸਾਰੇ ਰਲਕੇ ਪਾਰਕ ਚੱਲਾਂਗੇ । ਮੈਂ ਛੇਤੀ-ਛੇਤੀ ਕੰਮ ਮੁਕਾ ਲਵਾਂ ।'' ਇੰਜ ਆਖ, ਮੇਰਾ ਜਵਾਬ ਉਡੀਕੇ ਬਿਨਾਂ ਹੀ, ਮੇਰੀ ਪਤਨੀ ਆਪਣੇ ਨਿੱਤਨੇਮ ਵਿਚ ਜੁਟ ਗਈ ।

ਸਨਿਚਰ-ਐਤਵਾਰ ਦੀ ਛੁੱਟੀ ਨਾਲ ਸੋਮਵਾਰ ਰਲਾ ਸਾਡੀ ਧੀ, ਨਿਮ੍ਰਤਾ, ਵੀ ਸਾਡੇ ਕੋਲ ਲੰਦਨੋਂ ਆਈ ਹੋਈ ਸੀ, ਜਿਥੇ ਉਹ ਡਾਕਟਰੀ ਕਰ ਰਹੀ ਸੀ-ਮਨੁੱਖਾਂ ਦੀ ਡਾਕਟਰੀ ! ਤੇ ਮੈਂ ਉਸ ਨਾਲ ਸਿਟਿੰਗ ਰੂਮ ਦੀ ਬਾਰੀ ਵਿੱਚੋਂ ਆਉਂਦੀ ਧੁੱਪ ਵਿੱਚ ਬੈਠਾ ਪੂਰੇ ਕੁਦਰਤੀ ਅੰਦਾਜ਼ ਵਿੱਚ ਮੂੰਹ ਆਇਆ ਬੋਲ ਰਿਹਾ ਸਾਂ । ਇੰਗਲੈਂਡ ਦੇ ਇਸ ਮਾਹੌਲ ਵਿੱਚ-ਜਿੱਥੇ ਪਚੰਨਵੇਂ ਫੀ ਸਦੀ ਲੋਕ ਸਾਨੂੰ ਆਪਣੇ ਨਹੀਂ ਸਮਝਦੇ-ਕਿਸੇ ਆਪਣੇ ਨਾਲ ਮੂੰਹ ਆਇਆ ਬੋਲਣਾ ਕੇਡੀ ਵੱਡੀ ਨਿਆਮਤ ਹੈ ! ਇਸ ਸਚਾਈ ਨੂੰ ਪੰਜਾਬੀ ਭਈਏ ਹੀ ਸਮਝ ਸਕਦੇ ਹਨ ।

''ਜੇ ਤੂੰ ਦੱਸਣਾ ਹੋਵੇ ਕਿ ਮੇਰੇ ਡੈਡੀ ਮੈਨੂੰ ਬਲੂੰਗੜੀ ਕਹਿ ਕੇ ਬੁਲਾਂਦੇ ਨੇ ਤਾਂ ਕਿਵੇਂ ਬੋਲਦੀ ਐਂ ?''

''ਬਲੂੰਗਰੀ ।'' ਉਹ ਬੋਲੀ ।

''ਪਤੈ ਇਹ ਟੈਲੀਫੂਨ ਆਪਾਂ ਨੇ ਕਿੰਨੇ ਦਾ ਖ਼ਰੀਦਿਐ ?'' ਮੈਂ ਫਿਰ ਪੁੱਛਿਆ ।

''ਹਾਂ । ਨਰਿਨਵੇਂ ਪੌਂਡ ਨਰਿਨਵੇਂ ਪੈਂਸ ਦਾ ।'' ਉਹ ਫਿਰ ਉਸੇ ਅੰਦਾਜ਼ ਵਿਚ ਬੋਲੀ।

ਮੈਂ ਜ਼ਰਾ ਗੰਭੀਰ ਹੋ ਗਿਆ। ਸੋਚਦਾ ਗਿਆ ਕਿ ਜੇ ਸਾਡੀ ਬੋਲੀ ਨੂੰ ਇੰਜ ਹੀ
ਅੰਗਰੇਜ਼ੀ ਦੀ ਪੁੱਠ ਚੜ੍ਹਦੀ ਗਈ ਤਾਂ ਇਕ ਦਿਨ ਉਹ ਵੀ ਆ ਜਾਵੇਗਾ ਜਦੋਂ ਲਫ਼ਜ਼
ਵਿਗੜ ਕੇ ਬੇਪਛਾਣ ਹੋ ਜਾਣਗੇ ਤੇ ਹਿਜੇ ਜਾਣੀ ਸ਼ਬਦਜੋੜ ਅਜਿਹੇ ਬੇਮਾਅਨੀ ਹੋ ਜਾਣਗੇ
ਕਿ ਉਨ੍ਹਾਂ ਵਿੱਚੋਂ ਭਾਰਤੀ ਰੰਗ ਲੱਭਣਾ ਔਖਾ ਹੋ ਜਾਵੇਗਾ। ਤੁਰਕੀ ਬੋਲੀ ਨਾਲ ਵੀ ਇੰਜ
ਹੀ ਹੋਇਆ ਸੀ। ਜਦੋਂ ਰੋਮਨ ਵਿਚ ਲਿਖੀ ਜਾਣ ਲੱਗੀ ਤਾਂ ਉਸ ਵਿਚੋਂ ਤੁਰਕੀ ਦੀ ਥਾਂ
ਟਰਕੀ ਦੀ ਖੁਸ਼ਬੂ ਆਉਣ ਲੱਗ ਪਈ।

"ਡੈਡੀ, ਕੀ ਸੋਚਣ ਲੱਗ ਪਏ ਹੋ?"... ਮੇਰੀ ਧੀ ਬੋਲੀ।

"ਕੁਝ ਨੀ।.. ਕਿਹੜੀ ਡਿਊਟੀ ਕਰ ਰਹੀ ਐਂ ਅੱਜਕਲ੍ਹ?"

"ਲੇਬਰ ਜਾਣੀ ਬੱਚੇ ਜੰਮਾਉਣ ਦੀ।" ਉਸ ਨੇ ਦੱਸਿਆ।

"ਅੱਛਾ!...ਕੁਝ ਦੱਸ ਏਹਦੇ ਬਾਰੇ।" ਮੈਂ ਉਤਸੁਕ ਹੋ ਪੁੱਛਿਆ।

"ਦੱਸਣ ਨਾਲ ਨੀ, ਆਪ ਵੇਖਣ ਜੰਮਾਉਣ ਨਾਲ ਪਤਾ ਲਗਦੈ। ਕਈ ਵਾਰ
ਘੰਟਿਆਂ-ਬੱਧੀ ਉਡੀਕ ਕਰਨੀ ਪੈਂਦੀ ਐ। ਬਹੁਤ ਬੋਰ ਹੋ ਜਾਈਦੈ। ਮੈਡੀਕਲ ਸਾਇੰਸ ਨੇ
ਤਰੱਕੀ ਤਾਂ ਬਥੇਰੀ ਕੀਤੀ ਐ, ਪਰ ਪੀੜ ਫੇਰ ਵੀ ਬਹੁਤ ਸਹਿਣੀ ਪੈਂਦੀ ਐ। ਚੀਕਾਂ
ਪੈਂਦੀਆਂ ਨੇ, ਪਸੀਨੇ ਛੁੱਟਦੇ ਨੇ, ਮਸਾਂ ਫੜ ਫੜ ਰੱਖੀਦੀਆਂ ਨੇ। ਹੁਣ ਤਾਂ ਅਸੀਂ ਪਤੀ
ਨੂੰ ਵੀ ਕੋਲ ਸੱਦ ਲੈਂਦੇ ਆਂ ਤਾਂ ਕਿ ਔਰਤ ਦੀ ਅਸਲੀ ਹਾਲਤ ਵੇਖ ਲਵੇ। ਪਰ ਜਦੋਂ
ਬੱਚਾ ਬਾਹਰ ਆ ਜਾਂਦੈ ਤਾਂ ਔਰਤ ਦੇ ਮੂੰਹ 'ਤੇ ਜਿਹੜਾ ਨੂਰ ਤੇ ਸ਼ਾਂਤੀ ਆਉਂਦੀ ਐ ਉਹ
ਬਿਆਨ ਨੀ ਕੀਤੀ ਜਾ ਸਕਦੀ। ਔਰਤ ਦੇਵੀ ਮਾਂ ਜਾਪਣ ਲਗਦੀ ਐ... ..."

ਗੱਲ ਦੀ ਲੜੀ ਟੁੱਟ ਗਈ। ਕਿਚਨ ਵਿਚੋਂ ਮੇਰੀ ਪਤਨੀ ਦੀ ਆਵਾਜ਼ ਆਈ :
"ਤੁਹਾਨੂੰ ਹਜ਼ਾਰ ਵਾਰ ਆਖਿਐ ਕਿ ਕੁੜੀ ਨੂੰ ਬਹੁਤਾ ਚੰਭਲਾਉ ਨਾ। ਇਹਦੀ ਡਾਕਟਰੀ
ਤੇ ਸ਼ਕਲ ਕਿਸੇ ਨੇ ਸ਼ੀਸ਼ੇ 'ਚ ਜੜਾ ਕੇ ਨੀ ਰੱਖਣੀ। ਇਹਨੂੰ ਰੋਟੀ ਟੁੱਕ ਦੇ ਕੰਮਾਂ 'ਚ
ਵੀ ਤਾਕ ਹੋਣਾ ਚਾਹੀਦੈ। ਨਾਸ਼ਤਾ ਬਣਾਉਣ ਲੱਗੀ ਵੀ ਕਿਚਨ 'ਚ ਏਨਾ ਖਲਜਗਣ
ਪਾਉਂਦੀ ਐ ਕਿ ਰਹੇ ਰੱਬ ਦਾ ਨਾਂ। ਹੁਣ ਇਹਨੂੰ ਆਖੋ ਕਿ ਕੁਝ ਖਾ ਪੀ ਲਵੇ ਤੇ ਤੁਹਾਨੂੰ
ਵੀ ਖੁਆ ਦੇਵੇ।"

ਮੇਰੀ ਪਤਨੀ ਨੇ ਕੰਮ ਦੇ ਨਾਲ-ਨਾਲ ਆਪਣਾ ਭਾਸ਼ਣ ਵੀ ਜਾਰੀ ਰੱਖਿਆ।
ਭਾਰਤੀ ਨਾਰੀ ਦੀ ਇਹੀ ਤਾਂ ਖੂਬੀ ਹੈ ਕਿ ਨਾ ਉਹਦਾ ਕੰਮ ਮੁਕਦਾ ਹੈ ਨਾ ਹੀ ਭਾਸ਼ਣ।

ਮੈਂ ਆਪਣੀ ਪਤਨੀ ਨੂੰ ਪਿਆਰ ਨਾਲ ਜਵਾਬ ਦਿੱਤਾ : "ਚਲੋ, ਕੋਈ ਗੱਲ ਨੀ।
ਆਪੇ ਸਿੱਖ ਜਾਵੇਗੀ ਜਦੋਂ ਸਿਰ 'ਤੇ ਪੈਣਗੀਆਂ। ਜ਼ਿੰਦਗੀ 'ਚ ਔਰਤ ਨੂੰ ਮਰਦ ਨਾਲੋਂ
ਬਹੁਤੇ ਕਸ਼ਟ ਝੱਲਣੇ ਪੈਂਦੇ ਨੇ। ਮੌਜ ਲੈਣ ਦੇ ਜਿੰਨਾ ਚਿਰ ਕੁਆਰੀ ਐ। ਉਂਜ ਵੀ ਕੁਝ
ਕਹਿਣ ਨੂੰ ਜੀਅ ਨੀ ਕਰਦਾ। ਛੋਟੇ ਹੁੰਦਿਆਂ ਦੀ ਬੇਬੇ ਮਰ ਗਈ ਸੀ। ਔਰਤ ਨੂੰ ਮੰਦਾ
ਬੋਲਣ ਦਾ ਹੌਸਲਾ ਹੀ ਨਹੀਂ ਰਿਹਾ। ਦੱਸ ਦੇ ਜੇ ਇਕੱਤੀਆਂ ਸਾਲਾਂ ਵਿਚ ਤੈਨੂੰ ਵੀ ਕਦੇ
ਮੰਦਾ ਬੋਲਿਆ ਹੋਵੇ ਤਾਂ।"

"ਤੁਹਾਡੀਆਂ ਇਹੀ ਗੱਲਾਂ ਤਾਂ ਮੋਹ ਲੈਂਦੀਆਂ ਨੇ ਅਗਲੇ ਨੂੰ।" ਇੰਜ ਆਖ ਮੇਰੀ
ਪਤਨੀ ਕਿਚਨ-ਪਲਾਂਟਾਂ ਨੂੰ ਪਾਣੀ ਦੇਣ ਲੱਗ ਪਈ।



ਮੇਰੀ ਧੀ ਨੇ ਚੈਲਿੰਜ ਕਬੂਲ ਕਰਦਿਆਂ ਆਖਿਆ : "ਚਲੋ, ਅੱਜ ਮੰਮੀ ਦੇ ਸਾਰੇ
ਉਲਾਂਭੇ ਲਾਹ ਦਿੰਦੀ ਆਂ। ਆਪਣੇ ਡੈਡੀ ਨੂੰ ਉਹਨਾਂ ਦੇ ਪਸੰਦ ਦਾ ਬਰੇਕਫਾਸਟ ਬਣਾ
ਕੇ ਦੇਵਾਂਗੀ। ਬੋਲ ਡੈਡੀ ਜੀ, ਕੀ ਖਾਵੋਗੇ?"

"ਬੀਨਜ਼ ਤੇ ਸੌਸੇਜਜ਼।" ਮੈਂ ਬੁੱਲ੍ਹਾਂ 'ਤੇ ਜੀਭ ਫੇਰਦਿਆਂ ਆਖਿਆ।

ਕਿਚਨ ਵਿਚ ਖਲਜਗਣ ਤਾਂ ਖੇਰ ਬਹੁਤ ਪਿਆ, ਪਰ ਬਰੇਕਫਾਸਟ ਮੇਜ਼ 'ਤੇ ਆ
ਗਿਆ। ਸਾਡੀ ਧੀ ਨੇ ਵੀ ਆਪਣਾ ਬਰੇਕਫਾਸਟ ਲੈ ਆਂਦਾ, ਜਿਸ ਵਿਚ ਸੌਸੇਜਜ਼ ਦੀ ਥਾਂ
ਫਿਸ਼-ਫਿੰਗਰਜ਼ ਸਨ।

"ਤੂੰ ਨੀ ਪਸੰਦ ਕਰਦੀ ਸੌਸੇਜਜ਼?"

"ਕਰਦੀ ਤਾਂ ਹਾਂ ਪਰ ਇਹ ਖਾਣੇ ਖਤਰਨਾਕ ਹੁੰਦੇ ਨੇ"। ਉਹ ਬੋਲੀ।

ਮੇਰੇ ਹੱਥਾਂ ਵਿਚ ਫੜਿਆ ਛੁਰੀ-ਕਾਂਟਾ ਥਾਏਂ ਜੰਮ ਗਿਆ। ਮੈਂ ਇਕ ਦਮ ਬੋਲਿਆ :
"ਖਤਰਨਾਕ! ਇਹ ਕਿਵੇਂ ਹੋ ਸਕਦੈ? ਸਾਰਾ ਜਹਾਨ ਖਾਂਦੈ ਸੌਸੇਜਜ਼। ਨਹੀਂ, ਨਹੀਂ,
ਤੂੰ ਮਖੌਲ ਕਰਦੀ ਐਂ।"

"ਨਹੀਂ ਮਖੌਲ ਨੀ ਕਰਦੀ। ਸੂਰ ਦੇ ਅੰਦਰ ਇਕ ਕੀੜਾ ਹੁੰਦੈ, ਜਿਸ ਨੂੰ ਪਿਗਵਰਮ
ਕਹਿੰਦੇ ਨੇ। ਉਹ ਛੇ ਫੁੱਟ ਤੀਕ ਲੰਮਾ ਵੀ ਹੋ ਸਕਦੈ। ਆਪਣੇ ਸਰੀਰ ਵਿਚ ਦਾਖਲ ਹੋ
ਕੇ ਆਂਤੜੀਆਂ 'ਚ ਲੁਕ ਜਾਂਦਾ ਹੈ ਤੇ ਅੰਦਰ ਬੈਠਾ ਸੂਰ ਵਾਂਗ ਖਾਈ ਜਾਂਦਾ ਹੈ।"

"ਇਹ ਤਾਂ ਤੂੰ ਬਹੁਤ ਬੜੀ ਗੱਪ ਮਾਰ ਰਹੀ ਐਂ। ਚਲੋ ਮੰਨ ਲੈਂਦੇ ਆਂ ਕਿ ਸੂਰ
ਦੇ ਅੰਦਰ ਹੁੰਦਾ ਹੋਵੇਗਾ ਕੋਈ ਕੀੜਾ। ਪਰ ਨਿਮ੍ਰਤਾ, ਸੂਰ ਨੂੰ ਵੱਢਿਆ ਜਾਂਦੈ, ਫਿਰ
ਉਹਦੇ ਮਾਸ ਦੇ ਟੁਕੜੇ ਕੀਤੇ ਜਾਂਦੇ ਨੇ, ਫਿਰ ਮਸ਼ੀਨਾਂ ਨਾਲ ਪੀਹ ਕੇ ਮਲੀਦਾ ਬਣਾਇਆ
ਜਾਂਦੈ, ਫਿਰ ਮਸ਼ੀਨਾਂ ਵਿਚੋਂ ਦੀ ਲੰਘਾ ਸੌਸੇਜਜ਼ ਰੋਲ ਬਣਾਏ ਜਾਂਦੇ ਨੇ। ਏਥੇ ਹੀ ਬੱਸ
ਨਹੀਂ। ਫਿਰ ਉਨ੍ਹਾਂ ਨੂੰ ਉਬਲਦੇ ਤੇਲ ਵਿਚ ਤਲਿਆ ਜਾਂਦੈ। ਕੀੜਾ ਕਿਵੇਂ ਜਿਉਂਦਾ
ਰਹਿ ਸਕਦੈ। ਨਹੀਂ, ਨਹੀਂ ਤੂੰ ਗੱਪ ਮਾਰਦੀ ਏਂ।"

ਨਿਮ੍ਰਤਾ ਨੇ ਬੜੀ ਗੰਭੀਰਤਾ ਨਾਲ ਆਖਿਆ : "ਨਹੀਂ ਡੈਡੀ ਜੀ, ਇਹ ਸੱਚ ਐ।
ਇਹ ਬੜਾ ਚਲਾਕ ਕੀੜਾ ਹੁੰਦਾ ਹੈ। ਜੇ ਚੰਗੀ ਤਰ੍ਹਾਂ ਕੁੱਕ ਨਾ ਕਰੀਏ ਤਾਂ ਜੀਂਦਾ ਰਹਿ
ਜਾਂਦੈ।"

"ਪਰ ਐਕਸ-ਰੇ ਵਿਚ ਤਾਂ ਆ ਜਾਂਦੈ ਕਿ ਨਹੀਂ?" ਮੈਂ ਡਰ ਗਿਆ ਸਾਂ।

"ਮੁਸ਼ਕਲ ਹੀ ਐ। ਆਂਤੜੀਆਂ ਫੁੱਟਬਾਲ ਦੀ ਗਰਾਊਂਡ ਜਿੰਨੀਆਂ ਲੰਮੀਆਂ
ਹੁੰਦੀਆਂ ਨੇ। ਉਨ੍ਹਾਂ ਵਿਚ ਕਿਤੇ ਵੀ ਲੁਕ ਕੇ ਬਹਿ ਸਕਦੈ। ਐਕਸ-ਰੇ ਦਾ ਕੋਈ ਫਾਇਦਾ
ਵੀ ਨਹੀਂ।"

ਮੈਂ ਬਹੁਤ ਫਿਕਰਮੰਦ ਹੋ ਗਿਆ। ਮੇਰੀ ਚਿੰਤਾ ਮੇਰੀ ਪਿਆਰੀ ਧੀ ਨੇ ਸਮਝਦਿਆਂ
ਆਖਿਆ : "ਪਰ ਤੁਸੀਂ ਕੋਈ ਫਿਕਰ ਨਾ ਕਰੋ। ਇਸ ਨੂੰ ਦਵਾਈਆਂ ਨਾਲ ਮਾਰ ਦਈਦਾ
ਹੈ। ਅਜੇ ਤੀਕ ਤੁਹਾਡੇ ਅੰਦਰ ਨਹੀਂ ਐ। ਅਗਾਂਹ ਨੂੰ ਧਿਆਨ ਰੱਖਣਾ।"

ਮੈਂ ਸੁਖ ਦਾ ਸਾਹ ਲਿਆ। ਸੌਸੇਜਜ਼ ਦੀ ਪਲੇਟ ਬਿਨਾਂ ਖਾਧਿਆਂ ਪਰ੍ਹਾਂ ਕਰਦਿਆਂ
ਪੁੱਛਿਆ : "ਇਹਦੀਆਂ ਕੀ ਨਿਸ਼ਾਨੀਆਂ ਹੁੰਦੀਆਂ ਨੇ?"

"ਇਹਦੀਆਂ ਨਿਸ਼ਾਨੀਆਂ ਹੁੰਦੀਆਂ ਨੇ : ਮਰੋੜ, ਸੁਸਤੀ ਵਗੈਰਾ ।"

ਫਿਰ ਮੇਰੀ ਧੀ ਮੈਨੂੰ ਰੰਗ 'ਚ ਲਿਆਉਣ ਲਈ ਮੈਨੂੰ ਗਲਵਕੜੀ ਪਾ ਆਖਣ ਲੱਗੀ : "ਤੁਸੀਂ ਨਾ ਐਵੇਂ ਫਿਕਰ ਕਰਨ ਲੱਗ ਜਾਣਾ । ਤੁਹਾਨੂੰ ਤਾਂ ਕਦੀ ਮਰੋੜ ਇੰਡੀਆ ਜਾ ਕੇ ਵੀ ਨਹੀਂ ਲੱਗੇ । ਚੁਸਤ ਤਾਂ ਸੁਖ ਨਾਲ ਤੁਸੀਂ ਏਨੇ ਹੋ ਕਿ ਮਸਾਂ ਪੱਚੀ ਸਾਲ ਦੇ ਮੁੰਡੇ ਲੱਗਦੇ ਹੋ । ਜਦੋਂ ਤੁਸੀਂ ਮੈਨੂੰ ਹੋਸਟਲ ਵਿਚ ਮਿਲਣ ਆਏ ਸੀ ਤਾਂ ਕੁੜੀਆਂ ਕਹਿੰਦੀਆਂ ਸਨ ਕਿ ਤੇਰਾ ਭਰਾ ਬੜਾ ਸਮਾਰਟ ਐ..."

ਬਾਹਰਲੇ ਬੂਹੇ 'ਤੇ ਵੱਜੀ ਘੰਟੀ ਨੇ ਕੀੜੇ ਤੇ ਮੇਰੀ ਚਿੰਤਾ ਦਾ ਭੋਗ ਪਾ ਦਿੱਤਾ ।

ਨਿਮ੍ਰਤਾ ਬੂਹਾ ਖੋਲ੍ਹਣ ਗਈ ਤੇ ਆਪਣੀਆਂ ਸਹੇਲੀਆਂ ਸਲਮਾ ਤੇ ਫ਼ਰਹਤ ਨੂੰ ਨਾਲ ਲੈ ਕੇ ਆ ਗਈ । ਜਦੋਂ ਉਹ ਸਿਟਿੰਗ ਰੂਮ ਵਿਚ ਦਾਖਲ ਹੋਈਆਂ ਤਾਂ ਜਾਪਿਆ ਜਿਵੇਂ ਕੋਹ-ਕਾਫ਼ ਦੀਆਂ ਪਰੀਆਂ ਧਰਤੀ 'ਤੇ ਉਤਰ ਆਈਆਂ । ਸਾਰਾ ਕਮਰਾ ਚਾਨਣ-ਚਾਨਣ ਹੋ ਗਿਆ : ਲੰਮੀਆਂ ਪਤਲੀਆਂ, ਚਿਣ-ਚਿਣ ਰੱਖੇ ਨੈਣ-ਨਕਸ਼, ਸੁਨੱਖੇ ਮੁਹਾਂਦਰੇ, ਲੰਮੇ-ਕਾਲੇ ਵਾਲਾਂ 'ਤੇ ਦੁੱਧ ਚਿੱਟੀਆਂ ਚੁੰਨੀਆਂ, ਚਿੱਟੇ ਕਮੀਜ਼ ਪਜਾਮੇ—ਸਾਰੇ ਰੰਗਾਂ ਦਾ ਕੁਝ ਅਜਿਹਾ ਸਮੇਲ ਕਿ ਨੁੱਕਰਾਂ ਵਿਚ ਪਏ ਪਲਾਂਟਾਂ 'ਤੇ ਲਹਿਰਾਂ ਲਹਿਰਾਉਣ ਲੱਗੀਆਂ ।

ਪਹਿਲਾਂ ਉਨ੍ਹਾਂ ਨੇ ਹੱਥ ਜੋੜ ਮੇਰੀ ਪਤਨੀ ਨੂੰ 'ਆਂਟੀ ਜੀ, ਨਮਸਤੇ' ਬੁਲਾਈ, ਫਿਰ ਗਲਵਕੜੀਆਂ ਪਾਈਆਂ । ਮੈਨੂੰ ਹੱਥ ਜੋੜ ਨਮਸਤੇ ਬੁਲਾਈ । ਫਿਰ ਸ਼ਾਨਦਾਰ ਲਾਹੌਰੀ ਪੰਜਾਬੀ ਵਿਚ ਗੱਲਾਂ ਕਰਨ ਲੱਗੀਆਂ । ਤੇ ਉਨ੍ਹਾਂ ਦੇ ਦੰਦ !...ਰੱਖੇ ਮੋਤੀ ਪਾਲ ਵਿਚ ਕਰਕੇ ਕਿਸੇ ਪਸੰਦ ! ਉਨ੍ਹਾਂ ਦੰਦਾਂ ਵਿਚੋਂ ਮਾਂ ਬੋਲੀ ਦਾ ਅੰਮ੍ਰਿਤ ਇੰਜ ਝਰ ਰਿਹਾ ਸੀ ਜਿਵੇਂ ਨਿੱਤਰਿਆ ਪਾਣੀ ਤ੍ਰਿਹਾਈਆਂ ਫਸਲਾਂ ਨੂੰ ਸਿੰਜ ਰਿਹਾ ਹੋਵੇ ।

"ਆਂਟੀ ਜੀ, ਨਿਮ੍ਰਤਾ ਆਖਦੀ ਪਈ ਸੀ ਕਿ ਤੁਹਾਡੇ ਪੇਕੇ ਅੰਮ੍ਰਿਤਸਰ ਨੇ ।" ਸਲਮਾ ਨੇ ਮੇਰੀ ਪਤਨੀ ਨੂੰ ਆਖਿਆ ।

"ਹਾਂ ਬੇਟਾ, ਮੇਰੇ ਪੇਕੇ ਅਟਾਰੀ ਨੇ, ਵਾਘੇ ਦੇ ਇਸ ਪਾਰ ।"

"ਆਂਟੀ ਜੀ, ਮੇਰੀ ਅੰਮੀ ਦੇ ਪੇਕੇ ਵੀ ਤੁਹਾਡੇ ਲਾਗੇ ਹੀ ਨੇ, ਵਾਘੇ ਦੇ ਉਸ ਪਾਰ । ਸਾਡੇ ਮਾਮਿਆਂ ਦੀਆਂ ਜ਼ਮੀਨਾਂ ਬਾਰਡਰ ਦੇ ਨਾਲ ਹੀ ਲਗਦੀਆਂ ਨੇ ।" ਫਰਹਤ ਨੇ ਆਖਿਆ ।

"ਫਿਰ ਤਾਂ ਤੁਸੀਂ ਸਾਡੀ ਅੰਮੀ ਦੀ ਭੈਣ ਹੋਈ ਕਿ । ਸਾਡੀ ਖਾਲਾ, ਸਾਡੀ ਮਾਸੀ ।" ਸਲਮਾ ਨੇ ਇਹ ਰਿਸ਼ਤਾ ਇੰਨੀ ਮੁਹੱਬਤ ਨਾਲ ਜੋੜਿਆ ਕਿ ਉਹਦੀਆਂ ਅੱਖਾਂ ਦੀ ਰੌਸ਼ਨੀ ਵਧ ਗਈ ।

"ਫਿਰ ਤਾਂ ਆਪਾਂ ਸਹੇਲੀਆਂ ਦੇ ਨਾਲ-ਨਾਲ ਭੈਣਾਂ ਵੀ ਹੋਈਆਂ ਕਿ ।" ਸਾਡੀ ਧੀ ਨਿਮ੍ਰਤਾ ਨੇ ਆਖਿਆ ।

"ਹਾਂ, ਇਹ ਤਾਂ ਬਹੁਤ ਹੀ ਚੰਗੀ ਗੱਲ ਹੋਈ । ਮਾਸੀ ਜੀ, ਤੁਸੀਂ ਫਰਹਤ ਨੂੰ ਰੱਖ ਲਵੋ । ਇਹ ਮੈਥੋਂ ਸੱਤ ਮਿੰਟ ਪਹਿਲਾਂ ਜੰਮ ਕੇ ਮੇਰੇ 'ਤੇ ਜਨਰਲ ਜ਼ਿਆ ਵਾਂਗ ਹੁਕਮ ਚਲਾਉਂਦੀ ਏ । ਨਿਮ੍ਰਤਾ ਮੈਥੋਂ ਸੱਤ ਮਹੀਨੇ ਛੋਟੀ ਏ । ਜ਼ਰਾ ਮੈਨੂੰ ਵੀ ਹੁਕਮ ਚਲਾਣ



ਦਾ ਮਜ਼ਾ ਚੱਖ ਲੈਣ ਦੇਵੋ ।" ਸਲਮਾ ਬੋਲੀ ।

ਕੁਝ ਠੰਡਾ ਪੀ ਕੇ ਕੁੜੀਆਂ ਦੂਜੇ ਕਮਰੇ ਵਿਚ ਆਪਣੇ ਹਾਣ ਦੀਆਂ ਗੱਲਾਂ ਕਰਨ ਚਲੀਆਂ ਗਈਆਂ । ਮੇਰੀ ਪਤਨੀ ਨੇ ਤਬਸਰਾ ਕੀਤਾ : "ਕਿੰਨੀਆਂ ਚੰਗੀਆਂ ਕੁੜੀਆਂ ਨੇ ! ਰੱਜ ਕੇ ਸੋਹਣੀਆਂ ਤੇ ਲਾਇਕ ਹੋਣ ਦੇ ਨਾਲ-ਨਾਲ ਸਾਦੀਆਂ ਤੇ ਮਿਲਣਸਾਰ ਕਿੰਨੀਆਂ ਨੇ ! ਵੇਖ ਲਵੋ ਇਨ੍ਹਾਂ ਲੋਕਾਂ ਨੇ ਆਪਣੀ ਕਲਚਰ ਤੇ ਜ਼ਬਾਨ ਕਿਵੇਂ ਕਾਇਮ ਰੱਖੀ ਹੋਈ ਐ । ਸਾਡੇ ਲੋਕਾਂ ਨੂੰ ਤਾਂ ਹਨੇਰੀ ਆਈ ਹੋਈ ਐ । ਦਿਨੋ-ਦਿਨ ਕਾਲੇ ਅੰਗਰੇਜ਼ ਬਣਦੇ ਜਾ ਰਹੇ ਨੇ ਤੇ ਸਾਡੀਆਂ ਸੋ-ਕਾਲਡ ਹਿੰਦੂ ਫੈਮਿਲੀਆਂ ! ਲੋੜ੍ਹਾ ਹੀ ਆਇਆ ਹੋਇਐ ਇਨ੍ਹਾਂ ਨੂੰ ਤਾਂ । ਆਪਣੀ ਬੋਲੀ ਨੂੰ ਏਨੀ ਨਫਰਤ ਕਰਦੇ ਨੇ ਜਿੰਨੀ ਸਾਊਥ ਇੰਡੀਆ ਵਾਲੇ ਹਿੰਦੀ ਨੂੰ ਨਹੀਂ ਕਰਦੇ ਹੋਣੇ ।"

ਬਾਹਰ ਫਿਰ ਘੰਟੀ ਹੋਈ । ਮੇਰੀ ਪਤਨੀ ਬੂਹਾ ਖੋਲ੍ਹਣ ਗਈ ਤਾਂ ਬਾਹਰਲੇ ਬੂਹੇ ਕੋਲ ਹੀ ਸ਼ੋਰ ਮੱਚਿਆ : ਵਾਹ ਧੰਨਭਾਗ । ਤੇਲ ਚੋਈਏ ? ਜੀਅ ਆਇਆਂ ਨੂੰ !

ਭਰਾਤਾ ਜੀ ਤੇ ਭੈਣ ਜੀ ਅੰਦਰ ਆ ਗਏ । ਮੈਂ ਉੱਠ ਕੇ ਬੜੀ ਸ਼ਰਧਾ ਨਾਲ ਗੋਡੀਂ ਹੱਥ ਲਾਏ ।

"ਨਹੀਂ, ਨਹੀਂ, ਕੇਵਲ ਨਮਸਤੇ ਹੀ ।" ਭਰਾਤਾ ਜੀ ਮੈਨੂੰ ਉਠਾਂਦਿਆਂ ਬੋਲੇ ।

ਭੈਣ ਜੀ ਮੇਰੀ ਸਕੀ ਭੈਣ ਨਹੀਂ ਸੀ; ਸਾਡੇ ਪਿੰਡ ਦੀ ਧੀ ਸੀ । ਵਰਤਦੀ ਸਕਿਆਂ ਵਾਂਗ ਸੀ । ਇਕਹਿਰੇ ਜਿਹੇ ਬਦਨ ਦੀ ਧੀਮੀ ਔਰਤ ਸੀ ਭੈਣ । ਉਂਜ ਤਾਂ ਮੈਥੋਂ ਦਸ ਸਾਲ ਤੇ ਮੇਰੀ ਪਤਨੀ ਨਾਲੋਂ ਸੋਲ੍ਹਾਂ ਸਾਲ ਵੱਡੀ ਸੀ, ਪਰ ਮੈਨੂੰ ਵੀਰ ਤੇ ਮੇਰੀ ਪਤਨੀ ਨੂੰ ਭਰਜਾਈ ਸੱਦਦੀ ਸੀ । ਕਿਸੇ ਦੀ ਨਿੰਦਿਆ ਚੁਗਲੀ ਨਹੀਂ ਕਰਦੀ ਸੀ । ਪਰ ਜੇ ਮਨ ਦਾ ਸਿੱਕਾ ਢਾਲਣਾ ਹੀ ਹੋਵੇ ਤਾਂ ਮੇਰੀ ਪਤਨੀ ਕੋਲ ਹੀ ਢਾਲਦੀ ਸੀ—ਸਪਸ਼ਟ ਤੇ ਨਿਰਸੰਕੋਚ ! ਰੱਖੜੀ ਵਾਲੇ ਦਿਨ ਪੂਰੇ ਸਗਨਾਂ ਨਾਲ ਮੇਰੇ ਰੱਖੜੀ ਬੰਨ੍ਹਣ ਆਉਂਦੀ । ਪਹਿਰਾਵੇ ਤੇ ਵਿਵਹਾਰ ਤੋਂ ਪੁਰਾਤਨ ਹਿੰਦੂ ਔਰਤ ਦੀ ਜੀਂਦੀ-ਜਾਗਦੀ ਤਸਵੀਰ ਸੀ । ਜਦੋਂ ਭਰਾਤਾ ਜੀ, ਜਾਣੀ ਭੈਣ ਦੇ ਪਤੀ ਦੇਵ, ਤੇ ਮੈਂ ਗਰਮਾ-ਗਰਮ ਬਹਿਸ ਕਰਦੇ ਸਾਂ ਤਾਂ ਭੈਣ ਵਿਚਾਰੀ ਫਸ ਜਾਂਦੀ ਸੀ ਤੇ ਇਹ ਆਖ ਚੁੱਪ ਸਾਧ ਲੈਂਦੀ ਸੀ : ਭਰਾ ਕੌਮਨਿਸਟ ਏ ਤੇ ਪਤੀ ਜਨ ਸੰਘੀ, ਮੈਂ ਹੁਣ ਕੀ ਬੋਲਾਂ ?...ਪਰ ਮੇਰੀ ਪਤਨੀ, ਜਿਹੜੀ ਮੇਰੇ ਲੈਕਚਰ ਸੁਣ-ਸੁਣ ਪਹਿਲਾਂ ਅੱਕੀ ਸੀ, ਫਿਰ ਥੱਕੀ ਸੀ ਤੇ ਹੁਣ ਮੈਨੂੰ ਅਣਡਿੱਠ ਕਰਨ ਵਿਚ ਹੀ ਮੁਕਤੀ ਸਮਝਦੀ ਸੀ, ਭੈਣ ਨੂੰ ਇਸ ਸੰਕਟ ਵਿਚੋਂ ਕੱਢਣ ਲਈ ਮੈਦਾਨ ਵਿਚ ਨਿੱਤਰਦੀ ਸੀ । ਅੱਜ ਵੀ ਨਿੱਤਰੀ : "ਆਉ ਭੈਣ ਜੀ, ਆਪਾਂ ਦੂਜੇ ਕਮਰੇ 'ਚ ਕਬੀਲਦਾਰੀ ਦੀਆਂ ਗੱਲਾਂ ਕਰਦੇ ਆਂ । ਡਰਾਇੰਗ ਰੂਮ ਸਿਆਸਤਦਾਨ ਨੇ; ਪਤਾ ਨੀ ਕਦੋਂ ਹਟਣਗੇ ।"

ਅਸੀਂ ਦੋਵੇਂ ਰਹਿ ਗਏ ਭਾਰਤੀ ਸਿਆਸਤ ਦੀ ਫੂਕ ਨਿਕਲੀ ਫੁੱਟਬਾਲ ਨੂੰ ਕਿੱਕਾਂ ਮਾਰਨ ਲਈ ।

"ਕੇਰਲਾ ਵਿਚ ਤੁਸੀਂ ਸਾਡੇ ਵਰਕਰਾਂ ਨੂੰ ਮਾਰ ਰਹੇ ਹੋ ।" ਭਰਾਤਾ ਜੀ ਬੈਠਦਿਆਂ ਹੀ ਸ਼ੁਰੂ ਹੋ ਗਏ ।

"ਅਸੀਂ ਕਿਉਂ ਮਾਰਾਂਗੇ ? ਲੋਕਾਂ ਦਾ ਅਸਲੀ ਰਾਜ ਲਿਆਉਣ ਵਾਲੇ ਕਦੀ ਵੀ
ਆਮ ਲੋਕਾਂ ਨੂੰ ਨਹੀਂ ਮਾਰਦੇ ਹੁੰਦੇ। ਇਤਿਹਾਸ ਗਵਾਹ ਹੈ। ਇਹ ਕੰਮ ਤਾਂ ਅੱਤਵਾਦੀ
ਤੇ ਸ਼ੋਵਨਵਾਦੀ ਕਰਦੇ ਹੁੰਦੇ ਨੇ। ਸਗੋਂ ਤੁਸੀਂ ਹੋ ਜਿਹੜੇ ਸਾਡੇ ਵਰਕਰਾਂ ਨੂੰ ਮਾਰ ਰਹੇ
ਹੋ। ਮੁਸਲਮਾਨ ਭਰਾਵਾਂ ਨੂੰ ਮਾਰ ਰਹੇ ਹੋ। ਈਸਾਈਆਂ ਦਾ ਜੀਣਾ ਹਰਾਮ ਕੀਤਾ
ਹੋਇਆ ਤੁਸੀਂ। ਇਹੀ ਹੈ ਤੁਹਾਡਾ ਆਦਰਸ਼ਕ ਹਿੰਦੂ ਰਾਜ : ਇਹ ਤਾਂ ਸਾਮਰਾਜ ਐ।"
ਮੈਂ ਗਰਮੀ ਖਾ ਆਖਿਆ।

ਪਰ ਭਰਾਤਾ ਜੀ ਸਨ ਕਿ ਕਦੀ ਗਰਮੀ ਖਾਂਦੇ ਹੀ ਨਹੀਂ ਸਨ। ਬੜੀ ਸ਼ਾਂਤੀ
ਨਾਲ ਬੋਲੇ : ਅਸੀਂ ਨਾ ਮਾਰ ਰਹੇ ਹਾਂ, ਨਾ ਡਰਾ ਰਹੇ ਹਾਂ। ਸਾਡਾ ਉਦੇਸ਼ ਤਾਂ ਪ੍ਰੇਮ ਦੀ
ਵਰਖਾ ਕਰਨਾ ਹੈ। ਮੁਸਲਮਾਨਾਂ ਨੂੰ ਭਾਰਤ ਦਾ ਏਡਾ ਵੱਡਾ ਟੁਕੜਾ ਤਾਂ ਕੱਟ ਕੇ ਦੇ
ਦਿੱਤਾ, ਹੁਣ ਉਹ ਇਸ ਦੇਸ਼ ਵਿਚ ਰਹਿਣ ਦਾ ਕੀ ਹੱਕ ਰੱਖਦੇ ਹਨ। ਪਾਕਿਸਤਾਨ ਜਾਣ।
ਜਿਥੋਂ ਤੀਕ ਈਸਾਈਆਂ ਦਾ ਸੰਬੰਧ ਹੈ, ਉਹ ਗਰੀਬ ਹਿੰਦੂਆਂ ਨੂੰ ਭਰਮਾ ਕੇ ਈਸਾਈ
ਬਣਾ ਰਹੇ ਨੇ। ਜਿਹ ਤੇ ਹਮ ਨਹੀਂ ਹੋਨੇ ਦੇਂਗੇ।"

"ਭਾਰਤ ਇਕ ਸੈਕੂਲਰ ਦੇਸ਼ ਐ। ਇਸ ਵਿਚ ਹਰ ਮਜ਼ਹਬ ਦੇ ਲੋਕ ਬਰਾਬਰੀ
ਨਾਲ ਰਹਿਣ ਦਾ ਹੱਕ ਰੱਖਦੇ ਨੇ", ਮੈਂ ਖਿਝ ਕੇ ਆਖਿਆ।

"ਭਾਰਤ ਹਿੰਦੂਆਂ ਦਾ ਦੇਸ਼ ਹੈ। ਉਹੀ ਇਥੋਂ ਦੇ ਆਦੀ ਵਸਨੀਕ ਨੇ। ਮੁਸਲਮਾਨ
ਤੇ ਈਸਾਈ ਸ਼ੁਧੀ ਕਰਵਾ ਮੁੜ ਆਪਣੀ ਜੜ ਨਾਲ ਜੁੜ ਜਾਣ ਤੇ ਪਵਿੱਤਰ ਹੋ ਜਾਣ।
...ਹਾਂ ਕੌਮਨਿਸਟ ਵਿਦੇਸ਼ੀ ਮਾਦਾ ਹੈ। ਦੇਸ਼ ਦੇ ਗੱਦਾਰ ਨੇ। ਰੂਸ ਚੀਨ ਦੇ ਏਜੰਟ
ਨੇ। ਉਥੇ ਚਲੇ ਜਾਣ।" ਇੰਜ ਆਖ ਭਰਾਤਾ ਜੀ ਜ਼ਰਾ ਮੁਸਕਾਏ ਤਾਂ ਕਿ ਮੈਨੂੰ ਮੇਰੀ
ਜ਼ਾਤ ਦਾ ਅਹਿਸਾਸ ਹੋ ਜਾਵੇ।

ਮੈਨੂੰ ਉਨ੍ਹਾਂ ਦੀਆਂ ਗੱਲਾਂ ਨਾਲੋਂ ਉਨ੍ਹਾਂ ਦੇ ਅੰਦਾਜ਼ੇ-ਬਿਆਨ 'ਤੇ ਜ਼ਿਆਦਾ ਗੁੱਸਾ
ਆ ਰਿਹਾ ਸੀ। ਮੈਂ ਤੈਸ਼ ਵਿਚ ਬੋਲਿਆ : "ਪਰ ਤੁਸੀਂ ਕੀ ਹੋ ? ਜੇ ਤੁਹਾਡਾ ਰਾਜ ਆ
ਗਿਆ ਤਾਂ ਆਇਤ ਉਲਾ ਖੁਮੈਨੀ ਟੰਗਵੀਂ ਧੋਤੀ ਪਾ ਤੇ ਤਿਲਕ ਲਾ ਦਿੱਲੀ ਦੀ ਗੱਦੀ
'ਤੇ ਬਿਰਾਜਮਾਨ ਹੋ ਜਾਵੇਗਾ। ਉਸੇ ਦਿਨ ਤੁਸੀਂ ਫੌਜੀ ਅੱਡੇ ਬਣਾਉਣ ਲਈ ਭਾਰਤ ਨੂੰ
ਅਮ੍ਰੀਕਣ ਸਾਮਰਾਜ ਕੋਲ ਗਹਿਣੇ ਧਰ ਦੇਵੋਗੇ।"

ਪਰ ਇਹ ਕੇਹੀ ਅਜੀਬ ਗੱਲ ਸੀ ਕਿ ਇਸ ਸਾਰੀ ਨੋਕ-ਝੋਕ ਦੇ ਬਾਵਜੂਦ ਮੈਂ
ਭਰਾਤਾ ਜੀ ਨੂੰ ਬਹੁਤ ਪਸੰਦ ਕਰਦਾ ਸਾਂ। ਉਹ ਇੰਨੇ ਨਿਮਰ ਸਨ ਕਿ ਮੇਰੀ ਧੀ ਨਿਮ੍ਰਤਾ
ਨੂੰ ਵੀ 'ਨਿਮ੍ਰਤਾ ਜੀ' ਕਹਿ ਕੇ ਬੁਲਾਉਂਦੇ ਸਨ। ਉਹ ਇੰਨੇ ਬੇਗਰਜ਼ ਇਨਸਾਨ ਸਨ ਕਿ
ਸਾਰੀ ਜ਼ਿੰਦਗੀ ਇੰਗਲੈਂਡ ਵਿਚ ਰਹਿ ਕੇ ਵੀ ਉਨ੍ਹਾਂ ਕੋਲ ਆਪਣਾ ਘਰ ਨਹੀਂ ਸੀ।
ਉਨ੍ਹਾਂ ਨੇ ਆਪਣੀ ਉਮਰ ਭਰ ਦੀ ਕਮਾਈ ਸੰਘ ਦੀਆਂ ਸਰਗਰਮੀਆਂ ਵਿਚ ਰੋੜ੍ਹ ਦਿੱਤੀ
ਸੀ। ਉਨ੍ਹਾਂ ਦੀ ਸਾਦਗੀ ਤੇ ਭੋਲੇਪਣ ਬਾਰੇ ਭੈਣ ਅਕਸਰ ਆਖਿਆ ਕਰਦੀ ਸੀ : "ਵੀਰ,
ਏਹਨਾਂ ਨੂੰ ਦੋਸਤ ਦੁਸ਼ਮਣ ਦੀ ਕੋਈ ਪਛਾਣ ਨਹੀਂ ਹੈ। ਨਾ ਇਹਨਾਂ ਨੂੰ ਪਤਾ ਲਗਦੈ
ਕਿ ਕਿਸੇ ਨੇ ਗੱਲ ਲਾ ਕੇ ਕੀਤੀ ਹੈ ਜਾਂ ਸੁਭਾਵਕ। ਸੜਕ 'ਤੇ ਤੁਰੇ ਜਾਂਦੇ ਦਸ ਬੰਦਿਆਂ ਨੂੰ
ਰੋਟੀ ਦਾ ਨਿਮੰਤਰਣ ਦੇ ਆਉਣਗੇ ਤੇ ਆਪ ਪਲੇਟ ਧੋਣੀ ਵੀ ਨਹੀਂ ਆਉਂਦੀ। ਸੰਘੀਆਂ



ਦੀਆਂ ਰੋਟੀਆਂ ਪਕਾ-ਪਕਾ ਮੈਨੂੰ ਪੈਂਤੀ ਸਾਲ ਦੀ ਉਮਰ ਵਿਚ ਹੀ ਗਠੀਏ ਦੀ ਸ਼ਕਾਇਤ
ਹੋ ਗਈ ਸੀ। ਜੇ ਖਿਝ ਜਾਵਾਂ ਤਾਂ ਅੱਗੋਂ ਹੱਸਣ ਲੱਗ ਜਾਣਗੇ। ਬੱਚੇ ਆਖਦੇ ਨੇ ਕਿ
ਪਿਤਾ ਜੀ ਨੂੰ ਦੁਨੀਆਂਦਾਰੀ ਦਾ ਕੋਈ ਗਿਆਨ ਨਹੀਂ ਹੈ। ਲੋਕਾਂ ਨੇ, ਇਥੋਂ ਤੀਕ ਕਿ
ਤੁਸੀਂ ਕੌਮਨਿਸਟਾਂ ਨੇ ਵੀ, ਇੰਗਲੈਂਡ ਵਿਚ ਲੱਖਾਂ ਦੀਆਂ ਜਾਇਦਾਦਾਂ ਬਣਾ ਲਈਆਂ ਨੇ
ਪਰ ਸਾਡੇ ਕੋਲ ਆਪਣਾ ਕੋਈ ਘਰ ਵੀ ਨਹੀਂ ਹੈ। ਬੱਸ ਜਿਵੇਂ ਤੁਲਸੀ ਦਾਸ ਦੇ ਰੋਮ-
ਰੋਮ ਵਿਚ ਰਾਮ ਵਸਿਆ ਹੋਇਆ ਸੀ ਇਨ੍ਹਾਂ ਦੀ ਘਟ-ਘਟ ਵਿਚ ਸੰਘ ਵਸੀ
ਹੋਈ ਐ।"

ਭੈਣ ਜਦੋਂ ਇੰਜ ਆਖਦੀ ਤਾਂ ਮੈਂ ਜਾਚ ਲੈਂਦਾ ਕਿ ਦੂਜਿਆਂ ਦੇ ਮੁਕਾਬਲੇ ਵਿਚ
ਆਪਣੀ ਗਰੀਬੀ ਦਾ ਅਹਿਸਾਸ ਕਰਕੇ ਭੈਣ ਦੀਆਂ ਗੱਲਾਂ ਵਿਚ ਲੁਕਵੀਂ ਕੁੜ੍ਹਿਤਣ ਤੇ
ਉਦਾਸੀ ਭਰ ਜਾਂਦੀ। ਮੈਂ ਭੈਣ ਨੂੰ ਤਸੱਲੀ ਦੇਣ ਲਈ ਆਖਦਾ : "ਭੈਣ ਇਨ੍ਹਾਂ ਨੂੰ ਲੱਗੇ
ਰਹਿਣ ਦੇ ਜਿਧਰ ਲੱਗੇ ਹੋਏ ਨੇ। ਇਥੇ ਪੱਛਮ ਵਿਚ ਆਪਣਾ ਸਭ ਕੁਝ ਟੁੱਟਦਾ ਜਾ
ਰਿਹਾ ਹੈ। ਇਨਸਾਨ ਨੂੰ ਜੀਣ ਲਈ ਕੋਈ ਰੁਝੇਵਾਂ ਤਾਂ ਚਾਹੀਦੈ, ਚਾਹੇ ਉਹ ਜਨ ਸੰਘ
ਹੀ ਕਿਉਂ ਨਾ ਹੋਵੇ।"

'ਵੇਖਿਆ, ਏਹ ਕੌਮਨਸ਼ਟ ਕਿਵੇਂ ਵਿਅੰਗ ਕਸਦੇ ਨੇ!" ਭਰਾਤਾ ਜੀ ਮੁਸਕਾਂ-
ਦਿਆਂ ਬੋਲੇ।

ਸਲਮਾ ਤੇ ਫਰਹਤ ਆਪਣੇ ਘਰ ਜਾਣ ਲਈ ਵਿਦਾਇਗੀ ਲੈਣ ਆ ਗਈਆਂ
ਸਨ। ਤੁਰਨ ਤੋਂ ਪਹਿਲਾਂ ਕਹਿਣ ਲੱਗੀਆਂ, "ਮਾਜੀ ਜੀ, ਇਹਨਾਂ ਨਾਲ ਵੀ ਸਾਡੀ
ਜਾਣ-ਪਹਿਚਾਣ ,ਕਰਵਾਓ ਨਾ।"

"ਬੇਟਾ, ਇਹ ਨਿਮ੍ਰਤਾ ਦੇ ਭੂਆ ਜੀ ਨੇ।"

ਉਹ ਇਕਦਮ ਭੈਣ ਜੀ ਵੱਲ ਉਲਰੀਆਂ ਤੇ ਗਲਵਕੜੀਆਂ ਪਾ ਆਖਣ ਲੱਗੀਆਂ :
"ਫਿਰ ਤੇ ਤੁਸੀਂ ਸਾਡੇ ਵੀ ਭੂਆ ਜੀ ਹੋਏ ਕਿ। ਨਮਸਤੇ ਭੂਆ ਜੀ!"

"ਨਮਸਤੇ ਬੇਟਾ", ਆਖ ਭੈਣ ਨੇ ਦੋਹਾਂ ਦੇ ਮੱਥੇ ਚੁੰਮੇ।

"ਇਹ ਮੇਰੇ ਫੁੱਫੜ ਜੀ ਨੇ।" ਨਿਮ੍ਰਤਾ ਨੇ ਭਰਾਤਾ ਜੀ ਵੱਲ ਇਸ਼ਾਰਾ ਕਰਦਿਆਂ
ਆਖਿਆ।

ਉਨ੍ਹਾਂ ਨੇ ਭਰਾਤਾ ਜੀ ਨੂੰ ਵੀ ਬੜੇ ਆਦਰ ਨਾਲ ਹੱਥ ਜੋੜ ਨਮਸਤੇ ਬੁਲਾਈ।
ਮੈਂ ਆਪਣੀ ਧੀ ਨੂੰ ਮੁੜ ਮਜ਼ਾਕ ਕੀਤਾ, "ਫੁੱਫੜ ਬੋਲਣਾ ਨੀ ਆਉਂਦਾ ਤੇ ਬਣਨ ਚੱਲੀ
ਐ ਡਾਕਟਰ।"

"ਪਰ ਅੰਕਲ ਜੀ, ਅਸੀਂ ਤਾਂ ਆਖ ਸਕਨੀਆਂ ਫੁੱਫੜ ਜੀ।" ਸਲਮਾ ਤੇ ਫਰਹਤ
ਨੇ ਵਾਰੀ-ਵਾਰੀ ਆਖਿਆ।

ਫਿਰ ਉਹ ਨਿਮ੍ਰਤਾ ਵੱਲ ਹੋਈਆਂ ਤੇ ਆਖਣ ਲੱਗੀਆਂ, "ਤੂੰ ਫੂਫਾ ਜੀ ਆਖ
ਲਿਆ ਕਰ ਨਾ।"

ਜਦੋਂ ਨਿਮ੍ਰਤਾ ਉਨ੍ਹਾਂ ਨੂੰ ਕਾਰ ਵਿਚ ਬਿਠਾ ਵਾਪਸ ਆਈ ਤਾਂ ਮੈਨੂੰ ਆਖਣ ਲੱਗੀ :

"ਡੈਡੀ, ਜਦੋਂ ਤੁਸੀਂ ਫ਼ੁੱਫਰ ਜੀ ਨਾਲ ਬਹਿਸ ਕਰਦੇ ਹੋ ਤਾਂ ਆਏਂ ਰੌਲਾ ਪਾਉਂਦੇ ਹੋ ਜਿਵੇਂ ਇੰਡੀਆ 'ਚ ਲਾਊਡ ਸਪੀਕਰ ਬਲਦੇ ਨੇ। ਬਹਿਸ ਫੁੱਫਰ ਜੀ ਵੀ ਕਰਦੇ ਨੇ, ਪਰ ਵੇਖੋ ਕਿੰਨੇ ਠਰ੍ਹੰਮੇ ਨਾਲ ਬੋਲਦੇ ਨੇ।"

"ਬੇਟਾ ਨਿਮ੍ਰਤਾ ਜੀ, ਇਹ ਕੌਮਨਿਸਟ ਪਹਿਲਾਂ ਰੌਲਾ ਪਾਉਣ ਦੀ ਹੀ ਪੀ.ਐਚ ਡੀ. ਕਰਦੇ ਨੇ। ਕੌਮਨਿਸਟ ਹੋਏ, ਬੀਮੇ ਦੇ ਏਜੰਟ ਹੋਏ, ਗੱਡੀਆਂ 'ਚ ਦਵਾਈਆਂ ਵੇਚਣ ਵਾਲੇ ਹੋਏ, ਬੱਸ ਲਸੂੜੇ ਦੀ ਗਿਟਕ ਵਾਂਗ ਚਿੱਬੜ ਜਾਂਦੇ ਨੇ।" ਭਰਾਤਾ ਜੀ ਨੇ ਆਖਿਆ ਤੇ ਸਾਰੇ ਹੱਸ ਪਏ।

ਭਰਾਤਾ ਜੀ ਆਪਣੀ ਉਦਾਰ ਫਿਤਰਤ ਅਨੁਸਾਰ ਹਰ ਆਉਣ-ਜਾਣ ਵਾਲੇ ਵਿਚ ਦਿਲਚਸਪੀ ਲੈਂਦੇ ਸਨ। ਇਸ ਲਈ ਉਨ੍ਹਾਂ ਨੇ ਪੁੱਛਿਆ: "ਇਹ ਬੇਟਾ ਤੇਰੀਆਂ ਸਹੇਲੀਆਂ ਨੇ?"

"ਹਾਂ ਫੁੱਫਰ ਜੀ, ਇਹ ਮੇਰੇ ਨਾਲ ਹੀ ਮੈਡੀਸਨ ਕਰਦੀਆਂ ਨੇ।"

— ਕਮਾਲ ਏ! ਨਿਰੀਆਂ ਤਸਵੀਰਾਂ ਨੇ। ਜਿੰਨੀਆਂ ਸੁੰਦਰ ਉਨੀਆਂ ਹੀ ਲਾਇਕ। ਕਿੰਨੇ ਖ਼ੁਸ਼ਕਿਸਮਤ ਹੋਣਗੇ ਮਾਪੇ ਜਿਹਨਾਂ ਦੀਆਂ ਇਹ ਧੀਆਂ ਨੇ। ਦੋਵੇਂ ਏਥੇ ਹੀ ਰਹਿੰਦੀਆਂ ਨੇ?

—ਹਾਂ ਭੂਆ ਜੀ, ਏਥੇ ਹੀ ਰਹਿੰਦੀਆਂ ਨੇ। ਸਕੀਆਂ ਭੈਣਾਂ ਨੇ।

— ਤੇ ਲਾਇਕ ਏਨੀਆਂ ਨੇ ਕਿ ਦੋਹਾਂ ਨੇ ਗਿਆਰ੍ਹਾਂ-ਗਿਆਰ੍ਹਾਂ ਓ-ਲੈਵਲ ਤੇ ਚਾਰ-ਚਾਰ ਏ-ਲੈਵਲ ਕੀਤੇ ਹੋਏ ਨੇ ਤੇ ਸਾਰੀਆਂ ਏਆਂ ਨੇ। ਇਹ ਤਾਂ ਆਕਸਫੋਰਡ ਤੇ ਕੈਂਬ-ਰਿਜ ਵੀ ਜਾ ਸਕਦੀਆਂ ਸਨ।...ਮੇਰੀ ਪਤਨੀ ਨੇ ਇੰਜ ਮਾਣ ਨਾਲ ਦੱਸਿਆ ਜਿਵੇਂ ਇਹ ਉਹਦੀਆਂ ਆਪਣੀਆਂ ਧੀਆਂ ਹੋਣ।

"ਸਾਰੇ ਏ ਗਰੇਡ!" ਆਖ ਭਰਾਤਾ ਜੀ ਚੌਂਕੇ। ਫਿਰ ਆਪਣੇ ਉਸੇ ਸੁਭਾਵਕ ਠਰ੍ਹੰਮੇ ਨਾਲ ਕਹਿਣ ਲੱਗੇ," ਫਿਰ ਤਾਂ ਸਾਰੇ ਇੰਗਲੈਂਡ ਵਿਚੋਂ ਲਾਇਕ ਹੋਈਆਂ ਕਿ! ਦਰਅਸਲ ਹਿੰਦੂ ਖ਼ੂਨ ਵਿਚ ਗਿਆਨ ਦੇ ਸਮੁੰਦਰ ਠਾਠਾਂ ਮਾਰ ਰਹੇ ਨੇ। ਹਿੰਦੂਆਂ ਦਾ ਆਰੀਆ ਵਿਰਸਾ ਤੇ ਪਰੰਪਰਾ ਏਨੀਆਂ ਅਮੀਰ ਨੇ ਕਿ ਹੋਰ ਕੌਮਾਂ ਇਨ੍ਹਾਂ ਦੇ ਪਾਸਕ ਵੀ ਨਹੀਂ।"

—ਮਾਫ ਕਰਨਾ ਭਰਾਤਾ ਜੀ, ਇਹ ਮੁਸਲਮਾਨ ਕੁੜੀਆਂ ਨੇ। ਇਨ੍ਹਾਂ ਦੇ ਨਾਂ ਸਲਮਾਂ ਤੇ ਫਰਹਤ ਨੇ ਤੇ ਇਹ ਜੌੜੀਆਂ ਭੈਣਾਂ ਨੇ।...ਮੈਂ ਟੋਕਦਿਆਂ ਆਖਿਆ।

—ਮੁਸਲਮਾਨ!...ਆਖ ਭਰਾਤਾ ਜੀ ਬਾਏਂ ਜੰਮ ਗਏ। ਇੰਨੇ ਠੰਡੇ ਤੇ ਠਰ੍ਹੰਮੇ ਵਾਲੇ ਮਨੁੱਖ ਦਾ ਚਿਹਰਾ ਫਟਕੜੀ ਵਾਂਗ ਬੱਗਾ ਹੋ ਗਿਆ।

— ਹਾਂ ਮੁਸਲਮਾਨ!...ਪੰਜ ਵੇਲੇ ਨਮਾਜ਼ ਪੜ੍ਹਦੀਆਂ ਨੇ। ਸਾਰੇ ਰੋਜ਼ੇ ਰਖਦੀਆਂ ਨੇ।...ਮੈਂ ਜ਼ਰਾ ਤਰਾਰੇ ਨਾਲ ਬੋਲਿਆ ਤਾਂ ਕਿ ਆਪਣੀ ਜਿੱਤ ਨੂੰ ਟਣਕਾ ਕੇ ਦੱਸ ਸਕਾਂ।

ਇੰਨੇ ਨੂੰ ਭਰਾਤਾ ਜੀ ਸੰਭਲ ਚੁੱਕੇ ਸਨ। ਬੋਲੇ, "ਇਹ ਕਿਵੇਂ ਹੋ ਸਕਦਾ ਹੈ? ਮੁਸਲਮਾਨ ਨਾ ਤਾਂ ਏਨੇ ਸੋਹਣੇ ਹੋ ਸਕਦੇ ਨੇ ਤੇ ਨਾ ਹੀ ਦਿਮਾਗੀ। ਇਹ ਦਾਤ ਤਾਂ ਆਰੀਆ ਖ਼ੂਨ ਨੂੰ ਹੀ ਬਖ਼ਸ਼ੀ ਹੋਈ ਹੈ।"



"ਪਰ ਇਹ ਤਾਂ ਪੱਕੀਆਂ ਮੁਸਲਮਾਨ ਨੇ। ਅਸੀਂ ਇਨ੍ਹਾਂ ਦੇ ਮਾਪਿਆਂ ਨੂੰ ਪਿਛਲੇ ਕਈ ਸਾਲਾਂ ਤੋਂ ਜਾਣਦੇ ਆਂ।" ਮੇਰੀ ਪਤਨੀ ਨੇ ਗੱਲ ਮਕਾਉਣ ਦੀ ਨੀਤ ਨਾਲ ਦਖ਼ਲ ਦਿੱਤਾ।

ਭਰਾਤਾ ਜੀ ਮਿੰਟ ਕੁ ਚੁੱਪ ਸਾਧੀ ਬੈਠੇ ਰਹੇ ਜਿਵੇਂ ਇੰਦਰ ਦਾ ਸੰਘਾਸਨ ਡੋਲਦਾ ਮਹਿਸੂਸ ਕਰ ਰਹੇ ਹੋਣ। ਫਿਰ ਬੜੇ ਸਹਿਜਮਈ ਅੰਦਾਜ਼ ਵਿਚ ਕਹਿਣ ਲੱਗੇ, "ਜੇ ਇਹ ਠੀਕ ਹੀ ਮੁਸਲਮਾਨ ਕੁੜੀਆਂ ਨੇ ਤਾਂ ਇਨ੍ਹਾਂ ਦੇ ਵੱਡ ਵਡੇਰੇ ਜ਼ਰੂਰ ਹਿੰਦੂਆਂ ਤੋਂ ਮੁਸਲਮਾਨ ਬਣਾਏ ਗਏ ਹੋਣਗੇ। ਜੇ ਤੁਸੀਂ ਜ਼ਰਾ ਧਿਆਨ ਨਾਲ ਵੇਖੋ ਤਾ ਮੁਸਲਮਾਨਾ ਦੀਆਂ ਦਸ ਲੜਕੀਆ 'ਚੋਂ ਨੌਂ ਸੁੰਦਰ ਹੋਣਗੀਆ ਅਤੇ ਉਨ੍ਹਾਂ ਨੌਆ ਵਿਚ ਹੀ ਹਿੰਦੂ ਆਰੀਆਂ ਦਾ ਖ਼ੂਨ ਹੋਵੇਗਾ। ਤੁਹਾਨੂੰ ਤਾਂ ਪਤਾ ਹੀ ਏ ਕਿ ਮੁਸਲਮਾਨ ਹਮਲਾਵਰ ਹਿੰਦੂਆਂ ਦੀਆਂ ਸੋਹਣੀਆਂ ਤੇ ਛਾਂਟਵੀਆਂ ਲੜਕੀਆਂ ਨੂੰ ਚੁੱਕ ਕੇ ਲੈ ਜਾਂਦੇ ਸਨ ਤੇ ਮੁਸਲਮਾਨ ਬਣਾ ਲੈਂਦੇ ਸਨ। ਔਰੰਗਜ਼ੇਬ ਵੇਲੇ ਤਾ ਥੋਕ ਦੇ ਭਾਅ ਟੱਬਰਾਂ ਦੇ ਟੱਬਰਾਂ ਦਾ ਧਰਮ ਭ੍ਰਿਸ਼ਟ ਕੀਤਾ ਗਿਆ। ਇਸੇ ਲਈ ਇਹ ਕੁੜੀਆਂ ਏਨੀਆਂ ਸੁੰਦਰ ਨੇ ਤੇ ਦਿਮਾਗ਼ ਵੀ ਆਰੀਆਂ ਰਿਸ਼ੀਆਂ ਤੇ ਬ੍ਰਾਹਮਣ ਕਸ਼ਤਰੀਆਂ ਵਰਗਾ ਏ। ਨਹੀਂ ਮੁਸਲਮਾਨ ਸੋਹਣਾ ਤੇ ਜ਼ਹੀਨ ਹੋਵੇ? ......ਰਾਮ-ਰਾਮ ਕਰੋ ਜੀ, ਰਾਮ-ਰਾਮ!"

ਭਰਾਤਾ ਜੀ ਕੰਨ ਫੜ, ਚੁੱਪ ਸਾਧ ਬੈਠ ਗਏ।

ਇਸ ਤੋਂ ਬਾਦ ਕੋਈ ਖ਼ਾਸ ਗੱਲ ਨਹੀਂ ਹੋਈ। ਜਾਪਦਾ ਸੀ ਕਿ ਏਡੀਆਂ ਸੁਨੱਖੀਆਂ ਤੇ ਬੁੱਧੀਮਾਨ ਕੁੜੀਆਂ ਦਾ ਮੁਸਲਮਾਨ ਨਿਕਲ ਆਉਣਾ ਭਰਾਤਾ ਜੀ ਨੂੰ ਧੁਰ ਅੰਦਰ ਤੀਕ ਪੱਛ ਕੇ ਸੁੱਟ ਗਿਆ ਸੀ। ਥੋੜ੍ਹੀ ਦੇਰ ਬਾਦ ਉਹ ਚਲੇ ਗਏ।

ਅਸੀਂ ਉਨ੍ਹਾਂ ਨੂੰ ਤੋਰ ਅਜੇ ਸਿਟਿੰਗ ਰੂਮ ਵਿਚ ਬੈਠੇ ਹੀ ਸਾਂ ਕਿ ਸਾਡੀ ਧੀ ਨਿਮ੍ਰਤਾ ਡਾਕਟਰੀ ਦੀ ਕਿਤਾਬ ਚੁੱਕ ਲਿਆਈ ਅਤੇ ਉਸ ਵਿਚੋਂ ਪਿਗ-ਵਰਮ ਜਾਣੀ ਸੂਰ-ਕੀੜੇ ਬਾਰੇ ਪੜ੍ਹ ਕੇ ਸੁਣਾਉਣ ਲੱਗ ਪਈ। ਮੈਂ ਬੇਦਿਲੀ ਨਾਲ ਸੁਣਦਾ ਰਿਹਾ ਤਾਂ ਕਿ ਬੱਚੀ ਨੂੰ ਬੁਰਾ ਨਾ ਲੱਗੇ। ਉਂਜ ਹੁਣ ਮੈਨੂੰ ਪਿਗ-ਵਰਮ ਵਿਚ ਕੋਈ ਖ਼ਾਸ ਦਿਲਚਸਪੀ ਨਹੀਂ ਸੀ ਅਤੇ ਨਾ ਹੀ ਉਹ ਮੈਨੂੰ ਇੰਨਾ ਖ਼ਤਰਨਾਕ ਹੀ ਲੱਗ ਰਿਹਾ ਸੀ। ਮੇਰੀਆਂ ਸਾਰੀਆਂ ਬਿਰਤੀਆਂ ਤਾਂ ਉਸ ਕੀੜੇ 'ਤੇ ਲੱਗੀਆਂ ਹੋਈਆਂ ਸਨ ਜਿਹੜਾ ਭਰਾਤਾ ਜੀ ਦੇ ਅੰਦਰ ਸੀ।

□

**[23 Linton Road Alwoodley, Leeds, W. Yorkshire, U.K.]**

## ਜੜ੍ਹ

ਲਾਲ ਸਿੰਘ

ਮਹੀਨੇ ਭਰ ਤੋਂ ਉੱਠਿਆ ਚੋਣ ਉਬਾਲ, ਆਪਣੇ ਕੰਢੇ ਸਾੜ ਕੇ ਆਖ਼ਿਰ ਇਕ ਤਰਕਾਲੀਂ ਮੱਠਾ ਪੈ ਗਿਆ। 'ਗੱਲਕਾਰ' ਬੰਦਾ ਸਮਝ ਕੇ, ਉਹਨਾਂ ਰਾਮ ਸੂੰਹ ਗਿਆਨੀ ਨੂੰ ਸੌਂਪੀ ਸਰਪੰਚੀ 'ਸਰਬਸੰਮਤੀ' ਨਾਲ ਪ੍ਰਵਾਨ ਕਰ ਲਈ। ਬੈਠੇ-ਬਿਠਾਏ ਸੱਤ ਮੈਂਬਰੀ ਪੰਚਾਇਤ ਦੇ ਚਾਰ ਪੰਚ ਵੀ 'ਚੁਣ' ਲਏ। ਖੱਤਰੀਆਂ-ਬ੍ਰਾਹਮਣਾਂ ਵੱਲੋਂ ਚਾਨਣ ਸ਼ਾਹ ਭੈਂਗਾ, ਜੱਟਾਂ ਵੱਲੋਂ ਤਾਰਾ ਸੂੰਹ ਮੱਲ੍ਹੀ, ਮਜ਼ਬੀਆਂ ਵੱਲੋਂ ਗੁਲਜ਼ਾਰ ਮਸੀਹ ਤੇ ਛੀਂਬਿਆਂ ਵੱਲੋਂ ਪ੍ਰਤਾਪ ਸੂੰਹ ਭਾਈ। ਰਵਦਾਸੀਆਂ-ਮਹਾਸ਼ਿਆਂ ਦੇ ਦੋਨੋਂ ਵਿਹੜੇ ਲੋਕ ਨਾਥ ਲੰਬੜ ਨੇ ਜਾਣ ਬੁਝ ਕੇ ਨਾਮਜ਼ਦਗੀਆ ਲਈ ਛੱਡ ਲਏ।

"ਕਿਉਂ ਬਈ ਮਨਜ਼ੂਰ ਆ ਸਾਰੀ ਪਰ੍ਹੇ ਨੂੰ...ਨਮੀਂ ਪਚੈਤ...?" ਹੁੱਕੇ ਦੀ ਲੰਮੀਂ ਨੜੀ ਪਲਸੇਟਾ ਦੇ ਕੇ ਮੰਜੇ ਦੇ ਪਾਵੇ ਨਾਲ ਲਟਕਾਉਂਦੇ ਲੋਕ ਨਾਥ ਲੰਬੜ ਨੇ ਇਕੱਠੇ ਹੋਏ ਪਿੰਡ ਦੇ ਕਿੰਨੇ ਮਾਰੇ ਲੋਕਾਂ ਤੋਂ ਪੁੱਛਿਆ।

"ਮਜ਼ੂਰ ਆ...ਮਜ਼ੂਰ ਆ...", ਪੱਕੇ ਫਰਸ਼ 'ਤੇ ਵਿਛੀ ਘਸਮੈਲੀ ਜਿਹੀ ਦਰੀ ਤੋਂ ਉੱਠੀਆਂ ਟਾਂਵੀਆਂ ਟਾਂਵੀਆਂ ਆਵਾਜ਼ਾਂ ਨੇ ਲੋਕ ਨਾਥ ਲੰਬੜ ਦੇ ਬੋਲ ਜਿਵੇਂ ਹੱਥਾਂ 'ਤੇ ਬੋਚ ਲਏ।

"ਔਅਸ ਤਾਕੀ ਲਾਗੇ ਕਿਤੇ ਬਿੱਲੀ ਤਾਂ ਨਈਂ ਛਿੱਕ ਗਈ...", ਗੱਦੀਓਂ ਲੱਥੇ ਸਰਪੰਚ ਨੂੰ ਚੁੱਪ-ਚਾਪ ਬੈਠਾ ਜਾਚ ਕੇ ਲੰਬੜ ਨੇ ਸਰਸਰੀ ਜਿਹੀ ਟੋਹ ਮਾਰੀ, "...ਨਾ ਕਾਹਤੋਂ ਓਦਰ ਗਿਆਂ, ਫੌਜਿਆ...ਕੋਈ ਹੂੰ...ਹਾਂ ਤਾਂ ਕਰ ਛੱਡ...ਬੋਲਦਾ ਨਈਂ !"

"ਠੀ...ਈ...ਈਕ ਆ, ਠੀ ..ਿਕ ਆ...ਮੈਂ ਕੋਈ ਨਾਬਰ ਆ ਤੇਤੋਂ...ਆਹ ਫੜ ਖਾਂ ਜਰਿਸਟਰ...ਤੇ ਸਾਰਾ ਸਾਬ੍ਹ-ਕਤਾਬ ਪਿਛਲਾ, ਆਪਣੇ ਦੀਨ-ਧਰਮ ਨੂੰ ਹਾਜ਼ਰ-ਨਾਜ਼ਰ ਸਮਝ ਕੇ..ਮੈਂ ਬੀ ਸੱਚੇ ਪਾਤਸ਼ਾਹ ਦੀ ਸੌਂਹ ਖਾ ਕੇ ਭਰੀ ਪਚੈਤ 'ਚ ਆਹਨਾਂ, ਪਈ ਰਹਾਮ ਦਾ ਹਊ ਜੇਹਨੇ ਧੇਲਾ ਬੀ ਓਧਰ-ਐਧਰ ਕੀਤਾ ਹਾਊ, ਸਾਂਝੀਆਂ ਰਕਮਾਂ 'ਚੋਂ..." ਬੇ-ਹਿੱਸ ਹੋਏ ਫੌਜੇ ਨੇ ਸਰਪੰਚੀ ਦੀ ਗੰਢ ਵਾਖਰੂ ਆਖ ਕੇ ਰਾਮ ਸੂੰਹ ਗਿਆਨੀ ਵੱਲ ਨੂੰ ਸਰਕਦੀ ਕਰ ਦਿੱਤੀ।

"ਤੈਨੂੰ ਫੌਜਿਆ ਮਾੜਾ ਤਾਂ ਕੋਈ ਨੀ ਕੈਂਦ੍ਹਾ...ਬੋਲਦਾ ਨਈਂ ! ਤੇਰੀ ਤਾਂ ਊਈਂ ਬੱਲੇ-ਬੱਲੇ ਆ...ਪਰ ਆਹ ਸ਼ਾਮਲਾਟ ਸਾਲੀ ਨਾ ਸਰਦਾ-ਬਣਦਾ ਕੁਸ਼ ਨਈਂ.. ਬੋਲਦਾ ਨਈਂ !... ਮੈਂ ਕਹਿੰਨਾ ਕੋਈ ਪੜ੍ਹਿਆ ਗੁਣਿਆ ਬੰਦਾ ਅੱਗੇ ਜੋੜ ਕੇ ਦੇਖ ਲਓ, ਐਤਕੀਂ...ਜੇੜ੍ਹਾ ਅੜੇ-ਅਪਸਰਾਂ ਨਾਂ ਹੱਥ ਰਲ੍ਹਦਾ ਕਰ ਲਏ...ਊਂ ਤੇਰੇ ਅਰਗਾ ਸਾਫ਼-ਸੁਥਰਾ ਬੰਦਾ ਤਾਂ ਬੈਟਰੀਆਂ ਲੈ ਕੇ ਟੋਲਿਆ ਨਈਂ ਲਭਦਾ ਫੌਜਾ ਸਿਆਂ...", ਲੋਕ ਨਾਥ ਲੰਬੜ ਨੇ ਫੌਜੇ ਦੀ ਈਮਾਨ-ਦਾਰੀ ਨੂੰ ਸ਼ਾਬਾਸ਼ੇ ਦੇਂਦਿਆ ਜਿਵੇਂ ਰਾਮ ਸੂੰਹ ਗਿਆਨੀ ਦੇ ਵੀ ਕੰਨੀਂ ਕੱਢੀ ਹੋਵੇ।

"ਗੱਲ ਸੋਲਾਂ ਆਨੇ ਸੱਚ ਆਖੀ ਆ ਲੰਬੜ ਨੇ ਕਿ...ਸਾਬਾਖ਼ੇ ਬਈ ਸਾਬਾਖ਼... ਮੈਂ ਆਹਨਾਂ ਛੱਡ ਈ ਗੱਲਾਂ ਦਿਓ ਫੌਜੇ ਆਲ੍ਹੀਆਂ...ਕਿ...", ਉੱਠਣ ਲੱਗੀ ਪਰ੍ਹੇ ਨੇ ਉਸ ਦਿਨ ਤਾਂ ਭਾਵੇਂ ਨਾਜ਼ਰ ਅਮਲੀ ਦੀ ਸਹਿ-ਸੁਭਾ ਆਖੀ ਗੱਲ ਨੂੰ ਪੱਲੇ ਬੰਨ੍ਹਣ ਵਾਂਗ ਪੂਰੇ ਧਿਆਨ ਨਾਲ ਕਬੂਲਿਆ, ਪਰ ਛੱਡੀ-ਛਡਾਈ ਗੱਲ ਦੂਜੇ ਤੀਜੇ ਦਿਨ, ਹਰ ਗਲੀ ਵਿਚੋਂ ਦੀ ਲੰਘਦੀ ਹਰ ਮੋੜ 'ਤੇ ਆ ਖੜੀ ਹੋਈ।

'ਨਾ ਫੇਏ...ਗਿਆਨੀ ਨਾ ਕੇੜ੍ਹੀਆਂ ਲੂਲਾਂ ਲੰਮਕਦੀਆਂ...ਆਂ, ਜੇੜ੍ਹੀਆ ਫੌਜੇ ਨਾਲ ਨਈਂ ਸੀ ਹੈਗੀਆਂ...ਊਂ ਨਈਂ ਕੈਂਹਦੇ ਪਈ ਫੌਜਾ ਦੂੱਕੀ-ਤਿੱਕੀ ਨੂੰ ਡੰਗ ਨਈਂ ਸੀ ਮਾਰਨ ਦਿੰਦਾ...", ਸਾਬਕਾ ਸਰਪੰਚ ਦੇ ਹਮਾਇਤੀ, ਖੰਘੂਰੇ ਮਾਰਦੇ ਲੰਘਣ ਲੱਗੇ।

"ਨਪੜ ਬੰਦਾ ਬੀ ਕੀ ਬੰਦਾ ਹੋਇਆ ! ਕੀ ਬਣਾਇਆ ਪਿੰਡ ਦਾ, ਪੰਜਾਂ ਸਾਲਾਂ 'ਚ ਗੁਠਾ-ਸ਼ਾਪ ਨੇ...", ਰਾਮ ਸੂੰਹ ਗਿਆਨੀ ਦੀ ਟੋਲੀ ਵੀ ਕਿਸੇ ਦੀ ਮਾਂ-ਧੀ ਨਾਲੋਂ ਪਿੱਛੇ ਨਾ ਰਹੀ।

ਬਾਹਰ ਅੰਦਰ ਟੱਕਰਦੇ ਦੋਨੋਂ ਗੁੱਟ ਕਈ ਦਿਨ, ਇਕ ਦੂਜੇ ਵੱਲ ਨੂੰ ਨਹਿਰੀਆਂ ਵੱਟਦੇ ਰਹੇ। ਭਾਰਤ-ਤੰਤਰੀ ਵਿਰੋਧੀਆਂ ਵਾਂਗ ਦੂਜੀ ਕਾਟੋ ਦੀ ਵਾਰੀ ਲਈ ਹਲਕੀਆਂ-ਫੁਲਕੀਆਂ ਟਕੋਰਾਂ ਮਾਰਦੇ ਓਪਰ-ਓਪਰਾ ਹਸਦੇ ਝਗੜਦੇ ਵੀ ਰਹੇ। ਉਂਝ ਕਦੀ-ਕਦਾਈਂ ਤਲਖ਼ ਹੋਈਆਂ ਦੋਨੋਂ ਧਿਰਾਂ ਸ਼ਬਦੀ ਲੜਾਈ ਲੜ-ਜਿੱਤ ਕੇ ਅੰਦਰੋ-ਅੰਦਰ ਬੱਕਰੇ ਵੀ ਬੁਲਾਉਂਦੀਆਂ ਰਹੀਆਂ।

ਉਹਨਾਂ ਵਿਚਕਾਰ ਆਈ ਬਾਰੀਕ ਜਿਹੀ ਤ੍ਰੇੜ ਨੂੰ ਭਾਂਪਦਿਆਂ, ਹਰ ਕਿਸੇ ਨਾਲ ਰਚਿਆ-ਮਿਚਿਆ ਚਾਨਣ ਸ਼ਾਹ ਭੈਂਗਾ ਵੇਲਾ ਤਾੜ ਕੇ ਬਰਾਦਰੀ ਪੈਂਤੜੇ 'ਤੇ ਆ ਖਲੋਇਆ —"ਮਾਈਂ...ਲੋੜ੍ਹਾ ਆ ਗਿਆ ਓਏ ਲੋਹੜਾ...ਮਾਈਂ ਪਤਾ ਨਈਂ ਹਾਡੇ ਬੰਦੇ ਦੀ ਕਿਉਂ ਮੱਤ ਮਾਰੀ ਗਈ...ਮੰਗ-ਖਾਣੀ ਜਾਤ ਮੂਹਰੇ ਜੋੜਤੀ...ਮਾਈਂ ! ਅਹੀਂ ਮਰ ਗਏ ਤੇ... ਜੀਨ੍ਹਾਂ ਐਡਾ ਬੱਡਾ ਮੁਲਖ਼ ਕਾਬੂ ਕੀਤਾ ਬਿਐ, ਉਹ ਮਾਈਂ...ਸਰਪੰਚੀ ਨਈਂ ਸੀ ਸਾਂਭ ਸਕਦੇ...!"

ਅੱਧਿਓਂ ਵੱਧ ਪਿੰਡ ਦੀ ਮਾਲਕੀ 'ਚੋਂ ਮੋਹਰੀ ਤਾਰਾ ਸੂੰਹ ਮੱਲ੍ਹੀ ਆਪਣੀ ਥਾਂ ਵਿਸ ਘੋਲਦਾ ਗਿਆ—"...ਨਾ, ਸਾਡੇ ਦਰੀਂ ਘਰੀਂ ਮੰਗਣ ਆਲੇ ਹੁਣ ਸਾਨੂੰ ਈ ਹੁਕਮ ਚਾੜ੍ਹਿਆ ਕਰਨਗੇ... ਨਾ ਬਈ ਨਾ... ਆਪਾਂ ਨਈਂ ਮੰਨਦੇ। ...ਪਤਾ ਨਈਂ ਲੰਬੜ ਦੀ ਅਕਲ ਕਿਥੇ ਬਰਸੀਨ ਚੱਟਣ ਚਲੇ ਗਈ ਹੀ ਓਸਲੇ... ਸਰਪੰਚ ਵੀ ਉਹਨੂੰ ਚੁਣਿਆ ਜੀਨ੍ਹੇ ਸੱਕ ਬੀ ਸੋਹਰਾ ਆਪਣੀ ਅਲ ਨੂੰ ਈ ਲਾਹਣਾ ਹੁੰਦਆ... ਹੱਦ ਹੋ ਗਈ... ਨਾ ਬਈ ਨਾ, ਆਪਾਂ ਨਈਂ ਮੰਨਦੇ...।"

ਭਰੇ-ਪੀਤੇ ਜੱਟ-ਜੀਮੀਂਦਾਰ ਤੱਤ-ਫੜੱਤੇ ਲੋਕ ਨਾਥ ਲੰਬੜ ਦੀ ਬੈਠਕੇ ਅੱਪੜ ਗਏ। ਬੈਠਕ ਪਹਿਲੋਂ ਹੀ ਚੋਣ-ਮਾਮਲਾ ਲਈ ਬੈਠੀ ਸੀ। ਉਹਨਾਂ ਦੇ ਪਹੁੰਚਣ 'ਤੇ ਸਗੋਂ

ਭੱਖ ਪਈ। ਚੜ੍ਹਦੀ ਤੋਂ ਚੜ੍ਹਦੀ ਗੱਲ ਉਭਰਨ ਲੱਗੀ ਤੇ ਚੋਂਦੀ ਤੋਂ ਚੋਂਦੀ ਟਿਚਕਰ ਬਾਜ਼ੀ। ਲੰਬੜ ਚੁੱਪ-ਚਾਪ ਸੁਣੀ ਗਿਆ। ਸੁਣੀ ਗਿਆ ਤੇ ਹੱਸੀ ਗਿਆ। ਜਦੋਂ ਸਾਰੇ ਜ਼ੋਰ-ਜ਼ਾਰ ਲਾ ਕੇ ਹਟ ਗਏ ਤਾਂ ਲੋਕ-ਸਢਨ 'ਚ ਬਿਆਨ ਦੇਣ ਵਾਂਗ ਟੀਰੀ ਅੱਖੋਂ ਦੇਖਦਾ ਬੋਲਿਆ—"ਮੈਂ...ਮੈਂ ਤਾਡ੍ਹੀਆਂ ਸਾਰੀਆਂ ਬਾਤਾਂ ਸੁਣ ਲੀਤੀਆਂ . ਬੋਲਦੇ ਨਈਂ !... ਹੁਣ ਤਾਂ ਕੁਸ ਹੋ ਨਈਂ ਸਕਦਾ, ਹੱਥ ਵੱਢ ਕੇ ਦੇ ਚੁੱਕ ਆਂ... ਹੁਣ ਤਾਂ ਇਨ੍ਹਾਂ ਨਾਲ ਈ ਸਾਰਨਾ ਪਊ... ਬੋਲਦੇ ਨਈਂ। ਊਂ ਊਂ ਮੈਂ ਆਹਨਾਂ ਮਾੜੀ ਗੱਲ ਬੀ ਕੋਈ ਨੀਂ ਹੋਈ...ਉਹ ਬੀ ਹਾਡੇ ਈ ਭੈਣ-ਭਾਈ ਆ... ਹਾਡੀ ਸਰਕਾਰ ਤਾਂ ਸਗੋਂ ਛੋਟੀਆਂ ਜਾਤਾਂ ਨੂੰ ਕਈ ਸਾਰੀਆਂ ਵਾਧੂ ਰੈਤਾਂ ਦਿੰਦੀ ਆ, ਜੇੜ੍ਹੀਆਂ ਸਾਨੂੰ-ਤੁਹਾਨੂੰ ਨਹੀਂ ਮਿਲਦੀਆਂ... ਬੋਲਦੇ ਨਈਂ !...ਮੈਂ ਆਹਨਾਂ ਤੁਹੀਂ ਜਿਗਰਾ ਰੱਖੋ ਜਿਗਰਾ... ਜੋ ਕੁਸ ਹੋਇਆ ਸੌ ਬਿਸਬੇ ਠੀਕ ਈ ਹੋਇਆ... ਅੱਵਲ ਡੂਢ ਸੌ ਬਿਸਬੇ...।"

"ਸੁਆਹ ਠੀਅਕ ਹੋਇਆ, ਤੇ ਨਾਲੇ ਖੇਹ ਠੀਅਕ ਹੋਇਆ... ਰਾਅ ਕੌਰ ਦੀ ਘੱਗਰੀ ਹੁਣ ਚਾਰੇ ਫਿਰਨੀਆਂ ਕੱਛਿਆ ਕਰੂ...ਊ... ਫੇਰ ਤੂੰ ਕੈਣ੍ਹਾਂ ਮੁੰਡੇ ਬਿਗਾੜ ਛੱਡੇ ਆ ਸਾਰੇ...ਈ...।"

"ਕਿਤੇ ਨਈਂ ਬਿਗੜ ਚੱਲੇ ਮੁੰਡੇ ਤੇਰੇ... ਤੂੰ ਈ ਦੱਸ ਭਲਾ ਤੇਰਾ ਕੀ ਬਿਗੜਿਆ ਹੁਣ ਤਾਈਂ... ਬੋਲਦਾ ਨਈਂ ." ਹਾਸੇ 'ਚ ਪਈ ਗੱਲ ਨੂੰ ਮੁੜ ਲੀਹ ਸਿਰ ਲਿਆਉਂਦਾ ਲੰਬੜ, ਸੰਜੀਦਾ ਹੋ ਕੇ ਬੋਲਿਆ—"...ਜਿਗਰਾ ਰੱਖ ਜਿਗਰਾ ਤਾਰਾ ਸਿਆਂ...ਗਿਆਨੀ ਪਾਤਸ਼ਾਅ ਨੂੰ ਦਬਕਾ-ਸ਼ਬਕਾ ਮਾਰਨਾ ਬੀ ਸੌਖਾ ਆ... ਹੋਰ ਕੋਈ ਸੁੰਦਾ ਔਖੀ-ਭਾਰੀ ਕਿਸੇ ਦੀ... ਬੋਲਦਾ ਨਈਂ...।"

"ਗੱਲ ਸੋਲਾਂ ਆਨੇ ਸੱਚ ਆਖੀ ਆ ਕਿ ਲੰਬੜ ਨੇ... ਸਾਬਾਖੇ ਬਈ ਸਾਬਾਖ਼ੇ... ਮੈਂ ਕਹਿਨਾਂ ਛੱਡ ਈ ਗੱਲਾਂ ਦਿਓ ਲੰਬੜ ਆਲੀਆਂ ਕਿ", ਵੱਡੇ ਤਾਕ ਦਾ ਆਸਰਾ ਲੈ ਕੇ ਉਠਦੇ ਨਾਜਰ ਅਮਲੀ ਦੇ ਗੋਡਿਆਂ ਦੇ ਕੜਾਕੇ ਬਾਹਰ ਵਿਹੜੇ ਵਿਚਕਾਰ ਪਸਰੀ ਚੰਨ-ਚਾਨਣੀ ਤਕ ਖਿਲਰ ਗਏ।

"ਕਿਉਂ ਛੱਡ ਦਈਏ, ਅਮਲੀਆ... ਤੇਰਾ ਸੌਰ੍ਹਿਆ ਰੰਨ ਨਾ ਕੋਈ ਕੰਨ ਨਾ... ਜਿਥੇ ਤੈਨੂੰ ਭੋਰਾ ਕੁ 'ਤਲਵੰਡੀ' ਲੱਭ ਜਾਏ, ਤੇਰੀ ਤਾਂ ਦਿਹਾੜੀ ਓਥੇ ਈ ਪੁੱਗਦੀ ਹੋ ਜਾਊ... ਹਾਨੂੰ ਤਾਂ ਸੌ ਕੰਮ ਪੈਂਦੇ ਆ ਠਾਣੇ-ਕਚੈਰੀਂ... ਅਹੀਂ ਰੋਜ਼ ਹੁਣ ਗਿਆਨੀ ਕੰਜਰ ਦੀਆਂ ਚੌਂਕੀਆਂ ਭਰਾਂਗੇ... ਨਾ ਬਈ ਨਾ.., ਹਾਨੂੰ ਨਈਂ ਮਨਜ਼ੂਰ...।" ਤਾਰਾ ਸੂੰਹ ਮੱਲ੍ਹੀ ਸਾਰੀ ਗੱਲ ਇਕੋ ਸਾਹੇ ਬੋਲ ਗਿਆ।

ਜੱਟਾਂ ਵਲੋਂ ਆਇਆ ਦੋ-ਟੁੱਕ ਫੈਸਲਾ ਸੁਣ ਕੇ ਥੋੜ੍ਹਾ ਕੁ ਚੁਕੰਨਾ ਹੋਇਆ ਲੰਬੜ ਹੋਰ ਸਾਵਧਾਨ ਹੋ ਗਿਆ—"ਮੈਂ ਕਹਿਨਾਂ ਤੁਹੀਂ ਲੋਕ ਮੂਰਖ ਦੇ ਮੂਰਖ ਈ ਰਏ... ਨਿਰੇ ਰੰਗੜ ਬੰਦੇ ਨੂੰ ਟੈਮ-ਕੁ-ਟੈਮ ਬੀ ਬਚਾਰਨਾ ਚਾਹੀਦਾ... ਬੋਲਦੇ ਨਈਂ। ਕਦੀ ਸੋਚਿਆ ...ਆ ਤੁਹੀ ਸਾਰੇ ਘਰ ਕੁਲ- ਮਿਲਾ ਕੇ ਹੈ ਕਿੰਨੇ... ਬੋਲਦੇ ਨਈਂ ! ...ਏਸ ਬਾਰ ਅਗਲੇ ਬੋਟਾਂ ਦੀ ਤਿਆਰੀ ਖਿੱਚੀ ਫਿਰਦੇ ਸੀ ਈ ਅੰਦਰੋ-ਅੰਦਰ... ਏਹ ਤਾਂ ਜੇ ਆਪਾਂ ਟੈਮ ਨਾ ਸੰਭਾਲਦੇ, ਅਗਲਿਆਂ ਧੂਹ ਕੇ ਸਰਪੰਚੀ ਚਮਾੜ੍ਹਲੀ ਵੇਹੜੇ ਲੈ ਬੜਨੀ ਸੀ...ਫੇਰ



ਸੁੰਘਦੇ ਨਾ ਕੂੜੇ ਦਰਜੀ ਦੇ ਹੁੱਕੇ ਦੀ ਸੜਾਂਦ ਪੰਜਾ ਸਾਲਾਂ ਲਈ ਪੱਕੀ. ਬੋਲਦੇ ਨਈਂ !"

ਟੈਮ ਸੰਭਾਲਣ ਵਾਲੀ ਗੱਲ ਸੁਣ ਕੇ, ਸੱਤਾਂ ਕੁ ਦਿਨਾਂ ਤੋਂ ਢਲੀ ਗਿਆਨੀ-ਹਟਾਓ ਮੁਹਿੰਮ ਇਕ ਦੰਮ ਮੱਠੀ ਪੈ ਗਈ। ਰਹਿੰਦਾ-ਬਚਦਾ ਕਿੰਤੂ-ਪ੍ਰੰਤੂ ਲੰਬੜ ਦੇ ਆਖੇ 'ਸੱਚ' ਨੇ ਇਕ ਸਾਰ ਪੱਧਰਾ ਕਰ ਮਾਰਿਆ। 'ਚੰਗਾ-ਫੇਏ, ਚੰਗਾ ਫੇਏ ਕਰਦੇ ਸਾਰੇ ਜੱਟ, ਕਿਰ-ਨਮ-ਕਿਰਨੀ ਬੈਠਕੋਂ ਉੱਠ ਆਪੋ-ਆਪਣੀਂ ਘਰੀਂ ਚਲੇ ਗਏ, ਪਰ ਇਕ ਵਾਰ ਉੱਠ ਕੇ ਬੈਠਾ ਤਾਰਾ ਸੂੰਹ ਮੱਲ੍ਹੀ, ਲੋਕ ਨਾਥ ਲੰਬੜ ਦੇ ਭੱਠਿਓਂ ਪੰਚਾਇਤ ਖਾਤੇ ਲਈ ਢੋਈਆਂ ਇੱਟਾਂ ਦਾ ਹਿਸਾਬ-ਕਿਤਾਬ ਜੋੜਦਾ ਗਈ ਰਾਤ ਤੱਕ ਔਖਾ ਭਾਰਾ ਹੁੰਦਾ ਰਿਹਾ।

"ਹੁਣ ਨਈਂ ਐਓਂ ਪੁਗਣੀ ਲੰਬੜਾ...ਬੜਾ ਚਿਰ ਰਗੜੇ ਖਾਦੇ ਆ ਆਪਾਂ ਸੁੱਕੇਈ ...", ਬਣਦੇ ਭਾੜੇ ਦੀ ਗੱਲ ਆਲੇ-ਟਾਲੇ ਪੈਂਦੀ ਵੇਖ ਕੇ ਤਾਰਾ ਸੂੰਹ ਮੱਲ੍ਹੀ ਅੱੜਿਕਾ ਮਾਰ ਕੇ ਖਲੋ ਗਿਆ।

"ਓ ਤੂੰ ਬੈਠ ਤਾਂ ਜਾਹਾ...ਸੁੱਕੇ ਕਾਹਨੂੰ ਗਿੱਲੇ ਕਰਦੇ ਆਂ...ਬੈਠ ਜਾਅ ਹੇਠਾਂ... ਲਿਆ ਓਏ ਚਿੰਟੂ ਵੱਡੀ ਅਲਮਾਰੀ 'ਚੋਂ...ਨਾਲ ਗੰਢਾ-'ਚਾਰ ਵੀ ਰੱਖ ਲਿਆਈਂ ਛੋਟੀ ਪਲੇਟ 'ਚ...ਹੱਲਾ ਕਰ...ਹੱਲਾ, ਨਰਾਜ਼ ਹੋ ਚੱਲਿਆ ਈ ਜ਼ਾਰ-ਭਰਾ ਹਾਡਾ...", ਲੋਕੇ ਲੰਬੜ ਨੇ ਬਾਹੋਂ ਫੜ ਕੇ ਤਾਰੇ ਨੂੰ ਬਠਾਉਂਦਿਆਂ ਨੌਕਰ ਮੁੰਡੇ ਨੂੰ 'ਵਾਜ ਮਾਰੀ।

ਸ਼ਾਹ-ਪੱਕੇ ਰੰਗੇ ਦੇ ਨੌਕਰ ਮੁੰਡੇ ਨੇ ਢੇਰ-ਮਾਰਕਾ ਅੱਧੀਓਂ ਵੱਧ, ਤਰਪਾਈ ਸਮੇਤ, ਉਹਨਾਂ ਦੋਨਾਂ ਵਿਚਕਾਰ ਲਿਆ ਰੱਖੀ।

"ਸੋਚੀ ਕੀ ਜਾਨਆਂ...ਡੀਰਾਂ ਦਾ ਮੁੰਡਾ ਆ, ਯੂਪੀਓਂ ਆਇਆ, ਊਈਂ ਚੂੜ੍ਹਿਆਂ ਦਾ ਭੱਠੀ 'ਚ ਰਹਿ ਗਿਆ ਕਿਤੇ...ਭਿੱਟ ਨਈਂ ਚੱਲਿਆ ਤੂੰ ..", ਦੋਨਾਂ ਗਲਾਸਾਂ 'ਚ ਭਰਵੀਂ ਦਾਰੂ ਪਾਉਂਦਿਆਂ ਲੋਕ ਨਾਥ ਲੰਬੜ ਨੇ ਚੁੱਪ-ਚਾਪ ਬੈਠੇ ਤਾਰੇ ਨੂੰ ਜਿਵੇਂ ਮੋਢਿਓਂ ਫੜ ਕੇ ਹਲੂਣ ਦਿੱਤਾ ਹੋਵੇ।

"ਐਹੋ ਜੈਹੀਆਂ ਖੁਣਸਾਂ ਤਾਂ ਤੁਹਾਨੂੰਈ ਸੁਝਦੀਆਂ ਪੰਡਤੋ...ਹਾਡੇ ਘਰੀਂ-ਵੇਹੜੀਂ ਤਾਂ ਇਹ ਅੱਠੇ ਪੈਹਰ ਘੁਮਦੇ ਫਿਰਦੇ ਆ..."।

"ਮੈਂ ਕਦ ਕਹਿਨਾਂ ਨਾ ਘੁੱਮਣ...ਜੀ ਸਦਕੇ ਘੁੱਮਣ, ਬੋਲਦਾ ਨਈਂ ! ਪਰ ਇਨ੍ਹਾਂ ਨੂੰ ਓਥੇ ਕੁ ਈ ਰੱਖੋ ਜਿੱਥੇ ਕੁ ਜੋਗੇ ਹੈਗੇ..."।

ਡੀਕ ਲਾ ਕੇ ਪੀਤੀ ਪਹਿਲੀ ਪਹਿਲੀ ਗਲਾਸੀ ਦੋਨਾਂ ਵਿਚਕਾਰ ਚਲਦੇ ਮਿਹਣੇ-ਉਲ੍ਹਾਮੇਂ ਨੂੰ ਹੋਰ ਮਘਦਾ ਕਰ ਗਈ।

"ਤੂੰ...ਤੂੰ, ਹਾਡਾ ਫ਼ਿਕਰ ਨਾ ਕਰ ਲੰਬੜਾ ..ਆਪਣਾ ਫ਼ਿਕਰ ਕਰ ਆਪਣਾ... ਅਹੀਂ ਤਾਂ ਦਿਨੇਈ ਤਾਰੇ ਦਿਖਾਲ ਦਿਆਂਗੇ, ਜੀਹਨੇ ਤਿੰਨ-ਪੰਚ ਕੀਤੀ ਹਾਡੇ ਮੂਹਰੇ "!

ਦੂਜੇ ਗਲਾਸ ਦਾ ਭਰਿਆ ਤੀਰ ਵੀ ਠੀਕ ਨਿਸ਼ਾਨੇ 'ਤੇ ਨਾ ਵੱਜਦਾ ਦੇਖ ਕੇ ਲੋਕ ਨਾਥ ਲੰਬੜ ਸਿੱਧਾ ਸਪਾਟ ਬੋਲ ਉੱਠਿਆ—"...ਓਏ, ਤਿੰਨ-ਪੰਜ ਕਰਨ ਆਲੇ ਚੂਹੜੇ-ਚਮਾਰ ਚੌਕੜੀਆਂ ਬਣਾਈ ਬੈਠੇ ਆ ਚੌਕੜੀਆਂ, ਆਲੇ-ਦੁਆਲੇ ਤੇਰੇ...ਬੋਲਦਾ ਨਈਂ ! ...ਪਰ, ਜਿੰਨਾਂ ਚਿਰ ਤਾਰਾ ਸਿਆਂ ਸਾਡੀ-ਤਾਡ੍ਹੀ ਜੱਦੀ-ਪੁਸ਼ਤੀ ਮਾਲਕੀ ਕੈਮ ਆਂ ਨਾ ਜ਼ਮੀਨਾਂ-ਜੈਦਾਤਾਂ ਦੀ, ਓਨਾ ਚਿਰ ਕੱਖ ਨਈਂ ਬਗਾੜ ਸਕਦੇ...ਇਹ ਆਪਣਾ..."।

"ਨਾ ਬਈ ਨਾ, ਅਹੀਂ ਨਈਂ ਡਰਦੇ ਇਨ੍ਹਾਂ ਤੋਂ ਰੀਣ ਬੀ . ਮਾਰ ਮਾਰ ਆਹੂ ਲਾਹ ਦਿਆਂਗੇ ਜੇੜ੍ਹਾ ਬੀ ਝਾਕੂ ਹਾਡੇ ਮੁਰੱਬਿਆਂ ਕੰਨੀ . ਅੱਗੇ ਨਈਂ ਦੇਖੇ ਹੱਥ ਨਕਸਲ-ਬਾਦੀਆਂ ਨੇ ਹਾਡੇ...ਘੀਸੀਆਂ ਕਰਾ ਕੇ ਛੱਡੇ ਸੀ ਈ, ਵੱਡੇ ਸਾਹਨ ਬਣੇ ਫਿਰਦੇ ਸੀ ਈ... ਈ...ਬੜ੍ਹਕਾਂ ਮਾਰਦੇ..."

"ਘੱਟ ਤਾਂ ਅਹੀਂ ਬੀ ਨਈਂ ਕਰਦੇ, ਪਰ...ਪਰ ਫੇਰ ਬੀ ਬੇਲਾ ਬਚਾਰਨਾ ਚਾਹੀਦਾ ...ਐਹੋ ਜਿਹੀ ਔਖ ਸੌਖ ਵੇਲੇ ਕੱਠੇ-ਵੱਠੇ ਰਹਿਣਾ ਚਾਹੀਦਾ...ਬੋਲਦਾ ਨਈਂ !"

"ਕੱਠੇਈ ਆਂ ਆਪਾਂ, ਹੋਰ ਕਿਤੇ ਵੰਡਿਓਂ ਆਂ...ਤੂੰ ਰਤੀ ਚਿੰਤਾ ਨਾ ਕਰ ਪੰਡਤਾ .. ਮੇਰੇ ਹੁੰਦਿਆਂ ਤੇਰੀ ਕੋਈ ਵਾਅ ਅੱਲ੍ਹ ਨਈਂ ਦੇਖ ਸਕਦਾ . ਦਾ...।"

ਤੀਜੇ ਗਲਾਸ ਦੀ ਲੋਰ ਦੋਨਾਂ ਵਿਚਕਾਰ ਹੋਈ ਤਲਖ਼ਕਲਾਮੀ ਨੂੰ ਹਵਾ ਦੇ ਬੁੱਲੇ ਵਾਂਗ ਕਿਧਰੇ ਉਡਦਾ ਕਰ ਗਈ। ਆਪਣੀ ਆਪਣੀ ਥਾਂ ਤੋਂ ਉੱਠ, ਇਕ ਇਕ ਲਾਂਘ ਅੱਗੇ ਵਧਾ ਕੇ ਉਹ ਇਕ ਦੂਜੇ ਦੀ ਜੱਫੀ ਅੰਦਰ ਜਕੜੇ ਗਏ।

"ਆਹ ਤਾਂ ਗੱਲ ਹੋਈ ਨਾ ਭਰਾਮਾਂ ਆਲੀ...", ਤਾਰੇ ਮੱਲ੍ਹੀ ਦਾ ਬਦਲਿਆ ਰੁਕ-ਢੰਗ ਦੇਖ ਕੇ ਲੋਕ ਨਾਥ ਲੰਬੜ ਨੇ ਮੁੜ ਆਪਣਾ ਪੈਂਤੜਾ ਸਾਂਭ ਲਿਆ —"...ਤਾਰਾ ਸਿਆਂ, ਆਪਾਂ ਭਰਾਅ, ਜ਼ਆਰ ਮਾਰ ਕਦੇ ਨਈਂ ਕਰਦੇ...ਦੇਏ..., ਬੋਅਲਦਾ ਨਈਂ... ਈਂ...! ਸ...ਸਰਪੰ...ਚੀ ਭਾਮੇਂ ਜਿ...ਜੱਥੇ ਮਅਰਜ਼ੀ ਤੁਰ...ਰਦੀ ਫਿਰ...ਰਦੀ ਰਏ, ਸਰ...ਰਦਾਰੀ ਫੇਏਰ ਬੀ ਤੇਰੀ.. ਈ ਰੈਣੀ ਆਂ, ਬੋ...ਅਲਦਾ ਨਈਂ !"

ਲੰਬੜ ਕੋਲੋਂ ਮਿਲਿਆ ਯਾਰ-ਭਰਾ ਦਾ ਖ਼ਤਾਬ ਵਸੂਲ ਕੇ, ਤਾਰਾ ਸੂੰਹ ਮੱਲ੍ਹੀ ਕਈ ਦਿਨ ਪਾਣੀ ਵਾਂਗ ਵਿਛਿਆ ਰਿਹਾ।

ਤਾਰੇ ਮੱਲ੍ਹੀ ਦੀ ਲੰਬੜ ਨਾਲ ਚਿਰਾਂ ਤੋਂ ਨਿਭਦੀ ਨੇੜਤਾ ਨੂੰ ਪਿੰਡ ਦਾ ਹਰ ਜੀਅ ਆਪਣੇ ਆਪਣੇ ਢੰਗ ਨਾਲ ਖੁਰਚਦਾ ਰਿਹਾ। ਕੋਈ ਆਖਦਾ—ਬ੍ਰਾਹਮਣ ਪੂਰਾ ਕਾਂਟਾ ਈ ਕਾਂਟਾ, ਜੱਟ ਨੂੰ ਭੂਤ ਫੇਰੀ 'ਚ ਪਾ ਕੇ ਮੇਮਣੇ ਆਂਗੂ ਮਗਰ ਲਾਈ ਫਿਰਦਾ। ਕੋਈ ਕਹਿੰਦਾ —ਜੱਟ ਨੇ ਪਤਾ ਨਈਂ ਲੰਬੜ ਦੇ ਸਿਰ 'ਚ ਕੇਹੜੇ ਸਾਧ ਦੀ ਭਬੂਤਾ ਧੂੜ ਛੱਡੀ ਆ, ਓਦ੍ਹੇ ਬਿਨਾਂ ਪੈਰ ਈ ਨਈਂ ਕੱਢਦਾ ਘਰੋਂ ਬਾਅਰ। ਪਰ ਬਹੁਤੇ ਲੋਕ ਉਹਨਾਂ ਦੀ ਭਾਈ-ਵਾਲੀ ਅੰਦਰਲੇ ਭੇਤ ਨੂੰ ਸਮਝਣ ਲਈ ਸ਼ਾਮ ਸੁੰਦਰ ਮਾਸਟਰ ਦੀ ਆਖੀ 'ਉਕਤੀ' ਦਾ ਅਰਥ ਕੱਢਦੇ ਸੋਚਵਾਨ ਹੁੰਦੇ ਰਹੇ—'ਅਖੇ, ਦੋਨਾਂ ਦੇ ਹਿੱਤ ਸਾਂਝੇ ਆ।'

"ਇਹ ਹਿੱਤ-ਹੁੱਤ ਕੀ ਹੁੰਦੇ ਆ ਭਾਈ ਮਾਹਟਰਾ...", ਨਾਜ਼ਰ ਸੂੰਹ ਅਮਲੀ ਨੇ ਸ਼ਾਮ ਸੁੰਦਰ ਮਾਸਟਰ ਨੂੰ ਉਭਾਸਰ ਕੇ ਪੁੱਛ ਹੀ ਲਿਆ।

"ਜਿਸ ਕੰਮ 'ਚ ਦੋਨਾਂ ਨੂੰ ਇਕੋ-ਜਿੰਨਾਂ ਫੈਦਾ ਹੋਵੇ, ਅਗਲਾ ਸੌ ਕੋਹ ਦਾ ਵਲ੍ਹ ਮਾਰ ਕੇ ਉਸ ਰਾਹੇ ਆ ਚੜ੍ਹਦਾ...", ਮੋਹਣੀ ਸਾਧ ਦੀ ਕੁਟੀਆ ਵੱਲ ਨੂੰ ਜਾਂਦੇ ਨਾਜ਼ਰ ਨੂੰ ਸ਼ਾਮ ਸੁੰਦਰ ਨੇ ਬੜੇ ਸਹਿਜ-ਧੀਰਜ ਨਾਲ ਸਮਝਾਇਆ—" ਤੂੰ ਆਪਣੀ ਅੱਲਈ ਦੇਖ ਲਾ ਚਾਚਾ...ਮੋਹਣੀ ਸਾਧ ਤੈਨੂੰ ਘੱਟਣਾ ਫੜਾ ਕੇ ਆਪਣਾ ਬੁੱਤਾ ਸਾਰ ਲੈਂਦਾ...ਤੇ ਤੈਨੂੰ ਤਿਆਰ-ਬਰ-ਤਿਆਰ ਗਿਰੀਆਂ ਆਲਾ ਮਾਵਾ ਮੁਫਤੋਂ-ਮੁਫਤ ਮਿਲ ਜਾਂਦਾ, ਸਿਰ ਘਮਾਉਣ ਨੂੰ...ਹੋਇਆ ਕੁ ਨਈਂ ਦੋਨਾਂ ਨੂੰ ਫੈਦਾ ਇਕੋ ਜਿਹਾ, ਬਰਾ ਬਰੋਬਰ...।"



"ਅੱਛਾਇਆ...ਤਾਂ ਇਹ ਗੱਲ ਆ...ਸਾਬਾਸ਼ੇ ਬਈ ਸਾਬਾਸ਼ੇ, ਮੈਂ ਆਹਨਾਂ ਛੱਡ ਈ ਗੱਲਾਂ ਦਿਓ ਮਾਹਟਰ ਆਲੀਆਂ ਕਿ...", ਅਪਣੀ ਤੋਰੇ ਤੁਰਦਾ ਨਾਜ਼ਰ ਸੂੰਹ ਅਮਲੀ 'ਸਾਂਝੇ ਹਿੱਤਾਂ' ਦੀ ਗੱਲ ਹਰ ਕਿਸੇ ਨੂੰ ਵਿਆਖਿਆ ਸਹਿਤ ਸਮਝਾਉਂਦਾ ਕਈ ਦਿਨ ਭਰਦਾ ਫਿਸਦਾ ਰਿਹਾ, ਜਿਸ ਦੀ ਹਵਾੜ ਹਰੀਜਨ ਧਰਮਸ਼ਾਲਾ ਦੇ ਸੌੜੇ ਜਿਹੇ ਵਿਹੜੇ ਦੀ ਸਲਾਬ੍ਹ ਅੰਦਰ ਜੁੜੀ ਨਵੀਂ ਪੰਚਾਇਤ ਦੀ ਪਹਿਲੀ ਆਮ ਇਕੱਤਰਤਾ ਅੰਦਰ ਆ ਖਿਲਰੀ।

ਰਾਮ ਸੂੰਹ ਗਿਆਨੀ ਦੀ ਸਰਪੰਚੀ ਨੂੰ ਹਉ-ਪਰੇ ਕਰਕੇ ਪਿੰਡ ਦੇ ਬਹੁਤੇ ਜੱਟਾਂ ਨੇ ਪੈਂਦੀ-ਸੱਟੇ ਤਾਰਾ ਸੂੰਹ ਮੱਲ੍ਹੀ ਨੂੰ ਘੇਰ ਲਿਆ। ਨਾਮਜ਼ਦ ਕੀਤੇ ਛੇਵੇਂ ਪੰਚ ਕੂੜੇ ਦਰਜੀ ਨੇ ਵੀ ਉਸ ਨੂੰ ਇਕ ਦੋ ਖਰੀਆਂ-ਖਰੀਆਂ ਆਖ ਸੁਣਾਈਆਂ। ਕੌਅਪਟ ਕੀਤੀ ਇਸਤ੍ਰੀ-ਪੰਚ ਮਾਈ ਈਸਰੀ ਖਾਹ-ਮਖਾਹ ਦੀ ਘੈਂਸ-ਘੈਂਸ ਤੋਂ ਬਚਦੀ ਚੁੱਪ ਚਾਪ ਉੱਠ ਕੇ ਘਰੇ ਤੁਰ ਗਈ।

ਮਿਹਣੇ-ਉਲ੍ਹਾਮੇ ਤੋਂ ਤੁਰਦੀ ਤੁਰਦੀ ਗੱਲ ਤੂੰ...ਤੂੰ, ਮੈਂ...ਮੈਂ ਤੋਂ ਵੀ ਕਿਤੇ ਅਗਾਂਹ ਲੰਘ ਗਈ।

"ਮੰਗ ਖਾਣੀ ਕੁਤੀੜ ਸਾਲੀ ਕਿੱਦਾਂ ਭੂਹੇ ਚੜ੍ਹੀ ਫਿਰਦੀ ਆ... ਜੇਸ ਸਾਲੇ ਨੂੰ ਝਾੜੇ ਫਿਰ ਕੇ ਹੱਥ ਧੋਣ ਦੀ ਜਾਚ ਨਈਂ, ਉਹ ਬੀ ਅੱਡੀਆਂ ਚੁੱਕ-ਚੁੱਕ 'ਸਮਾਨ ਨੂੰ ਛੜਾਂ ਮਾਰਦਆ...", ਆਪਣੇ ਬੰਦਿਆਂ ਦੇ ਬੋਲ-ਕਬੋਲ ਅੱਖੋਂ-ਪਰੋਖੇ ਕਰਕੇ, ਅੱਗ ਭਬੂਕਾ ਹੋਇਆ ਤਾਰਾ, ਕੂੜੇ ਦਰਜੀ ਨੂੰ ਚਾਰੇ ਖੁਰ ਚੁੱਕ ਕੇ ਪੈ ਗਿਆ।

"ਓਏ ਤਾਰਾ ਸਿਆਂ ਮੂੰਹ ਸੰਭਾਲ ਕੇ ਗੱਲ ਕਰ... ਬੱਡਾ ਛਰਦਾਰ ਹਊਂ ਤਾਂ ਅਪਣੇ ਘਰ ਹੋਏਂਗਾ... ਇਹ ਪਿੰਡ ਦੀ ਪਚੈਤ ਆ... ਤੇਰੇ ਘਰ ਦੀ ਜਗੀਰ ਨਈਂ...", ਗੁੱਸੇ ਨਾਲ ਕੰਬਦੇ ਕੂੜੇ ਦਰਜੀ ਦੀ ਪਿੱਠ 'ਤੇ ਪ੍ਰਤਾਪ ਸੂੰਹ ਭਾਈ ਤੇ ਗੁਲਜ਼ਾਰ ਮਸੀਹ ਪਾਲ ਬਣ ਕੇ ਖੜੋ ਗਏ।

ਤਾਰੇ ਮੱਲ੍ਹੀ ਨਾਲ ਹਿਟਖੇ ਜੱਟ ਆਪਣਾ ਬੰਦਾ ਇਕੱਲਾ ਫਸਿਆ ਦੇਖ ਕੇ ਝੱਟ ਪੈਂਤੜਾ ਬਦਲ ਗਏ। ਕੂਕਾਂ-ਕਿਲਕਾਰੀਆਂ ਮਾਰਦੇ ਉਹ ਸਾਰੇ ਦੇ ਸਾਰੇ ਝੱਗ-ਛੱਡਦੇ ਕੰਮੀਂ ਪੰਚਾਂ ਦੇ ਐਨ ਸਾਹਮਣੇ ਆ ਡਟੇ — "ਤਾਡ੍ਹੀ ਧੀ ਨੂੰ...ਤਾਡ੍ਹੀ ਮਾਂ ਨੂੰ... ਕੁੜੀ ਯਾਬਿਓ .. ਧੀ ਯਾਬਿਓ, ਲੰਘਿਓ ਖਾਂ ਹਾਡੇ ਖੇਤਾਂ ਵਿਚੋਂ ਦੀ ਅੱਜ ਤੋਂ ਲਾ ਕੇ... ਤਾਡ੍ਹੇ ਡੱਕਰੇ ਨਾ ਕੀਤੇ ਥੈਂਹਈਂ... ਭੈਣ ਦਿਓ ਯਾਰੋ...ਮਾਂ ਦਿਓ ਖਸਮੋਂ...।"

ਬੋਲ-ਬੁਰਾਲਾ ਸੁਣ ਕੇ ਧਰਮਸ਼ਾਲਾ ਪਹੁੰਚਿਆ ਹਰ ਕੋਈ, ਆਪੋ ਵਿਚ ਦੀ ਫਸੇ ਪੰਚਾਂ ਨੂੰ ਦੇਖ ਕੇ ਪ੍ਰਸੰਨ ਵੀ ਹੁੰਦਾ ਰਿਹਾ ਤੇ ਅੰਦਰੋ-ਅੰਦਰ ਸ਼ਰਮਸਾਰ ਵੀ। ਪਰ, ਵਾੜ ਵਿਚ ਫਸੇ ਬਿੱਲੇ ਵਾਂਗ ਰਾਮ ਸੂੰਹ ਗਿਆਨੀ ਅਪਣੀ ਥਾਂ ਬੈਠਾ ਵਾਖੁਰੂ-ਵਾਖੁਰੂ ਕਰਦਾ ਚੁੱਪ-ਕਰੋ, ਚੁੱਪ-ਕਰੋ ਦਾ ਰਾਗ ਅਲਾਪਦਾ ਗਿਆ।

ਭਾਂਤ-ਸੁਭਾਂਤ ਦਾ ਗਾਲੀ-ਗਲੋਚ ਸੁਣ ਕੇ ਮੀਸਣਾ ਜਿਹਾ ਬਣਿਆ ਬੈਠਾ ਲੰਬੜ ਪਹਿਲੋਂ ਤਾਂ ਇਕੱਠੇ ਹੋਏ ਐਨੇ ਸਾਰੇ ਲੋਕਾਂ ਸਾਹਮਣੇ ਛਿੱਥਾ ਜਿਹਾ ਪਿਆ ਰਿਹਾ, ਫਿਰ ਝੱਟ ਹੀ ਆਪਣਾ ਆਪ ਸੰਭਲ ਕੇ ਦੋਨਾਂ ਧਿਰਾਂ ਨੂੰ ਇਕੋ ਜਿਹਾ ਦਬਕਾ ਮਾਰਿਆ—"ਮੈਂ

ਆਹਨਾਂ ਤੁਹੀਂ ਸਾਰੇਈ ਬੇਬਾਕੂਫ ਓ... ਬੇਬਾਕੂਫ, ਡੰਗਰਾਂ ਦੀ 'ਲਾਦ... ਆਹ ਕੋਈ ਢੰਗ ਤਰੀਕਾ ਪਚੇਤ ਕਰਨ ਦਾ... ਬੋਲਦੇ ਨਈਂ ! ਭਲੇ ਮਾਣਸ ਬਣ ਕੇ ਅਪਣੀ ਅਪਣੀ ਥਾਂ ਬੈਠ ਜਾਓ ਨਈਂ ਤਾਂ... ਨਈਂ ਤਾ ਫੇਰ ਨਾ ਆਖਿਓ ਵਾਧਾ ਕੀਤਾ ਆ, ਲੰਬੜ ਨੇ...।"

ਲੰਬੜ ਦੀ ਘੁਰਕੀ ਸੁਣ ਕੇ, ਗਰਦ-ਗੁਬਾਰ ਵਾਂਗ ਉੱਠਿਆ ਗੰਦ-ਮੰਦ ਬਕਣ ਦਾ ਭਾਂਬੜ, ਕੱਖਾਂ ਕਾਨਿਆਂ ਦੀ ਅੱਗ ਵਾਂਗ ਮੱਠਾ ਪੈ ਗਿਆ। ਰਹਿੰਦੀ ਮਾਸਾ ਚਿਣਗ ਡਰਾਵੇ ਦੇਣ ਵਰਗੀਆਂ ਉਸ ਦੀਆਂ ਨਸੀਅਤਾਂ ਨਾਲ ਬੁਝ ਗਈ। ਪਰ, ਅੰਦਰੋ-ਅੰਦਰ ਧੁਖਦਾ ਤਾਰਾ ਮੱਲ੍ਹੀ ਥੋੜਾ ਕੁ ਦਮ ਮਾਰ ਕੇ ਇਕ ਵਾਰ ਫਿਰ ਉਸੇ ਤਰ੍ਹਾਂ ਮੱਘ ਪਿਆ—".. ਨਾ ਤੁਆਡੀ ਅਵੱਲ ਮੇਰੀ ਟਰਾਲੀ ਖਾ ਗਈ... ਓਦੋਂ ਕਿਥੇ ਮਰਿਓ ਹੀ ਤੁਹੀਂ ਸਾਲਿਓ, ਜਦ ਭੱਠੇ ਆਲੇ ਟੱਰਕਾਂ ਨੇ ਦੋ-ਢਾਈ ਲੱਖ ਸੋਮ-ਦੋਮ ਤੁਆਡੇ ਮੱਥੇ ਲਿਆ ਮਾਰੀ ਹੀਈ...", ਛੀਂਬਿਆ-ਈਸਾਈਆਂ ਦੇ ਨਾਲ ਨਾਲ ਤਾਰਾ ਸੂੰਹ ਮੱਲ੍ਹੀ ਜਿਵੇਂ ਲੋਕ ਨਾਥ ਲੰਬੜ ਨੂੰ ਚਿਤਾਰ ਗਿਆ ਹੋਵੇ।

"ਨਾ ਤਾਰਾ ਸਿਆਂ... ਦੋਮ-ਸੋਮ ਧੱਕਣੇ ਨੂੰ ਹੋਰ ਮਹਿਕਮੇ ਥੋੜੇ ਆ... ਬੋਲਦਾ ਨਈਂ। ਆਪਣੇ ਪਿੰਡ ਨੂੰ ਮਾੜਾ ਮਾਲ ਭੇਜ ਕੇ ਮੈਂ ਸਾਰੀ ਉਮਰ ਦੀ ਕਾਲਖ ਥੋੜਾ ਖੱਟਣੀ ਆ... ਬੋਲਦਾ ਨਈਂ।"

"ਤੂੰ ਕਾਹਨੂੰ ਖੱਟਣੀ ਆ, ਅਹੀਂ ਜੁ ਕੈਮ ਆਂ ਟੱਬੇ ਖਾਣ ਨੂੰ ਤੇਰੇ ਨਾਲੇ ਐਸ ਕੁਤੀੜ ਦੇ...", ਹਰ ਕਿਸੇ 'ਤੇ ਰਿਖਿਆ ਤਾਰਾ, ਲੰਬੜ ਨਾਲ ਹੋਈ ਸੁਰੱਖਿਆ-ਸੰਧੀ ਜਵੇਂ ਇਕ-ਦਮ ਭੁੱਲ-ਵਿਸਰ ਗਿਆ।

ਵੇਲਾ ਤਾੜ ਕੇ ਲੰਬੜ ਨੇ ਇਕ ਵਾਰ ਫਿਰ ਕਰਵਟ ਬਦਲ ਲਈ—"ਨਾ ਤਾਰਾ ਸਿਆਂ ਜੱਟ-ਜੀਮੀਂਦਾਰ ਤਾਂ ਸਾਰੀ ਮੁਖੈਲ ਦਾ ਰਿਜ਼ਕ-ਦਾਤਾ ਹੁੰਦਆ, ਰਿਜ਼ਕ ਦਾਤਾ... ਨਾ ਤੂੰ ਈ ਦੱਸ ਆਬਦੇ ਅੰਨ-ਦਾਤੇ ਨੂੰ ਬੁਰਾ ਭਲਾ ਆਖ ਕੇ ਕੋਈ ਨਰਕਾਂ ਦਾ ਭਾਗੀ ਬਣੂ ਕਿ ਨਾ ਬਣੂ... ਬੋਲਦਾ ਨਈਂ।"

"ਇਹ ਨਰਕ-ਸੁਰਗ ਦੀਆਂ ਘਾਣੀਆਂ ਫੇਰ ਪਾ ਲਿਓ, ਪਹਿਲਾਂ ਛਾਡੀ ਗਲੀ ਪੱਕੀ ਕਰਨ ਦੀ ਗੱਲ ਤੋਰੋ...", ਲੀਹੋਂ ਉੱਤਰੀ ਗੱਡ ਮੁੜ ਲੀਹ ਸਿਰ ਕਰਦਿਆਂ ਕੂੜੇ ਦਰਜੀ ਨੇ ਉਤਾਵਲਾ ਹੁੰਦੇ ਆਖਿਆ।

"ਕਰੋ ਜੀਈ ਕਰੋ, ਪਹਿਲਾਂ ਏਹਨਾਂ ਦੀ ਗਰੀਬੀ ਦੂਰ ਕਰੋ...ਬਾਕੀ ਦਾ ਕੰਮ ਫੇਰ ਦੇਖਿਆ ਜਾਊ...", ਚਾਨਣ ਸ਼ਾਹ ਭੇਂਗੇ ਦੀ ਸਹਿ-ਸੁਭਾ ਆਖੀ ਗੱਲ ਖਿੱਝੀ-ਖਪੀ ਪਰ੍ਹੇ ਅੰਦਰ ਜਿਵੇਂ ਹਾਸੇ ਦਾ ਛੱਟਾ ਮਾਰ ਗਈ।

"ਤੁਆਡੀ ਗਲੀ ਕਾਹਦੇ ਨਾਂ ਪੱਕੀ ਹੋਊ... ਪਿਛਲੇ ਰਜਿਸਟਰ ਤਾਂ ਐਣ ਸਫਾ-ਚੱਟ ਬੋਲਦੇ ਆ...", ਹੁਣ ਤਕ ਚੁੱਪ ਬੈਠੇ ਰਾਮ ਸੂੰਹ ਗਿਆਨੀ ਤੋਂ ਸਾਰਾ ਤਾਣ ਲਾ ਕੇ ਮਸਾਂ ਏਨੀ ਗੱਲ ਪੂਰੀ ਹੋਈ।

"ਆਹੋ, ਫੌਜਾ ਖਾ ਗਿਆ ਹੋਣਾ ਤਾਡ੍ਹੋ ਜਰਿਸਟਰ... ਫੌਜੇ ਨੂੰ ਮਾੜਾ-ਚੰਗਾ ਕੇਹਣ ਤੋਂ ਪਹਿਲਾਂ ਆਪਣੇ ਅੰਦਰੀਂ ਝਾਤੀ ਮਾਰੋ...ਓ...", ...ਵੱਡੇ ਧਰਮ ਪੁੱਤਰ...", ਸਾਬਕਾ ਸਰਪੰਚ ਦਾ ਪੱਖ ਪੂਰਦੇ ਤਾਰੇ ਨੇ ਲੋਕੇ ਲੰਬੜ ਨੂੰ ਫਿਰ ਹੁੱਝ ਮਾਰੀ।



ਪਾਨਾਮਾ ਸਿਗਰੇਟ ਦੇ ਨਿੱਕੇ-ਨਿੱਕੇ ਕਸ਼ ਭਰਦੇ ਲੋਕ ਨਾਥ ਲੰਬੜ ਦੀ ਚਾਰੇ ਪਾਸੇ ਘੁੰਮਦੀ ਤਿੱਖੀ-ਬਾਰੀਕ ਨਿਗਾਹ ਨੇ ਭਲੀ-ਭਾਂਤ ਜਾਂਚ ਲਿਆ ਕਿ ਖਿੱਝੇ-ਖਪੇ ਤਾਰੇ ਦੇ ਚੌੜੇ ਚਮਕਦਾਰ ਚਿਹਰੇ ਦੀ ਨੁਹਾਰ ਹੌਰੂੰ ਹੌਰੂੰ ਜਿਹੀ ਕੁਸੈਲੀ ਭਾਅ ਮਾਰਨ ਲੱਗ ਪਈ ਹੈ। ਰਾਮ ਸੂੰਹ ਗਿਆਨੀ ਨਾਲ ਨਿੱਕੀਆਂ-ਨਿੱਕੀਆਂ ਗੱਲਾਂ ਕਰਦਾ ਉਹ ਪਰ੍ਹੇ ਅੰਦਰ ਖਿਲਰੇ ਬੋਲ-ਬੁਲਾਰੇ ਨਾਲ ਲਗਾਤਾਰ ਜੁੜਿਆ ਰਿਹਾ।

ਕੂੜੇ ਦਰਜ਼ੀ ਦੁਆਲੇ ਝੁਰਮਟ ਬਣੇ ਕੰਮੀ-ਪੰਚਾਂ ਦੀ ਘੁਸਰ ਮੁਸਰ ਅੰਦਰ ਘਿਰੀ ਅਲੋਕਾਰ ਤੰਦ ਉਸ ਨੇ ਬੜੀ ਸੌਖ ਨਾਲ ਫੜ੍ਹ ਕੇ ਆਪਣੇ ਕਾਬੂ ਕਰ ਲਈ।

"ਭਲਾ ਕਿੰਨੀ ਕੁ ਇੱਟ ਲੱਗੂ ਪ੍ਰਤਾਪ ਸਿਆਂ ਏਨ੍ਹਾਂ ਦੀ ਗਲੀ ਨੂੰ... ਬੋਲਦਾ ਨਈਂ।" ਉਸ ਨੇ ਲਾਗੇ ਬੈਠੇ ਰਾਜ ਮਿਸਤਰੀ ਭਾਈ ਨੂੰ ਜਾਣ ਬੁੱਝ ਕੇ ਉੱਚੀ ਆਵਾਜ਼ ਮਾਰੀ।

"ਏਹੋ ਕੋਈ ਦਸ-ਬਾਰਾਂ 'ਜ਼ਾਰ...", ਅਟੇ ਸਟੇ ਦਾ ਅੰਦਾਜ਼ਾ ਸੁਣ ਕੇ ਬਰਾਦਰੀ ਪੰਚਾਂ ਦੇ ਕੰਨ ਛਾਲ ਮਾਰ ਕੇ ਖੜ੍ਹੇ ਹੋ ਗਏ।

"ਠੀਈਕਆ... ਠੀਈਕਆ... ਪੰਜਾਂ-ਚੌਂਹ ਨੂੰ ਏਨ੍ਹਾਂ ਦੇ ਇੱਟ ਪੁਜਦੀ ਹੋ ਜਊ... ਪੈਹੇ ਧੇਲੇ ਦਾ 'ਹਾਬ ਫੇਰ ਹੁੰਦਾ ਰਊ... ਬੋਲਦੇ ਨਈਂ। ਭਾਆਈ ਕੂੜਿਆ ਮਿੱਟੀ-ਛਿੱਟੀ ਦਾ ਕੰਮ ਮੁਕਦਾ ਕਰ ਲਓ...। ...ਹਾਡੀ ਅਲੋਂ ਕੋਈ ਢਿੱਲ ਨਈਂ...ਬੋਲਦੇ ਨਈਂ !"

ਟਕੇ ਟਕੇ ਦੀ ਕਿਰਸ ਕਰਨ ਵਾਲੇ ਲੰਬੜ ਦੀ ਪਹਾੜ-ਜਿੱਡੀ ਖੁਲ੍ਹ-ਦਿਲੀ ਸੁਣ ਕੇ ਪੰਚਾਂ ਸਮੇਤ ਪਰ੍ਹੇ ਹੈਰਾਨ-ਪ੍ਰੇਸ਼ਾਨ ਰਹਿ ਗਈ।

ਰਵੀਦਾਸੀਆਂ-ਮਹਾਸ਼ਿਆਂ ਵਿਹੜੇ ਜਾਂਦੀ ਪਿੰਡ ਦੀ ਇਕੋ ਇਕ ਬੰਦ ਗਲੀ ਨੂੰ ਪੱਕਿਆਂ ਕਰਨ ਦੀ ਗੱਲ, ਪਹਿਲਾਂ ਜਦ ਵੀ ਕਦੀ ਤੁਰੀ, ਇਹੋ ਲੰਬੜ ਕੋਈ ਨਾ ਕੋਈ ਢੁੱਚਰ ਢਾਹੁਣ ਵਿਚ ਸਭ ਤੋਂ ਅੱਗੇ ਹੁੰਦਾ। ਕਦੀ ਆਖ਼ਦਾ—'ਪਹਿਲਾਂ ਸਾਂਝੇ ਰਾਹ ਮੁਕਦੇ ਕਰ ਲਓ, ਜਿਥੋਂ ਹਰ ਕਿਸੇ ਨੇ ਲੰਘਣਾ...।' ਕਦੀ ਕਹਿੰਦਾ—'ਭੋਰਾ ਕੁ ਜਿੰਨੀ ਇਨ੍ਹਾਂ ਦੀ ਗਲੀ ਆ... ਏਹ ਤਾਂ ਸੌਹਰੀ ਰੇਂਦ-ਖੂੰਦ ਨਾਲ ਈ ਪੱਕੀ ਹੋ ਜਾਣੀ ਆਂ... ਬੋਲਦੇ ਨਈਂ।' ਪਰ ਹੁਣ ਪੈਂਦੀ ਸੱਟੇ ਉਸ ਵੱਲੋਂ ਕੀਤਾ ਸੋਕਾ-ਰੀਲੀਫ ਵਰਗਾ ਇਕ-ਤਰਫਾ ਐਲਾਨ, ਇਕ ਤੀਰ ਨਾਲ ਕਈ ਨਿਸ਼ਾਨੇ ਵਿੰਨ੍ਹ ਗਿਆ।

"ਮੱਖ, ਕੂੜਿਆ... ਤੂੰ ਭਰਤੀ-ਸ਼ਰਤੀ ਲਈ ਤਾਰਾ ਸ਼ੰਹ ਦੀ ਮਿੰਨਤ-ਛਿੰਨਤ ਕਰ ਲਈਂ... ਕੰਮ ਮੁਕਦਾ ਹੋਊ ਟੈਮ ਨਾ... ਬੋਲਦਾ ਨਈਂ। ਮੈਂ ਜਾਣਾ ਲੇਬਰ ਲੈਣ ਯੂਪੀਓਂ ਅੱਜ-ਭਲਕੇ... ਮੇਰੇ ਆਉਂਦੇ ਨੂੰ ਇਹ ਕੰਮ ਜ਼ਰੂਰ ਕਰ ਲਿਓ, ਪੋਰਖ ਨਾ... ਬੋਲਦਾ ਨਈਂ !"

ਲੰਬੜ ਦੇ ਉਠਦਿਆਂ ਸਾਰ ਰਾਮ ਸੂੰਹ ਗਿਆਨੀ ਦੀ ਸਰਪੰਚੀ ਹੇਠ ਜੁੜੀ ਬਾਹਮਣੀਵਾਲ ਪਿੰਡ ਦੀ ਨਵੀਂ ਪੰਚਾਇਤ ਇਕ ਇਕ ਕਰਕੇ ਖਿਲਰ ਗਈ। ਤਪਿਆ-ਖਪਿਆ ਤਾਰਾ ਸੂੰਹ ਲੂਈਂ ਛੰਡਦਾ ਸਿੱਧਾ ਖੇਤਾਂ ਵਿਚਲੇ ਡੇਰੇ ਵੱਲ ਨੂੰ ਤੁਰ ਗਿਆ। ਪ੍ਰਤਾਪ ਸੂੰਹ ਭਾਈ, ਕੂੜਾ ਦਰਜ਼ੀ ਤੇ ਗੁਲਜ਼ਾਰ ਮਸੀਹ ਪੰਚ, ਭਰਤੀ ਪਾਉਣ ਦੀਆਂ ਵਿਉਂਤਾਂ ਬਣਾਉਂਦੇ, 'ਪੱਕੇ ਪੈਹੇ ਦੀ ਕੱਚੀ ਵੱਟ 'ਤੇ ਜਾ ਖੜੋਏ।

"ਸ਼ਾਬਾਖ਼ੇ ਬਈ ਸ਼ਾਬਾਖ਼ੇ...ਮੈਂ ਆਹਨਾਂ ਛੱਡ ਈ ਗੱਲਾਂ ਦਿਓ ਲੰਬੜ ਆਲੀਆਂ ਕਿ ਪੂਰਾ ਨੰਗ ਈ ਨੰਗ.. ਦੇਖ ਲੈ ਕੇਹੜੀ ਕਰਤੀਬ ਮਾਰੀ ਆ... ਪੂਰੇ ਟੈਟ ਕਰਤੇ ਸਾਰੇਈ ਕਿ...ਸ਼ਾਬਾਖੇ ਬਈ ਸ਼ਾਬਾਖੇ ...", ਦਲ-ਬਦਲੀ ਕਰਕੇ ਬੋਲਿਆ ਨਾਜ਼ਰ ਉੱਠਣ ਲੱਗੇ ਜੱਟਾਂ ਨੂੰ ਇਕ ਪਲ ਫਿਰ ਰੁਕਦੇ ਕਰ ਗਿਆ।

"ਸ਼ਾਬਾਖ਼ੇ ਬਈ ਸ਼ਾਬਾਖ਼ੇ...ਮੈਂ ਆਹਨਾਂ ਛੱਡ ਈ ਗੱਲਾਂ ਦਿਓ ਅਮਲੀ ਆਲੀਆਂ, ਹੁਣ ਤਾਂ ਟਿੱਡੀਆਂ ਨੂੰ ਛਿੱਕਾਂ ਆਉਣ ਲੱਗ ਪਈਈਆਂ ਕਿ...ਅਮਲੀ-ਠਮਲੀ ਵੀ ਹੁਣ ਤਾਂ ਕੰਮ ਦੀਆਂ ਗੱਲਾਂ ਕਰਨ ਲੱਗ ਪਏ ਆ", ਨਾਜ਼ਰ ਅਮਲੀ ਦੀ ਸਾਂਗ ਲਾਕੇ ਬੋਲਿਆ ਫੌਜਾ ਸੂੰਹ ਮੱਲ੍ਹੀ ਤੁਰੀ ਜਾਂਦੀ ਪਰ੍ਹੇ ਨੂੰ ਜਿਵੇਂ ਹਾਸੇ ਦੀ ਝੁਣਝੁਣੀ ਦੇ ਗਿਆ।

ਚਾਰ ਕੁ ਲਾਂਘਾਂ ਹਟਵਾਂ ਖੜਾ ਸ਼ਾਮ ਸੁੰਦਰ ਮਾਸਟਰ ਵੀ ਅਮਲੀ ਦੀ ਗੱਲ ਸੁਣ ਕੇ ਕੌੜਾ ਕੌੜਾ ਜਿਹਾ ਮੁਸਕਰਾ ਪਿਆ।

"ਕਿਉਂ ਮਾਹਟਰ ਕਿੱਦਾਂ ਕਰੀਏ ਫਏ...ਲੰਬੜ ਤਾਂ ਸੁਹਰਾ ਅਪਣਾ ਦਾਅ ਫਿਰ ਮਾਰ ਗਿਆ..." ਬਰਾਦਰੀ ਪੰਚਾਂ ਨਾਲ ਚਲਦਾ ਸਲਾਹ-ਮਸ਼ਵਰਾ ਵਿਚਕਾਰ ਛੱਡ ਕੇ ਕੂੜੇ ਦਰਜੀ ਨੇ ਸ਼ਾਮ ਸੁੰਦਰ ਮਾਸਟਰ ਨੂੰ ਮਲਕੜੇ ਜਿਹੇ ਆ ਪੁੱਛਿਆ।

"ਕਰਨੀ ਕਿੱਦਾਂ ਆਂ ਮਿਟੀ ਤਾਂ ਆਪਾਂ ਨੂੰ ਈ ਪਾਉਣੀ ਪਊ, ਅਪਣੇ ਪਾਸੇ..."

"ਆਹੀ ਤਾਂ ਛੌਹਰਾ ਰੇੜਕਾ...ਮਿੱਟੀ ਪਾਉਣੀ ਕਿੱਥੇਂ ਆਂ...ਨਿਆਈਆਂ 'ਚੋਂ ਅਗਲਿਆਂ ਚੁਕਣ ਨਈਂ ਦੇਣੀ, ਕਹਿਣਾ ਕਣਕ ਬੀਜਤੀ ਆ...।"

"ਸ਼ਾਮ ਲਾਟੋਂ ਲਿਆਓ ਫਿਰ...!"

"ਲਿਆਈਏ ਕਿੱਦਾਂ...ਸਿਰਾਂ 'ਤੇ ਕਿੱਦਾਂ ਆਊ ਐਨੀ . ?"

ਬੇਬਸ ਜਿਹੇ ਦਿਸਦੇ ਉਹ ਦੋਨੋਂ ਆਪਣੀ ਆਪਣੀ ਥਾਂ ਚੁੱਪ-ਚਾਪ ਖੜੇ ਕਿਸੇ ਡੂੰਘੀ ਡੂੰਘਾਣ ਅੰਦਰ ਉੱਤਰ ਗਏ। ਤਾਰੇ ਮੱਲ੍ਹੀ ਨਾਲ ਹੋਇਆ ਹੁਣੇ-ਹੁਣੇ ਦਾ ਬੋਲ-ਬੁਰਾਲਾ, ਪੱਕੀ ਹੋਣ ਲੱਗੀ, ਕੱਚੀ ਗਲ੍ਹੀ ਵਿਚਾਲੇ ਦਲਦਲ ਵਾਂਗ ਵਿਛ ਗਿਆ।

ਇਸ 'ਖੋਭੇ' ਅੰਦਰ ਗਰਕ ਹੋਣੋਂ ਬਚਣ ਲਈ, ਕਿੰਨਾ ਕੁਝ ਸੋਚ ਵਿਚਾਰ ਕੇ ਆਖ਼ਿਰ ਉਹ ਦੋਨੋਂ ਤਾਰੇ ਮੱਲ੍ਹੀ ਦੇ ਡੇਰੇ ਪਹੁੰਚ ਗਏ।

ਢਾਈ ਤਿੰਨ ਕਨਾਲ ਥਾਂ ਨੂੰ ਕੀਤੇ ਵਾਗਲੇ ਦਾ ਵੱਡਾ ਫਾਟਕ ਅੱਧ-ਪਚੱਧਾ ਖੁੱਲ੍ਹਾ ਪਿਆ ਸੀ। ਉੱਤਰ ਪਾਸੇ ਬਣੀ ਲੰਮੀ ਪੱਕੀ ਖੁਰਲੀ 'ਤੇ ਦਸ-ਬਾਰਾਂ ਦੁਧਾਰ-ਡੰਗਰ ਅਲ-ਸਾਏ ਖੜ੍ਹੇ ਜੁਗਾਲੀ ਮਾਰ ਰਹੇ ਸਨ। ਸਾਹਮਣਲੀ ਕੰਧ ਨਾਲ ਬਣੇ ਬਰਾਂਡੇ ਹੇਠ ਧਰੇ ਡਰਿਲ-ਟਰੈਕਟਰ-ਟਰਾਲੀ ਕਣਕ ਬੀਜਣ ਪਿਛੋਂ ਜਿਵੇਂ ਘੂਕ ਸੁੱਤੇ ਪਏ ਸਨ। ਵਾਗਲੇ ਦੀ ਦੱਖਣੀ ਬਾਹੀ ਕੋਠੀ ਨੁਮਾ ਕਮਰਿਆਂ ਸਾਹਮਣੇ ਤਾਰਾ ਸੂੰਹ ਮੱਲ੍ਹੀ ਬੈਂਤ ਦੀ ਆਰਾਮ ਕੁਰਸੀ 'ਤੇ ਅੱਖਾਂ ਮੀਟੀ ਅੱਧ-ਲੇਟਿਆ ਪਿਆ ਸੀ।

ਵੱਡੇ ਫਾਟਕ 'ਤੇ ਹੋਈ ਹਲਕੀ ਜਿਹੀ ਆਹਟ ਸੁਣ ਕੇ ਤਾਰਾ ਸੂੰਹ ਮੱਲ੍ਹੀ ਇਕ ਵਾਰ ਦੋਨੋਂ ਅੱਖਾਂ ਪੱਟ ਕੇ, ਫਿਰ ਉਵੇਂ ਦਾ ਉਵੇਂ ਪੈ ਗਿਆ। ਮੁਲਜ਼ਮਾਂ ਵਾਂਗ ਸਹਿਮਿਆਂ ਕੂੜਾ, ਸ਼ਾਮ ਸੁੰਦਰ ਦੇ ਪਿੱਛੇ ਪਿੱਛੇ ਤੁਰਦਾ, ਕੁਰਸੀਓਂ ਥੋੜਾ ਕੁ ਹਟਵਾਂ ਆ ਖੜਾ ਹੋਇਆ।



ਝਕਦੇ ਝਕਦੇ ਸ਼ਾਮ ਸੁੰਦਰ ਨੇ ਕੋਠੀ ਨਾਲ ਜੁੜਵੇਂ ਬਰਾਂਡੇ 'ਚ ਪਈ ਬੈਂਤ ਦੀ ਦੂਜੀ ਕੁਰਸੀ ਤਾਰਾ ਸੂੰਹ ਮੱਲ੍ਹੀ ਕੋਲ ਨੂੰ ਸਰਕਾ ਲਈ।

"ਆ ਮਾਹਟਰਾ ਕਿੱਦਾਂ ਆਉਣ ਹੋਇਆ...," ਜਾਣ ਬੁਝ ਕੇ ਤਾਰੇ ਨੇ ਕੂੜੇ ਦਰਜ਼ੀ ਵੱਲ ਨੂੰ ਕੰਡ ਕਰ ਲਈ।

ਥੋੜ੍ਹੀ ਕੁ ਜਿੰਨੀ ਭੂਮਿਕਾ ਬੰਨ੍ਹ ਕੇ ਸ਼ਾਮ ਸੁੰਦਰ ਮਾਸਟਰ ਨੇ ਸਿੱਧਾ ਕੇਂਦਰੀ ਨੁਕਤਾ ਜਾ ਛੋਹਿਆ—"ਤੁਸੀਂ ਸਭ ਕੁਝ ਜਾਣਦੇਈ ਓ ਸਰਦਾਰ ਬਹਾਦਰ; ਤੁਆਡਾ ਦੋਨਾਂ ਧਿਰਾਂ ਦਾ ਇਕ ਦੂਜੀ ਬਿਨਾਂ ਰਤੀ ਭੋਰ ਗੁਜ਼ਾਰਾ ਨਈਂ ਨਾ ਕਿਸਾਨ ਦਾ ਦਿਹਾੜੀਦਾਰ ਬਿਨਾ ਸਰਦਆ ਨਾ ਕੰਮੀਆਂ-ਦਿਹਾੜੀਦਾਰਾਂ ਦੀ ਕਿਸਾਨ ਬਿਨਾਂ ਡੰਗ-ਟਪਾਈ ਹੁੰਦੀ ਐ...".

"ਮੈਂ ਕਦ ਕਿਹਾ, ਹੁੰਦੀ ਆ...," ਭਰਿਆ ਪੀਤਾ ਤਾਰਾ ਬੇਧਿਆਨਾ ਬੈਠਾ ਰਿਹਾ।

ਸ਼ਾਮ ਸੁੰਦਰ ਮਾਸਟਰ ਨੇ ਰੁਕੀ ਦਿਸਦੀ ਗੱਲ ਹੋਰ ਪਾਸੇ ਮੋੜ ਲਈ—"... ਪਰ੍ਹੇ ਪਰੈਤ ਦਾ ਕੱਠ-ਵੱਠ ਤਾਂ ਭੈਣਾਂ-ਭਰਾਵਾਂ 'ਚ ਪਏ ਸਿਰ-ਵਢਮੇਂ ਪਾਟਕਾਂ ਤੱਕ ਪੂਰ ਛੱਡਦਆ...ਆ, ਪਰ ਆਹ ਸਾਡੇ ਪਿੰਡ ਦਾ ਸੌਹਰਾ ਗੁਰੂ-ਪੀਰ ਈ ਅੱਲਿਹਦਆ"।

"ਆਹ ਤੇਰਾਈ ਖੜਪੰਚ ਆਕੜਿਆ ਫਿਰਦਆ...ਦੇਖ ਲੈਣ ਦੇ ਚਾਰ ਦਿਨ ਇਨ੍ਹੂੰ ਲੰਬੜ ਦੇ ਢੂਹੇ 'ਚ ਵੜ ਕੇਏ...," ਆਲੂਆਂ ਦੇ ਰਹਿੰਦੇ ਪੰਜ-ਛੇ ਖੇਤਾਂ ਦੀ ਪਟਾਈ ਧਿਆਨ ਗੋਚਰੇ ਰੱਖਦਿਆਂ ਤਾਰਾ ਸੂੰਹ ਮੱਲ੍ਹੀ ਨੇ ਬੇ-ਕਾਬੂ ਹੁੰਦੇ ਗੁੱਸੇ ਨੂੰ ਪੂਰੇ ਜ਼ੋਰ ਨਾਲ ਸਾਂਭਿਆ ਪਰ ਕੂੜੇ ਦਰਜੀ ਦੀ ਕੰਡ ਉੱਪਰ ਧਰੀ ਲੱਤ, ਉਸ ਦੀ ਧੌਣ ਦੇ ਮਣਕੇ ਵੱਲ ਨੂੰ ਸਰਕਦੀ ਕਰਨ ਹਿੱਤ ਉਸ ਨੇ ਪਾਸ਼ੇ ਦੇ ਕਤਲ ਵਾਲੀ ਕਹਾਣੀ ਪੈਂਦੀ ਸੱਟੇ ਉਸ ਨੂੰ ਚਿਤਾਰ ਦਿੱਤੀ--"...ਕੁੱਤੇ ਦੀ ਪੂਛ ਸਾਲੀ ਬਾਰੀਂ ਸਾਲੀਂ ਵੀ ਵਿੰਗੀ ਦੀ ਵਿੰਗੀ ਈ ਨਿਕਲੀ ਸੀ, ਬਾਂਸਦੇ ਨੌਲਕੇ 'ਚੋਂ...ਤੇਰਾ ਤਾਂ ਜੁਆਈ ਅਜੇ ਕਲ੍ਹ ਮਰਿਆ, ਧੀ ਚੋਦਆ ...ਲੀਡਰਾ "।

ਨੀਵੀਂ ਪਾਈ ਖੜੇ ਕੂੜੇ ਦਰਜੀ ਦਾ ਸਾਰਾ ਵਜੂਦ ਪਿੱਛਲ-ਖੁਰੀ ਤੁਰਿਆ ਚਾਰ ਵਰ੍ਹੇ ਪਹਿਲਾਂ ਵਾਪਰੀ, ਦੁਰਘਟਨਾ ਦੀ ਕਾਲਖ ਅੰਦਰ ਜਾ ਘਿਰਿਆ।

ਮਾੜੂ ਮੋਚੀ ਦੇ ਦੋਨੋਂ ਮੁੰਡਿਆਂ ਨਾਲ ਭਿਆਲੀ ਕਰ ਕੇ ਲੱਕੜ ਦਾ ਵਿਉਪਾਰ ਕਰਦੇ ਕੂੜੇ ਦਰਜੀ ਦਾ ਵੱਡਾ ਜੁਆਈ ਪਾਸ਼ਾ ਤੇ ਉਸਦਾ ਆਪਣਾ ਛੋਟਾ ਮੀਤਾ, ਇਕ ਤਰਕਾਲੀਂ ਨਿੱਤ ਚਲਦੀ ਦਾਰੂ ਦੇ ਪੁੱਠੇ ਗੇੜ 'ਚ ਵਗਲੇ ਗਏ। ਰੋਜ਼ ਵਾਂਗ ਉਹਨਾਂ ਚੌਹਾਂ, ਇਕ ਸ਼ੀਸ਼ੀ ਠੇਕਿਉਂ ਬਾਹਰ ਖੜਿਆਂ-ਖੜੋਤਿਆਂ ਦੋ-ਦੋ ਹਾੜੇ ਕਰਕੇ ਮੁਕਦੀ ਕਰ ਲਈ ਦੂਜੀ ਬੋਤਲ, ਮੀਤੇ ਨੇ ਚਾਦਰੇ ਦੀ ਕੰਨੀ ਲੜ ਅੜੁੰਗ ਕੇ ਰੋਟੀ ਲਈ ਸਾਂਭ ਲਈ, ਦੋ ਸਾਈਕਲਾਂ 'ਤੇ ਚੜ੍ਹੇ ਡੁਲਕਦੇ ਉਹ ਚਾਰੇ ਨਵੇਂ ਲਾਏ ਟੱਕ ਵੱਲ ਦੀ ਹੋ ਕੇ ਪਿੰਡ ਜਾਣ ਨੂੰ ਨਿਕਲ ਤੁਰੇ। ਅੱਡਿਓਂ ਦੋ ਕੁ ਪੈਲੀਆਂ ਬਾਹਰ ਆ ਪਾਸ਼ਾ ਕੱਚੇ ਰਾਹ 'ਤੇ ਚਲਦੀ ਬੰਬੀ ਲਾਗੇ ਅੜ ਕੇ ਖਲੋ ਗਿਆ—ਅਖੇ, "ਮੇਰਾ ਨਈਂ ਬਣਿਆ ਕੁਸ਼ਬੀ..."।

"ਨਈ ਬਣਿਆ ਨਾ ਸਈ, ਖੜਾ ਰੌਹ ਹੈਥੇਈ...ਆਪਾਂ ਚੱਲੇ ;" ਤੈਸ਼ 'ਚ ਆਏ ਮੀਤੇ ਨੇ ਉਸ ਨੂੰ ਹਲਕਾ ਜਿਹਾ ਧੱਕਾ ਮਾਰ ਕੇ ਸਾਈਕਲ ਆਪਣੇ ਇਕੱਲੇ ਹੇਠ ਕਰ ਲਿਆ।

ਵੱਡੀ ਫ਼ਿਰਨੀ ਦਾ ਚੁਰਸਤਾ ਲੰਘ ਕੇ ਉਹ ਤਿੰਨੋਂ ਪਿਛਾਂਹ ਰਹਿ ਗਏ ਪਾਸ਼ੇ ਦੀ

ਡੁਲਕਦੀ ਪੈੜ-ਚਾਲ ਉਡੀਕਦੇ ਰਹੇ। ਪਰ'ਘੰਟਾ ਭਰ ਬੀਤ ਜਾਣ 'ਤੇ ਵੀ ਉਹਨਾਂ ਮਗਰ ਕੋਈ ਨਾ ਪਹੁੰਚਿਆ। ਪਹਿਲੋਂ ਪੀਤੀ ਦੇਸੀ ਦਾ ਉਤਾਰ, ਉਬਾਸੀਆਂ ਮਾਰਦਾ ਦੋਹਰੇ ਫ਼ਿਕਰ ਅੰਦਰ ਘਿਰਨ ਲੱਗਾ। ਆਖਿਰ ਮੀਤੇ ਨੇ ਸਾਈਕਲ ਪਿਛਾਂਹ ਮੋੜ ਲਿਆ। ਬੰਬੀ ਦੀ ਭਰੀ ਖਾਲ੍ਹ ਵਿਚਕਾਰ ਬੇਸੁੱਧ ਹੋਇਆ ਪਾਸ਼ਾ ਚੌੜ ਚਪੱਟ ਡਿਗਿਆ ਪਿਆ ਸੀ। ਉਸਦੀ ਭਾਰੀ ਦੇਹ ਦੀ ਡਾਫ਼ ਨਾਲ ਉੱਛਲਿਆ ਪਾਣੀ ਕੱਚੇ ਰਾਹ ਨੂੰ ਵਗਦਾ ਚੰਨ-ਚਾਨਣੀ ਵਾਂਗ ਚਮਕ ਰਿਹਾ ਸੀ।

ਪਾਸ਼ੇ ਨੂੰ 'ਡੁਬਿਆ' ਪਿਆ ਦੇਖ ਕੇ ਮੀਤੇ ਦੀ ਖਾਨਿਓਂ ਜਾਂਦੀ ਰਹੀ। ਲੇਰ ਜਿਹੀ ਮਾਰ ਕੇ ਉਸ ਨੇ ਮਾੜੂ ਦੇ ਮੁੰਡਿਆਂ ਨੂੰ ਸਾਂਝੀ 'ਵਾਜ਼ ਮਾਰੀ। ਤੱਤ-ਫੜੱਤੇ ਦੋਨੋਂ ਮੁੰਡੇ ਸਾਈਕਲ 'ਤੇ ਲੱਤ ਚਾੜ੍ਹ ਮੁੜ ਬੰਬੀ 'ਤੇ ਪਹੁੰਚ ਗਏ। ਹਿੰਮਤ ਕਰਕੇ ਉਹਨਾਂ ਪਾਸ਼ੇ ਨੂੰ ਵਗਦੀ ਆੜ 'ਚੋਂ ਬਾਹਰ ਖਿੱਚ ਲਿਆ। ਉਸਦੀ ਛਾਤੀ 'ਤੇ ਹੱਥ ਰੱਖਕੇ ਦਿਲ ਦੀ ਧੜਕਣ ਟੋਹੀ। ਸਾਹ ਚੱਲਣ ਨਾ ਚੱਲਣ ਬਾਰੇ ਉਹਨਾਂ ਨੂੰ ਕੋਈ ਸਮਝ ਨਾ ਆਈ। ਨੱਠਾ-ਨੱਠਾ ਭਜਨੀ ਸਰਾਂ ਵਾਲੇ ਅੱਡੇ 'ਤੇ ਪਹੁੰਚ ਗਿਆ। ਜਾਣੂ-ਪਛਾਣੂ ਹਰ ਛੋਟੇ ਵੱਡੇ ਨੂੰ ਲੱਭ ਕੇ ਸਾਰੀ ਵਿਥਿਆ ਦੱਸੀ।...ਹੱਛਾ ਚਲਦੇ ਆਂ... ਹੁਣੇ ਆਇਆ ਬੱਸ...ਤੂੰ ਚੱਲ ਮੈਂ ਪੁੱਜਾ ਜਾਣ..., ਟਾਲਮ-ਟੋਲ ਕਰਕੇ ਸਾਰੇ ਖ਼ਿਸਕ ਗਏ। ਠੇਕੇ 'ਚ ਬੈਠੇ ਜਾਗਰ ਕੋਲ ਉਹਨੇ ਕਈ ਲਿਹਲੜੀਆਂ ਕੱਢੀਆਂ। ਜਾਗਰ ਠੇਕਾ ਬੰਦ ਕਰਕੇ ਝੱਟ ਤਿੱਤਰ ਹੋ ਗਿਆ। ਲਾਚਾਰ ਹੋਇਆ ਭਜਨੀ ਮੁੜ ਬੰਬੀ 'ਤੇ ਪਰਤ ਆਇਆ। ਦੋਨਾਂ ਛੋਟਿਆਂ ਨੂੰ ਡੁਸਕਦਿਆਂ ਦੇਖ, ਉਹ ਹੋਰ ਵੀ ਸਹਿਮ ਗਿਆ।

"ਤੂੰ ਪਿੰਡ ਨੂੰ ਜਾਹਾ...ਅਪਣੇ ਭਾਈਏ ਨੂੰ ਸੱਦ ਲਿਆ, ਨੱਠ ; ਕੇ...," ਕੋਈ ਪੇਸ਼ ਨਾ ਜਾਂਦੀ ਦੇਖ ਕੇ ਭਜਨੀ ਨੇ ਮੀਤੇ ਨੂੰ ਪਿੰਡ ਭੇਜ ਦਿੱਤਾ।

ਰਾਤ ਅੱਧੀਓਂ ਟੱਪ ਚੁੱਕੀ ਸੀ। ਪਿੰਡ ਦੀ ਸਾਰੀ ਚੁਮਾੜਲੀ ਕੂੜੇ ਦਰਜੀ ਦੇ ਜੁਆਈ ਦੀ ਲੋਥ ਲਾਗੇ ਆ ਇਕੱਠੀ ਹੋਈ।

ਚਲਦੀਆਂ ਗੱਲਾਂ 'ਚ ਪਾਸ਼ੇ ਨੂੰ ਚੁੱਪ-ਚਪੀਤੇ ਸਮੇਟਣ ਦੀਆਂ ਸਲਾਹਾਂ ਹੋਣ ਲੱਗੀਆਂ, ਪਰ ਧਾਹਾਂ ਮਾਰਦਾ ਕੂੜਾ ਦਰਜੀ ਸੱਭ ਨੂੰ ਟੁੱਟ ਕੇ ਪੈ ਗਿਆ—"...ਧੀ ਮੇਰੀ ਰੰਡੀ ਹੋ ਕੇ ਘਰ ਬੈਅਠਗੀ, ਛਾਲਿਓ... ਤਾਨੂੰ ਹੋਰਈ ਘੁਣਤਰਾਂ ਸੁਜਦੀਆਂ...ਹੂੰਅ...ਹੂੰਅ..."।

ਅਗਲੇ ਦਿਨ ਤੜਕਸਾਰ ਪਾਸ਼ੇ ਦੀ ਮੌਤ ਦੀ ਖ਼ਬਰ ਦਿਨ ਦੇ ਚੜ੍ਹਾਅ ਵਾਂਗ ਹਰ ਪਾਸੇ ਖਿੱਲਰ ਗਈ। ਕੋਈ ਜਣਾ ਹਿੰਮਤ ਕਰਕੇ ਕਠਾਰੋਂ ਪਾਸ਼ੇ ਦੇ ਘਰਦਿਆਂ ਨੂੰ ਸੱਦ ਲਿਆਇਆ। ਧਾਹਾਂ ਮਾਰਦੀ ਸ਼ੀਲੋ ਪਤੀ ਦੀ ਲਾਸ਼ 'ਤੇ ਆ ਡਿੱਗੀ।

ਬਾਹਮਣੀਵਾਲ ਪਿੰਡ ਦੀ ਸਾਰੀ ਪੰਚਾਇਤ ਤਾਰੇ ਮੱਲ੍ਹੀ ਦੀ ਟਰਾਲੀ 'ਚ ਬੈਠ ਕੂੜੇ ਦਰਜੀ ਦੀ ਹਮਾਇਤ 'ਤੇ ਪਹੁੰਚ ਗਈ। ਲੋਕ ਨਾਥ ਲੰਬੜ, ਲਾਗਲੇ ਪਿੰਡਾਂ ਤੋਂ ਕਈ ਸਾਰੇ ਮੇਲੀ-ਗੇਲੀ ਹੋਰ ਵੀ ਇਕੱਠੇ ਕਰ ਲਿਆਇਆ। ਗਿਰਝਾਂ ਵਾਂਗ ਥਾਣਾ ਵੀ ਕਿਧਰੋਂ ਧਿਰਤਾ ਸੂੰਹ ਬਾਰੀਏ ਦੀ ਬੰਬੀ 'ਤੇ ਆ ਧਮਕਿਆ।

ਡਿੱਗਦੇ-ਢਹਿੰਦੇ ਪਹੁੰਚੇ ਪਾਸ਼ੇ ਦੇ ਘਰ ਦੇ ਸਾਰੇ ਜੀਅ ਆਉਂਦਿਆਂ ਸਾਰ ਸ਼ੀਲੋ ਦੇ ਘਰਦਿਆਂ ਗਲੀਂ ਲੱਗ ਕੀਰਨੇ ਪਾਉਣ ਲੱਗੇ। ਰੋ-ਖੱਪ ਚੁੱਕਿਆ ਹਰ ਕੋਈ ਇਕ-ਦੂਜੇ



ਨੂੰ ਬਣਦੀ ਸਰਦੀ ਢਾਰਸ ਦਿੰਦਾ ਰਿਹਾ। ਭਰਿਆ ਚਿੱਤ ਹੌਲਾ ਕਰਕੇ ਆਖ਼ਿਰ ਸੱਭ ਦੇ ਸੱਭ ਚੁੱਪ ਜਿਹੇ ਹੋ ਕੇ ਬੈਠ ਗਏ।

ਲੋਕ ਨਾਥ ਲੰਬੜ ਫਿਰ ਸੱਭ ਤੋਂ ਮੂਹਰੇ ਹੋ ਉੱਠਿਆ। ਮੱਢਿਓਂ ਫੜ ਕੇ ਪਾਸ਼ੇ ਦੇ ਮਾਂ-ਪਿਓ ਨੂੰ ਥੋੜਾ ਕੁ ਲਾਂਭੇ ਲੈ ਗਿਆ—"...ਦੇਖ ਕਿਰਪੀਏ...ਜੋ ਭਾਣਾ ਬਰਤਣਾ ਸੀ ਬਰਤ ਗਿਆ...ਬੋਲਦੀ ਨਈ! ਹੋਣੀ ਅੱਗੇ ਕਿਹੇ ਦੀ ਉਜਰ ਨਈਂ ਰੋਣ-ਧੋਣ ਦਾ ਵੇਲਾ ਨਈਂ ਹੁਣ, ਸਾਧੂ ਰਾਮਾ...ਬੋਲਦਾ ਨਈਂ! ਉਸ ਭੈੜੇ ਦੀ ਜਿੰਨੀ ਲਿਖੀਓ ਸੀ ਈ, ਓਨੀ ਉਹ ਭੋਗ ਕੇ ਤੁਰਦਾ ਬਣਿਆ ..ਬੋਲਦੇ ਨਈਂ! ਹੁਣ ਤੁਹੀ ਸਿਆਣਪ ਤੋਂ ਕੰਮ ਲਿਓ, ਸੋਚ-ਸਮਝ ਕੇ ਬਿਆਨ ਦੇਅਓ..."! ਨਈਂ ਸਾਰੇਈ ਫਾਹੇ ਲੱਗਣਗੇ ..ਵੀਹ ਵੀਹ ਸਾਲ ਤਾਂ ਵੱਟ 'ਤੇ ਪਈਆ ਸਮਝੋ...ਬੋਲਦੇ ਨਈਂ' !!

ਅੱਖਾਂ ਪੂੰਝਦੇ ਸਾਧੂ ਰਾਮ ਨੇ ਥੋੜਾ ਕੁ ਸੰਭਲ ਕੇ ਧਰਵਾਸ ਬੰਨ੍ਹੀ—"...ਨਾ ਛਰਕਾਰ ਅਹੀਂ ਨਈਂ ਬੋਲਦੇ ਬਾਫ਼ਰ ਦਾ ਕੋਈ ਬੀ ਬੋਲ...ਜਿੱਦਾਂ ਤੂੰ ਕੇਂਹੇ, ਕਰਾਂਗੇ... ਅਹੀਂ ਤੇਰੇ ਆਖੇ 'ਚ ਆਂ...ਇਕ ਘਰ ਤਾਂ ਉਜੜਿਆ ਈ ਉਜੜਿਆ, ਹੁਣ ਹੋਰ ਕਿਹੇ ਦੇ ਕਾਲਜੇ ਕਾਹਨੂੰ ਲੱਤ ਮਾਰਨੀ ਆਂ ਨਿਹੱਕ..."!

ਆਪਣੀ ਕੁ ਉਮਰ ਦੇ ਸਾਧੂ ਰਾਮ ਦਾ ਢਿਲਕਿਆ ਮੌਢਾ ਥਾਪੜਦਿਆਂ ਲੋਕ ਨਾਥ ਲੰਬੜ ਨੇ ਦੋ ਇਕ ਵਾਰ ਉਸ ਦੀਆਂ ਅੱਖਾਂ ਦੇ ਟੋਇਆਂ ਅੰਦਰ ਬਾਰੀਕ ਜਿਹੀ ਝਾਤ ਮਾਰੀ। ਪਰ, ਦੁੱਖ ਦਰਦ ਨਾਲ ਝੁਕੀਆਂ ਪਲਕਾਂ ਹੇਠ ਲਿਖੀ ਬੇ-ਬਸੀ ਦੀ ਲਿਖਤ, ਉਵੇਂ ਦੀ ਉਵੇਂ ਛਪੀ ਪੜ੍ਹਕੇ ਲੋਕ ਨਾਥ ਲੰਬੜ ਦੀ ਤੇਜ਼-ਤਰਾਰ ਜੀਭ ਬੱਸ ਏਨਾ ਕੁ ਆਖ ਕੇ ਚੁੱਪ ਹੋ ਗਈ—"...ਅੱਛਿਆ...ਰਾਮ ਭਲੀ ਕਰੂ...ਭਗਵਾਨ ਈ ਰਾਖਾ ਸੱਭਨਾਂ ਦਾਆ...!"

ਲੰਬੜ ਵੱਲੋਂ ਸਰਾ-ਸਰ ਬੇਧਿਆਨ ਹੋਇਆ ਸਾਧੂ ਰਾਮ ਆਪਣੇ ਮਨ 'ਤੇ ਪਏ ਭਾਰ ਨੂੰ ਹਲਕਾ ਕਰਦਾ ਆਪਣੀ ਰੌਂਅ 'ਚ ਬੋਲਦਾ ਗਿਆ —"...ਕੇੜ੍ਹਾ ਜਾਣਕੇ ਮਾਰਿਆ, ਅਪਣੀ ਮੌਤੇ ਆਪ ਮਰਿਆ ਕੰਜਰ ਦਾਆ...ਇਦ੍ਹੀ ਮਾਂ ਬਥੇਰਾ ਪਿਟਦੀ ਛੀ ਈ ਏਦ੍ਹੀ ਜਾਨ ਨੂੰ... ਨਾ ਮਰਿਆ ਕਰ ਐਨੀ...ਪਰ ਕੁੱਤੇ ਦਾ ਬੀਅ ਕਿਹੇ ਦੀ ਇਕ ਨਈਂ ਛੀਈ ਮੰਨਦਾ..."।

ਉਸ ਦਾ ਆਖਿਆ ਬੋਲਿਆ ਸਾਰਾ ਕੁਝ 'ਤਫ਼ਤੀਸ਼ੀ ਪੁਲਿਸ' ਨੇ ਹਲਫ਼ੀਆ ਬਿਆਨ ਵਜੋਂ ਉਵੇਂ ਦਾ ਉਵੇਂ ਨੋਟ ਕਰ ਲਿਆ। ਦੋਨਾਂ ਧਿਰਾਂ ਨੂੰ ਸੁਣਾ ਕੇ ਦੋਨੋਂ ਪਾਸਿਓਂ ਕਈ ਸਾਰੇ 'ਗੂਠੇ ਲਗਵਾ ਲਏ। "ਰਾਜ਼ੀਨਾਮੇ" 'ਤੇ ਲੱਗੀ ਹਜ਼ਾਰ ਖੰਡ ਦੀ ਫੀਸ ਵੀ ਲੋਕ ਨਾਥ ਨੇ ਬਿਪਤਾ ਮਾਰੇ ਕੂੜੇ ਦੀ ਥਾਂ ਵੇਲੇ ਸਿਰ ਆਪਣੇ ਕੋਲੋਂ ਚੁਕਤੀ ਕੀਤੀ। ਧਿਰਤਾ ਸੂੰਹ ਬਾਰੀਏ ਨੇ ਖੜੇ ਪੈਰ ਮੁਰਗੇ ਪਾਣੀ ਦੀ ਸੇਵਾ ਕਰਕੇ ਜਾਨ-ਖਲਾਸੀ ਕਰਵਾਈ।

ਪੋਸਟ ਮਾਰਟਮ ਦੀ ਖੱਜਲ-ਖੁਆਰੀ ਤੋਂ ਬਚੇ ਰਹਿਣ ਲਈ ਕੂੜਾ ਦਰਜੀ ਤਾਂ ਪੰਜ ਚਾਰ ਸੌ ਹੋਰ ਦਊ ਸੀ। ਪਰ ਸਾਧੂ ਰਾਮ ਦਾ ਕੋਈ ਸਾਕ-ਸੰਬੰਧੀ ਐਨ ਵੇਲੇ ਸਿਰ ਆ ਕੇ ਅੜ ਗਿਆ—ਅਖੇ, "ਹਮ ਕੋ ਕੈਸੇ ਪਤਾ ਚੱਲੂ, ਹਮਾਰਾ ਲਟਕਾ ਸ਼ਰਾਬ ਪੀ ਕਰ ਮਰਿਆ ਹੈ...ਪੋਸਟ ਮਾਰਟਮ ਹੋਣਾ ਹੀ ਚਾਹੀਤਾ ਹੈ. ਸਰਕਾਰੀ ਅਸੂਲ ਕੀ ਹੁਕਮ ਅਦੂਲੀ ਕਰਨਾ ਸਰਕਾਰੀ ਜੁਰਮ ਹੈ...ਹਮ ਨੇ ਤਰੰਗੇ ਝੰਡੇ ਥੱਲੇ ਖੜੇ ਹੋ ਕੇ ਕਸਮ ਖਾਈ ਹੈ... ਕਿਆ" !

ਨਾਮਕਟੇ ਫੌਜੀ ਦੀ 'ਘੁਣਤਰ' ਸੁਣ ਕੇ ਛਾਪੇ 'ਤੇ ਆਏ ਪੁਲਸੀਏ ਹੋਰ ਵੀ ਚੌੜੇ ਹੋ ਗਏ। ਆਖਣ-ਦੋਨੋਂ ਫ਼ਰੀਕ ਸਹਿਮਤ ਹੋਣਾ ਜ਼ਰੂਰੀ ਆ...ਪੁਲੀਸ ਤਾਂ ਹਮੇਸ਼ਾ ਚਾਹੁੰਦੀ ਆ ਦੋਨੋਂ ਧਿਰਾਂ 'ਚ ਤਫ਼ਰਕਾ ਨਾ ਪਵੇ, ਪਰ ਕਾਨੂੰਨ ਕਾਨੂੰਨ ਈ ਹੁੰਦਆ...ਪੋਸਟ ਮਾਰਟਮ ਤਾਂ ਕਰਾਉਣਾ ਈ ਚਾਹੀਦਆ...ਅੜੀ-ਥੁੜੀ ਨੂੰ ਅਹੀਂ ਤੁਆਡੇ ਨਾਲ ਆਂ.. ਡਾਕਦਾਰਾਂ ਨੂੰ ਹਰੋਜ਼ ਹਾਡੇ ਨਾਲ ਵਾਹ ਪੈਂਦਾ...ਜਿੰਦਾਂ ਦੀ ਆਖੋਗੇ ਰਪਟ ਕਰਾ ਦਿਆਂਗੇ.. ",

ਬੇ-ਬੱਸ ਹੋਏ ਕੂੜ ਦਰਜੀ ਦਾ ਸਾਰਾ ਟੱਬਰ, ਤਾਰੇ ਮੱਲ੍ਹੀ ਦੀ ਟਰਾਲੀ ਅੰਦਰ ਧਰੀ ਅਪਣੀ ਧੀ ਦੇ ਸੁਹਾਗ ਦੀ ਲੋਥ ਲਾਗੇ ਜਾ ਬੈਠਾ। ਪਿੰਡੋਂ ਆਏ ਬਹੁਤੇ ਲੋਕੀਂ ਵੱਡੇ ਸ਼ਹਿਰ ਦੇ ਗੇੜਿਓਂ ਬਚਣ ਲਈ, ਪੱਠੇ ਦੱਥੇ ਦਾ ਬਹਾਨਾ ਮਾਰਕੇ ਘਰਾਂ ਨੂੰ ਖਿਸਕ ਆਏ। ਪਰ, ਰਾਮ ਸੂੰਹ ਗਿਆਨੀ, ਫੌਜਾ ਸੂੰਹ ਮੱਲ੍ਹੀ, ਨਾਜਰ ਸੂੰਹ ਅਮਲੀ, ਲੋਕ ਨਾਥ ਲੰਬੜ, ਮਾੜੂ ਦੇ ਮੁੰਡਿਆਂ ਸਮੇਤ ਦੋ ਸਿਪਾਈਆਂ ਦੇ 'ਪਹਿਰੇ' ਹੇਠ ਲੌਢੇ ਕੁ ਵੇਲੇ ਵੱਡੇ ਹਸਪਤਾਲ ਪਹੁੰਚ ਗਏ। ਅੱਗੋਂ ਡਾਕਟਰਾਂ ਦੇ ਕਮਰੇ ਭੂਤ ਬੰਗਲੇ ਵਾਂਗ ਸੁੰਨ-ਮਸਾਨ ਪਏ ਸਨ। ਐਧਰ-ਓਧਰ ਘੁਮਦੀਆਂ ਡਿਊਟੀ ਨਰਸਾਂ ਨੂੰ ਵੀ ਅਪਣੇ ਅਫਸਰਾਂ ਦੇ ਥੌਹ-ਪਤੇ ਬਾਰੇ ਬਹੁਤੀ ਜਾਣਕਾਰੀ ਨਹੀਂ ਸੀ—'' ਡਾਕਸਾਬ੍ਹ ਘਰ ਹੋਣੇ ਆਂ...ਡਾਕਸਾਬ੍ਹ ਬਾਹਰ ਗਏ ਆ...ਡਾਕਸਾਬ੍ਹ ਛੁੱਟੀ ਤੇ ਆ...' ਵਰਗੇ ਬਦਲਵੇਂ ਉੱਤਰ ਪਾਸ਼ੇ ਨਾਲ ਆਏ ਹਰ ਕਿਸੇ ਨੂੰ ਸਿਰ 'ਤੇ ਆਈ ਰਾਤ ਵਰਗੀ ਉਦਾਸੀ ਅੰਦਰ ਸੁੱਟਦੇ ਗਏ।

ਆਖ਼ਿਰ 'ਹਿੰਮਤ' ਕਰਕੇ ਲੋਕ ਨਾਥ ਲੰਬੜ ਨੇ ਵੱਡੇ ਡਾਕਟਰ ਦੀ ਕੋਠੀ ਦੀ ਘੰਟੀ ਜਾ ਖੜਕਾਈ। ਰਸੋਈ 'ਚ ਕੰਮ ਲੱਗਾ ਘਰੇਲੂ ਨੌਕਰ ਛੋਹਲੇ ਕਦਮੀਂ ਬਾਹਰਲੇ ਗੇਟ 'ਤੇ ਆ ਪਹੁੰਚਿਆ।

".. ਡਾਕਟਰ ਸੈਬ ਅੰਦਰ ਹੈਗੇ ਆ..."? ਲੰਬੜ ਨੇ ਬੜੇ ਠਰ੍ਹੰਮੇ ਨਾਲ ਨੌਕਰ ਤੋਂ ਪੁੱਛਿਆ।

"...ਹਾਂ ਜੀਈ.. ਹੈਗੇ...ਬਤਾਓ ਕਿਆ ਕਾਮ...ਵੋਹ ਤੋ ਮਿਲੇਂਗੇ ਨਾਂਹੀਂ... ਕੋਈ ਪਾਲਟੀ ਚਲਤਾ ਹੈ...ਭੀਤਰ . ', ਬਿਹਾਰੀ ਨੌਕਰ ਬਿਰਕਾਰੀ ਦਾਸ ਚੌਧਰੀ ਨੇ ਬੇਹੱਦ ਨਿਮਰਤਾ ਨਾਲ ਉੱਤਰ ਦਿੱਤਾ।

" ਕੋਈ ਬਾਤ ਨਈਂ...ਉਨ ਕੋ ਬੋਲ, ਲੋਕ ਨਾਥ ਪੰਡਿਤ ਆਇਆ...ਬਾਹਮਣੀ-ਆਲ ਤੋਂ...ਜ਼ਰੂਰੀ ਕੰਮ ਐ..., ਭੂਰੀ ਜਾਕਟ ਦੇ ਬਟਣਾਂ ਨੂੰ ਠੀਕ ਸਿਰ ਕਰਦੇ ਲੋਕ ਨਾਥ ਲੰਬੜ ਨੇ ਉਪ-ਲੀਡਰੀ ਵਿਸ਼ਵਾਸ ਨਾਲ ਸੁਨੇਹਾ ਭੇਜਿਆ।

ਮੁੜਦੇ ਪੈਰੀਂ ਅੰਦਰੋਂ ਬਾਹਰ ਆਏ ਨੌਕਰ ਨੇ ਬਿਨਾਂ ਕੁਝ ਆਖੇ ਫ਼ਟਾਕ ਕਰਦਾ ਗੇਟ ਬੰਦ ਕਰ ਦਿੱਤਾ। ਖੜਾਕ ਕਰਕੇ ਅਰਲ ਦੀ ਕੁੰਡੀ ਚਾੜ੍ਹਦਿਆਂ ਉਸ ਨੇ ਅੰਦਰੋਂ ਵਸੂਲੀ ਝਿੜਕ ਜਿਵੇਂ ਲੋਕ ਨਾਥ ਲੰਬੜ ਵੱਲ ਨੂੰ ਵਗਾਹ ਮਾਰੀ ਹੋਵੇ।

ਖਿਝੇ-ਖਪੇ ਲੰਬੜ ਨੇ ਸ਼ਹਿਰ ਦੇ ਕਿਸੇ ਅਸਰ-ਰਸੂਖ ਵਾਲੇ ਜਾਣੂ-ਪਛਾਣੂ ਰਾਹੀਂ ਫਿਰ ਸਰਕਾਰੀ ਡਾਕਟਰਾਂ ਤੱਕ ਪਹੁੰਚ ਕੀਤੀ, ਪਰ ਲੇਡੀ ਡਾਕਟਰ ਦਾ ਵਿਦਾਇਗੀ ਜਸ਼ਨ ਛੱਡ ਕੇ ਕਿਸੇ ਨੇ ਵੀ ਬਰਾਂਡੇ 'ਚ ਵਿਲਕਦੇ ਟੈਲੀਫੋਨ ਦੀ ਗੱਲ ਨਾ ਸੁਣੀ।



ਹਸਪਤਾਲ ਦੇ ਇਹਾਤੇ 'ਚ ਢੇਰੀ ਹੋਏ ਪਾਸ਼ੇ ਦੇ ਘਰਦਿਆਂ ਨੇ ਸਲਾਹ-ਬਲਾਹ ਕਰਕੇ ਮਣ-ਵੀਹ ਸੇਰ ਬਰਫ਼ ਉਸਦੀ ਲਾਸ਼ ਦੁਆਲੇ ਲਿਆ ਰੱਖੀ। ਟਰਾਲੀ ਹੁੱਕ ਤੋਂ ਲਾਹ, ਤਾਰਾ ਸੂੰਹ ਮੱਲ੍ਹੀ ਤਾ ਹੋਰਨਾਂ ਵਾਂਗ ਅਧਵਾਟੇ ਪਏ ਕੰਮ ਦੇ ਫ਼ਿਕਰ ਅੰਦਰ, ਸਾਰੀ ਰਾਤ ਸੂਲੀ 'ਤੇ ਟੰਗ ਹੋਇਆ ਰਿਹਾ, ਪਰ 'ਕਹਿੰਦਾ-ਕਹਾਉਂਦਾ ਲੰਬੜ ਅਗਲੇ ਸ਼ਾਹ ਵੇਲੇ ਤੱਕ ਡਾਕਟਰ ਨੂੰ ਮਿਲੇ ਬਿਨਾਂ ਆਪਣੇ ਬੰਦਿਆਂ ਦੇ ਮੱਥੇ ਨਹੀਂ ਲੱਗਾ...।

"...ਨਾ, ਉਹ ਦਿਨ ਭੁੱਲ ਗਏ ਤੈਨੂੰ...ਜਿੱਦਣ, ਕੀਤੇ ਕਰਾਏ ਰਾਜ਼ੀ ਨਾਮੇਂ 'ਚ ਖਾਹਮੁਖਾਹ ਦੀ ਲੱਤ ਮਾਰਤੀ ਸੀ ਈ..., ਏਸ ਭੈਣ ਚੋਦ ਨੇ ਓਸ ਬੱਡੇ ਮਾਂ ਚੋਦ ਸਾਹਮਣੇ ਲਿਜਾ ਸੁੱਟਿਆ ਸੀਈ...ਤਾਨੂੰ ਸਾਰਿਆਂ ਨੂੰ...", ਤਾਰੇ ਮੱਲ੍ਹੀ ਦੀ ਫ਼ਿਟਕਾਰ ਸੁਣ ਕੇ ਕਿਸੇ ਅੰਨ੍ਹੇ ਖੂਹ 'ਚ ਡਿਗਿਆ ਕੂੜਾ ਪਲ ਦੀ ਪਲ ਬਾਹਰ ਆ ਕੇ ਫਿਰ ਉਸਦੀਆਂ ਨਿਮਾਣਾਂ ਅੰਦਰ ਉਤਰ ਗਿਆ। . ਚੀਰੇ-ਟੁੱਕੇ ਪਾਸ਼ੇ ਦਾ ਖੋਲ ਤਾਰੇ ਮੱਲ੍ਹੀ ਦੀ ਟਰਾਲੀ 'ਚ ਰੱਖਿਆ ਇਕ ਵਾਰ ਫਿਰ ਉਸਦੀਆਂ ਛਲਕਦੀਆਂ ਅੱਖਾਂ ਸਾਹਮਣੇ ਤਰਨ ਲੱਗਾ। ਉਸ ਦੇ ਪਰਲ-ਪਰਲ ਵਗਦੇ ਅੱਥਰੂ ਲੋਹਾ-ਲਾਖਾ ਹੋਏ ਤਾਰੇ ਨੂੰ ਪਾਣੀਓ-ਪਾਣੀ ਕਰ ਗਏ। ਬੇ-ਬੱਸ ਦਿਸਦੇ ਕੂੜੇ 'ਤੇ ਵਰ੍ਹਦੀ ਤਾਰੇ-ਮੱਲ੍ਹੀ ਦੀ ਹਿਰਖੀ ਨਿਗਾਹ, ਅਗਲੇ ਹੀ ਪਲ ਆਪਣੀ ਦਿਸ਼ਾ ਬਦਲਕੇ ਸਾਹਮਣੇ ਬੈਠੇ ਸ਼ਾਮ ਸੁੰਦਰ ਮਾਸਟਰ 'ਤੇ ਜਾ ਟਿਕੀ।

ਚੁੱਪ-ਚਾਪ ਬੈਠਾ ਮਾਸਟਰ, ਕੂੜ ਨੂੰ ਪੈਂਦੀ ਝਾੜ ਜਿਵੇਂ ਆਪਣੇ ਲਈ ਵਸੂਲ ਕਰਦਾ ਰਿਹਾ। ਰੋਹ ਤੇ ਗਿਲਾਨੀ ਰਲਗੱਡ ਹੋਏ, ਉਸਦੇ ਮਾਯੂਸ ਹੋਏ ਚਿਹਰੇ 'ਤੇ ਸਾਫ-ਸਾਫ ਉੱਕਰੇ ਗਏ। ਪਰ, ਸਿਰ 'ਤੇ ਪਈ ਅੜਾਉਣੀ, ਉਸਦੇ ਸਾਲਮ-ਸਬੂਤ ਬੋਲਾਂ ਵਿਚੋਂ ਰਤੀ ਭਰ ਵੀ ਅੰਕਿਤ ਨਾ ਹੋਈ। ਕਿਸਾਨ-ਮਜ਼ਦੂਰ ਰਿਸ਼ਤੇ ਦੀ ਸਮਾਜੀ ਵਿਆਖਿਆ ਕਰਦਾ, ਉਹ ਤਾਰੇ ਮੱਲ੍ਹੀ ਸਮੇਤ ਕੂੜੇ ਦਰਜੀ ਨੂੰ ਵੀ ਬਰਾਬਰ ਦੀ ਚਿਤਾਵਨੀ ਦਿੰਦਾ ਗਿਆ।

"...ਧਰਤੀ ਸਾਡੇ ਅਰਥਚਾਰੇ ਦੀ ਮਾਂ ਐ, ਮੱਲ੍ਹੀ ਸਾਬ੍ਹ; ਖਾਸ ਕਰ ਪਿੰਡੂ ਅਰਥ-ਚਾਰੇ ਦੀ...ਇੰਨੂ ਵਾਹੁਣਾ-ਬੀਜਣਾ, ਗੁੱਡਣਾ-ਸੁਆਰਨਾ ਸਾਡਾ ਕਰਤਵ ਈ ਨਈਂ, ਸਾਡਾ ਧਰਮ ਐਂ ਇਕ ਤਰ੍ਹਾਂ ਨਾਲ...ਇਹ ਕੰਮ ਰੰਬੇ-ਖੁਰਪੇ ਤੋਂ ਲੈ ਕੇ ਟਿੱਲਰਾਂ-ਡਿਸਕਾਂ ਨਾਲ ਇਕ-ਜੁੱਟ ਹੋ ਕੇ ਕਰਨਾ ਪੈਂਦਾ ਆ ਆਪਾਂ ਦੋਨਾਂ ਧਿਰਾਂ ਨੂੰ...। ਪਰ, ਮੁਸ਼ਕਲ ਇਹ ਐ ਸਰਦਾਰ ਤਾਰਾ ਸਿਓਂ ਜੀ, ਇਕੋ ਜਿਹਾ ਕਾਰੋਬਾਰੀ ਧੰਦਾ ਕਰਕੇ ਸਰੀਰਕ ਤੌਰ 'ਤੇ ਅਸੀਂ ਜਿੰਨੇ ਇਕ ਦੂਜੇ ਦੇ ਲਾਗੇ ਹੋ ਕੇ ਵਿਚਰਦੇ ਆਂ, ਭਾਵਨਾਤਮਕ ਪੱਧਰ 'ਤੇ ਓਨਾ ਹੀ ਦੂਰ ਦੂਰ ਖੜ੍ਹੇ ਕੇ ਸੋਚਦੇ ਆਂ, ਆਪਾਂ...", ਪੂਰਾ ਯਤਨ ਲਾ ਕੇ ਵੀ ਸ਼ਾਮ ਸੁੰਦਰ ਮਾਸਟਰ ਔਖੇ-ਭਾਰੇ ਸ਼ਬਦਾਂ ਦਾ ਪ੍ਰਯੋਗ ਕਰਨੋਂ ਬਚ ਨਾ ਸਕਿਆ।

ਬ੍ਰਾਹਮਣਾਂ ਘਰ ਜੰਮਿਆ-ਪਲਿਆ ਸ਼ਾਮ ਸੁੰਦਰ ਆਪਣੇ ਆਪ ਨੂੰ ਦਿਹਾੜੀਦਾਰਾਂ-ਕੰਮੀਆਂ ਨਾਲ ਜੋੜ ਕੇ ਗੱਲ ਕਰਦਾ, ਤਾਰਾ ਸੂੰਹ ਮੱਲ੍ਹੀ ਨੂੰ ਓਪਰਾ-ਓਪਰਾ ਜਾਪਿਆ, ਪਰ ਉਸਦੀ ਆਖੀ ਬਾਰੀਕੀ ਵਾਲੀ ਗੱਲ ਦੇ ਮੋਟੇ ਠੁੱਲੇ ਅਰਥ ਝੱਟ-ਪੱਟ ਸਮਝਕੇ ਉਹਨੇ ਫਿਰ ਕੂੜੇ ਦਰਜੀ ਨੂੰ ਪੂਰੇ ਜ਼ੋਰ ਦੀ ਘੁਰਕੀ ਮਾਰੀ—"...ਤੂੰ ਬੀ ਮਰਜਾ ਬਹਿ ਜਾ ਹੈਥੇ ਕਿ ਟੰਗਿਆ ਈ ਰਏਂਗਾ, ਸਿਰ ਮੇਰੇ 'ਤੇ...ਔਹ ਮੰਜੀ ਖਿੱਚ ਲਾ ਉਰਾਂ...।"

ਕੂੜੇ ਦਰਜੀ ਵੱਲ ਮਿੱਠਾ-ਕੁਸੈਲਾ ਝਾਕਦਾ ਤਾਰਾ ਸੂੰਹ ਮੱਲ੍ਹੀ ਮੁੜ ਸ਼ਾਮ ਸੁੰਦਰ ਮਾਸਟਰ ਵੱਲ ਨੂੰ ਓਹਰਾ ਹੋ ਤੁਰਿਆ—"...ਏਹ ਕੁਤੀੜ ਤਾਂ ਸਾਲ੍ਹੀ ਹੈਈ ਏਸੇ ਲੈਕ ਦੀ; ਤੂੰ ਕਾਨੂੰ ਖਪਿਆ ਫਿਰਦੈਂ ਗੰਦੀ ਜਾਤ ਪਿੱਛੇ...।"

"ਕਿਸੇ ਨਾ ਕਿਸੇ ਨੂੰ ਤਾਂ ਖਪਣਾ ਈ ਪੈਣਾ ਆ...ਇਹ ਖੱਪ-ਖਪਾ ਕੱਲਾ ਇਨ੍ਹਾਂ ਖਾਤਰ ਈ ਨਈਂ, ਤੁਆਡੀ ਖਾਤਰ ਵੀ ਐਨ ਬਰਾਬਰ ਦਾ ਈ ਆ...ਤੁਆਡਾ ਨੌਂਹ ਮਾਸ ਦਾ ਰਿਸ਼ਤਾ ਕਦਾਚਿੱਤ ਨਈਂ ਸਖਾਉਂਦਾ ਉੱਤਲੇ ਸੱਪਾਂ ਨੂੰ ਤੰਦੂਏ ਆਂਗ ਜਾਲ ਸੁੱਟੀ ਬੈਠੇ ਆ ਅਗਲੇ, ਤੁਆਡੀਆਂ ਜੜਾਂ 'ਚ .."। ਤਾਰੇ ਮੱਲ੍ਹੀ ਨੂੰ ਢੇਲਾ ਪਿਆ ਦੇਖ ਕੇ ਸ਼ਾਮ ਸੁੰਦਰ ਨੇ ਹੋਰ ਵੀ ਸਾਵਧਾਨੀ ਵਰਤੀ—"...ਆਹ ਪਿੰਡ ਦੀ ਪਚੈਂਤ ਵੰਨੀ ਦੇਖ ਲਓ, ਕੀ ਬਣਿਆ ਪਿਆ ਜਿੰਨਾਂ ਚਿਰ ਫੌਜਾ, ਲੰਬੜ ਦੀ ਹਾਂ 'ਚ ਹਾਂ ਮਿਲਾਉਂਦਾ ਰਿਹਾ ਉਹ ਠੀਕ ਸੀ ਐਨ ਫਿੱਟ ਸੀਈ ਉਦ੍ਹੇ; ਜਦ ਮਾੜੀ ਮੋਟੀ ਤਿੰਨ-ਪੰਜ ਕੀਤੀ ਉਹਨੇ ਉਹਨੂੰ ਮੱਖਣ 'ਚ ਵਾਲ ਆਂਗੂ ਬਾਹਰ ਮਾਰਿਆ ਚੁੱਕ ਕੇ... ਹੁਣ ਨਮਾਂ ਹੱਥ ਠੋਕਾ ਲੱਭ ਲਿਆ.. ਪੂਰੀ ਪੈਂਤੀ ਅੱਖਰੀ ਪਾਸ— ਗਿਆਨੀ ਧਿਆਨੀ, ਦੋ ਵੇਲੇ ਦੁੱਧ ਦੇਣ ਆਲੀ ਸੌਲ ਗਾਂ ।"

ਸਾਰਾ ਕੁਝ ਸਮਝਦਾ ਤਾਰਾ ਓਪਰਾ-ਓਪਰਾ ਅਣਜਾਣ ਬਣਿਆ ਸੁਣਦਾ ਰਿਹਾ। ਪਿੰਡ ਦੀ ਸਿਆਸਤ ਨਾਲ ਜੋੜ ਕੇ ਆਖੀ, ਸ਼ਾਮ ਸੁੰਦਰ ਮਾਸਟਰ ਦੀ ਸੱਚੀ-ਕਰਾਰੀ ਉਸ ਉੱਤੇ ਜਿਵੇਂ ਜਾਦੂ ਦਾ ਅਸਰ ਕਰ ਗਈ। ਹਰ ਕਿਸੇ 'ਤੇ ਖ਼ਿਝਿਆ ਉਹ ਪੈਂਦੀ ਸੱਟੇ ਕੂੜੇ ਦਰਜੀ 'ਤੇ ਵਰ੍ਹ ਉੱਤਰਿਆ।

"...ਏਨੂੰ ਪੁੱਛ ਖਾਂ ਹਰਾਮ ਦੀ ਮਾਰ ਨੂੰ, ਏਦ੍ਹੀ ਕੀਤੀ ਕਰਾਈ ਕਿੰਨ ਖੂਹ 'ਚ ਪਾਈ ਸੀਈ . ਏਦ੍ਹੀ ਖ਼ਾਤਰ ਕੰਮ ਵੱਖਰਾ ਭੰਨਿਆ, ਠਾਣੀਂ ਕਚੈਰ੍ਹੀਂ ਵੱਖ ਖੱਜਲ ਹੋਏ...ਏਹ ਮਾਂ-ਚੋ ਫੇਰ ਉਦ੍ਹੇ ਢੱਕੇ ਜਾ ਚੜ੍ਹਿਆ ..."।

ਤਾਰੇ ਮੱਲ੍ਹੀ ਦੀ ਲਾਈ ਆਰ ਹਾਰੇ-ਥੱਕੇ ਕੂੜੇ ਨੂੰ ਸਗੋਂ ਬਹਿਕਦਾ ਕਰ ਗਈ। ਲੰਬੜ ਨੂੰ ਬੁਰਾ ਭਲਾ ਆਖਣ ਦੀ ਬਜਾਏ, ਉਸਨੇ ਹੋਇਆ ਬੀਤਿਆ ਸਾਰਾ ਕੁਝ ਆਪਣੀ ਬੇਬਸੀ ਦੇ ਪੇਟੇ ਪਾਉਂਦਿਆਂ ਹੋਰ ਵੀ ਹਓਕਾ ਭਰਿਆ—"... ਏਦ੍ਹੇ 'ਚ ਕਿਛੇ ਦਾ ਕੋਈ ਕਛੂਰ ਨਈਂ...ਮੇਰੇ ਭਾਗਾਂ 'ਚ ਈ ਏਦਾਂ ਲਿਖਿਆ ਛੀਈ ਧੁਰ-ਦਰਗਾਓਂ..."।

"...ਨਈਂ ਉਹਦਾ ਕਸੂਰ ਤਾਂ ਦੇਏ ਹੋਰ ਸੀਸਾਂ ਉਦ੍ਹੇ ਸਿਰ ਨੂੰ...ਐਥੇ ਕੀ ਲੈਣ ਆਇਆਂ...ਉਦ੍ਹੇ ਈ ਗੋਡੇ ਜਾ ਫੜ, ਰਹਿੰਦੀ ਕਸਰ ਹੋਰ ਕੱਢ ਦਊ . ਤੁਸੀਂ ਲੋਕ ਹੈ ਈ ਏਸੇ ਲੈਕ ਦੇਏ, ਪੇਓ ਤੁਸੀਂ ਕਹਿਨੇ ਈ ਉਹਨੂੰ ਆਂ ਜੇੜ੍ਹਾ, ਮਾਂ ਤੁਆਡੀ ਨੂੰ ਚੰਗੀ ਤਰ੍ਹਾਂ...", ਤਾਰੇ ਮੱਲ੍ਹੀ ਦਾ ਰਤਾ ਕੁ ਹੇਠਾ ਉਤਰਿਆ ਪਾਰਾ ਉਛਾਲਾ ਮਾਰ ਕੇ ਇਕ ਵਾਰ ਫਿਰ ਉਤਾਂਹ ਜਾ ਚੜ੍ਹਿਆ।

ਉਸ ਦੀ ਗੰਦੀ-ਮੰਦੀ ਗਾਲ੍ਹ ਵਿਚਕਾਰੋਂ ਟੋਕ ਕੇ ਸ਼ਾਮ ਸੁੰਦਰ ਮਾਸਟਰ ਨੇ ਮੁੜ ਉਸ ਨੂੰ ਥਾਂ ਸਿਰ ਕਰ ਲਿਆ—"...ਦੇਖ ਲਓ ਮੱਲ੍ਹੀ ਸਾਬ੍ਹ, ਪਿੰਡ ਭਾਮੇਂ ਸਾਰਾ ਪੱਕਾ ਹੋ ਗਿਆ, ਇਨ੍ਹਾਂ ਦੀ ਵਾਰੀ ਨਈਂ ਲੱਗੀ ਅਜੇ; ਊਂ ਅੱਧਿਓਂ ਵੱਧ ਵੋਟਾਂ ਇਨ੍ਹਾਂ ਦੀ ਗਲ੍ਹੀ 'ਚ ਰਹਿੰਦੀਆਂ..."।



" . ਵਾਰੀ ਐਂ ਥੋੜ੍ਹਾ ਲਗਦੀ ਆ; ਆਂਡੇ ਕਿਤੇ ਤੇ ਕੁੜ-ਕੁੜ ਕਿਤੇ...ਕਿਸੇ ਇਕ ਪਾਸੇ ਲੱਗਣਾ ਪੈਂਦਆ, ਵੋਟਾਂ ਨਿਰੀਆਂ ਨੂੰ ਚੱਟਣਆਂ; ਦੇਖ ਲਾਂਗੇ ਕੇੜ੍ਹਾ ਦਾਨ ਕਰਦਆ ਇੱਟ-ਮਿੱਟੀ ਇਨ੍ਹੂੰ ਮੁਫਤ-ਮੁਫਤ !" ਕੂੜ ਦਰਜੀ ਸਮੇਤ ਲੋਕੇ ਲੰਕੜ ਨੂੰ ਪਰੇਖਣ ਲਾਉਂਦਾ ਤਾਰਾ ਮੱਲ੍ਹੀ ਸਹਿਸੁਭਾ ਹੀ ਸ਼ਾਮ ਸੁੰਦਰ ਮਾਸਟਰ ਦੇ ਕੰਮ ਦੀ ਗੱਲ ਆਖ ਗਿਆ।

ਮੁੰਜ ਦੇ ਬਾਣ ਦੀ ਡਿਲਕੀ ਮੰਜੀ 'ਤੇ ਓਕੜੂੰ ਜਿਹੇ ਬੈਠ-ਕੂੜੇ ਦਰਜੀ ਨੂੰ ਜਿਵੇਂ ਹੋਰ ਸਫਾਈ ਦੇਣ ਦਾ ਮੌਕਾ ਬਣ ਗਿਆ—"...ਦੇਖ ਛਰਦਾਰਾ, ਉਹ ਦਿਨ ਜਾਏ ਤੇ ਅੱਜ ਦਾ ਆਏ ਮੈਂ ਬੀ ਤੇਰਾ ਰੱਖਣ ਨਈਂ ਰੱਖਿਆ, ਹਨ੍ਹੇਰ-ਸਵੇਰ ਜਦ ਬੀ ਤੂੰ 'ਵਾਜ ਮਾਰੀ ਆ, ਛਾਰਾ ਟੱਬਰ ਛੌਂ ਕੰਮ ਸੱਡ ਕੇ—ਤੇਰੇ ਪਹੁੰਚਿਆ ਆ...ਸੱਚ ਜਾਣੀ, ਛਾਡੀ ਅਲੋਂ ਹੁਣ ਬੀ ਕਈ ਨਾਬਰੀ ਨਈਂ..."।

"ਨਈਂ ਸੀ ਨਾਬਰੀ ਤਾਂ ਰਾਮ ਸੂੰਹ ਪਿੱਛੇ ਹੱਥ ਕਾਹਨੂੰ ਖੜੇ ਕਰਤੇ ਸੀ, ਸਾਰੀ ਚਮਾੜਲੀ ਨੇ...?"

"ਉਹ ਤਾਂ ਜੀਈ ਕੀ ਦੱਛਾਂ ਛਰਦਾਰਾ...ਮੂੰਹ ਫੁੱਟਦਾ ਮੇਰਾ ਝੱਗਾ ਚੁਕਿਓਂ ਅਪਣਾਈ ਨੰਗ ਛਾਹਮਣੇ ਆਉਂਦਾ... ਉਹ ਤਾਂ ਜੀਈ, ਉਹ ਛਾਲੇ ਸੋਕਰੇ ਪਤਾ ਨ੍ਹਈਂ ਕਿੱਦਾਂ ਬਾਹਮਣ ਦੀ ਚੁੱਕ 'ਚ ਆ ਗਏ; ਪਹਿਲਾਂ ਭੇਣ ਚੋ ਡੀਂਗਾਂ ਮਾਰਦੇ ਸੀਈ...ਫੇਅਰ ਬਿਕਣ ਲੱਗੇ ਪੰਜ-ਚਾਰ ਸੈ ਤੇ ਦਰਕ ਗਏ...ਟੁਕੜ ਬੋਚ ਛਾਲੇ...",ਨਾਂਹ ਚਾਹੁੰਦਿਆਂ ਹੋਇਆਂ ਵੀ ਝਕਦੇ ਝਕਦੇ ਕੂੜੇ ਤੋਂ ਵਿਚਲਾ ਭੇਤ ਸੱਚੋ-ਸੱਚ ਆਖਿਆ ਗਿਆ।

ਵਿਕਣ ਦਕਰਣ ਦੀ ਗੱਲ ਸੁਣ ਕੇ ਤਾਰਾ ਸੂੰਹ ਮੱਲ੍ਹੀ ਹੋਰ ਚੌਕਸ ਹੋ ਗਿਆ। ਆਪਣੇ ਵਿਹੜਿਓਂ ਖੁੱਸੀ ਸਰਪੰਚੀ ਦਾ ਉਸ ਨੂੰ ਦੁੱਖ ਤਾਂ ਹੀ ਈ ਸੀ, ਪਰ ਲੋਲੋ-ਪੋਪੋ ਕਰਦੇ ਲੰਬੜ ਵੱਲੋਂ ਅੰਦਰ-ਖਾਤੇ ਵਰਤੇ ਗਏ ਐਹੋ ਜਿਹੇ ਕਮੀਨੇ ਦਾਅ-ਪੇਚ ਦੀ ਤਾਰੇ ਨੂੰ ਕਿਧਰੋਂ ਵੀ ਧੁਸਕ ਨਹੀਂ ਸੀ ਲੱਗੀ।

ਛਕੰਜੇ 'ਚ ਫਸਿਆ ਬੈਠਾ ਕੂੜਾ ਸਹਿਸੁਭਾ ਤਿਲਕੇ ਬੋਲਾਂ 'ਤੇ ਪਛਤਾਵਾ ਕਰਨ ਦੀ ਬਜਾਏ ਸਗੋਂ ਸੌਖਾ ਹੋ ਕੇ ਬੈਠ ਗਿਆ।

ਉਸਦੀ ਖੁਲ੍ਹਦਿਲੀ ਤੋਂ ਪ੍ਰਸੰਨ-ਚਿੱਤ ਹੋਇਆ ਤਾਰਾ, ਕੂੜੇ ਦਰਜੀ ਨਾਲ ਹੋਈ ਬੀਤੀ ਅਗਲੀ-ਪਿਛਲੀ ਇਕੋ ਵਾਰਗੀ ਭੁੱਲ ਗਿਆ—"...ਲਾ, ਦੇਖ ਲਾਅ ਹਾਲ ਔਂਤਰ ਜਾਤ ਦਾਆ...ਕਰਤੀ ਨਾ ਓਹੀ ਗੱਲ ਭੁੱਖ-ਨੰਗ ਆਲੀ..."।

ਦੋਨੋ, ਥਾਂ-ਸਿਰ ਆਏ ਜਾਚ ਕੇ ਸ਼ਾਮ ਸੁੰਦਰ ਮਾਸਟਰ ਨੇ ਵਿਚ-ਵਿਚਾਲੇ ਦੀ ਟਕੋਰ ਮਾਰੀ—"ਇਹ ਤੁਸੀਂ ਨਈਂ ਤੁਆਡੇ ਕਾਰ-ਕਿੱਤੇ ਦੀ ਨੇੜਤਾ ਖਹਿਬੜਦੀ ਆ ਆਪੋ ਵਿਚ ਦੀ...।"

"ਨਾ ਬਈ ਮਾਹਟਰ ਅਛੀਂ ਨਈਂ ਏਨੇ ਜੋਗੇ..." ਢੈਲਾ ਪਿਆ ਕੂੜਾ ਹੋਰ ਵੀ ਨਿਮਾਣਾ ਹੋ ਕੇ ਬੋਲਿਆ—"...ਅਛੀਂ ਤਾਂ ਪਹਿਲੋਂ ਬੀ ਕਦੀ ਛਰਦਾਰ ਹੋਣਾ ਦਾ ਆਖਾ ਨਈਂ ਪਰਤਿਆ...।"

"ਤੂੰ ਨਈਂ ਪਰਤਿਆ ਤਾਂ, ਮੈਂ...ਮੈਂ ਕਦ ਨਾਬਰ ਆਂ...ਜਦ ਆਖੇਂ ਸੁੱਟ ਦਿਆਂਗੇ ਮਿੱਟੀ...।"

ਤਾਂਹ ਮੱਲ੍ਹੀ ਵੱਲੋਂ ਹੋਈ, ਪੱਕੀ 'ਹਾਂ' ਵਸੂਲ ਕਰਕੇ ਕੂੜੇ ਦਰਜੀ ਨੇ ਉਸੇ ਹੀ ਸ਼ਾਮ ਆਪਣੇ ਵਿਹੜੇ ਦਾ 'ਕੱਠ ਕਰ ਲਿਆ। ਗੁਲਜ਼ਾਰ ਮਸੀਹ ਬੋਲ-ਬੁਰਾਲਾ ਸੁਣ ਕੇ ਆਪਣੇ ਆਪ ਪਹੁੰਚ ਗਿਆ। ਪ੍ਰਤਾਪ ਸੂੰਹ ਭਾਈ ਨੂੰ ਪਿੱਠ-ਜੁੜਵੇਂ ਕੋਠੇ ਤੋਂ ਦੀ 'ਵਾਜ਼ ਮਾਰ ਲਈ। ਘਰ-ਭਰਤੀ ਇਕ ਇਕ ਜੀਅ ਕਹੀ-ਟੋਕਰੀ ਲੈ ਕੇ ਸ਼ਾਮ-ਲਾਟ ਪਹੁੰਚਣ ਲਈ ਤਿਆਰ ਹੋ ਗਿਆ। ਪਰ, ਰਤਾ ਕੁ ਕੁਵੇਲੇ ਪਹੁੰਚੀ ਸ਼ਹਿਰੋਂ-ਕਸਬੀਂ ਕੰਮ-ਧੰਦਾ ਕਰਦੀ ਪੜ੍ਹੀ-ਅੱਧਪੜ੍ਹੀ ਨੌਜਵਾਨ ਪੀੜ੍ਹੀ, ਜੱਟਾਂ-ਜੀਮੀਂਦਾਰਾਂ ਦੇ 'ਹੇਠਾਂ ਲੱਗਣੋਂ' ਸਰਾ-ਸਰ ਅੜ ਖਲੋਈ।

"ਤਾੜੀ ਐਸ ਮਿਚ-ਮਿਚ ਨੇ ਸਾਨੂੰ ਮੁੱਢ-ਕਦੀਮ ਤੋਂ ਮਨੂਵਾਦ ਦੇ ਥੱਲੇ ਲਾਇਆ ਪਿਆ...ਆ...'ਰਾਮ ਕਰਕੇ ਬੈਠੋ, ਅਹੀਂ ਨਈਂ ਜਾਂਦੇ ਤਾਰੇ-ਛਾਰੇ ਦੀ ਟਰਾਲੀ ਨਾਂ...।"

"ਓਏ...ਏ, ਤਾਰੇ ਦੀ ਟਰਾਲੀ 'ਚ ਮਨੂਵਾਦ ਕਿਥੋਂ ਆ ਵੜਿਆ, ਵੱਡਿਆ ਸਿਧਾਤਕਾਰਾ...", ਮਲਕੜੇ ਜਿਹੇ ਆ ਖੜੋਤੇ ਸ਼ਾਮ ਸੁੰਦਰ ਮਾਸਟਰ ਦੀ ਭਵਕ ਸੁਣ ਕੇ ਡੌਰ-ਭੌਰ ਹੋਇਆ ਭਜਨੀ ਖੜ ਦਾ ਖੜਾ ਰਹਿ ਗਿਆ।

"ਆ ਜਾਅ ਅੱਗੇ ਮਾਹਟਰ ..ਐਧਰ ਲੰਘ ਆ ਲਾਗੇ .", ਐਨ ਵੇਲੇ ਸਿਰ ਪਹੁੰਚੇ ਸ਼ਾਮ ਸੁੰਦਰ ਮਾਸਟਰ ਨੂੰ ਨਾਲ ਖੜ੍ਹਿਆ ਦੇਖ ਕੇ ਕੂੜੇ ਦਰਜੀ ਦੀ ਡਿਗਦੀ ਸਾਖ ਮੁੜ ਪੈਰੀਂ ਹੋ ਖਲੋਈ —"...ਐਨ੍ਹਾਂ ਸੋਕਰਿਆਂ ਦੇ ਖਾਨੇ 'ਚ ਬੀ ਪਾਓ ਕੋਈ ਕੰਮ ਦੀ ਗੱਲ... ਠੰਡੇ ਦੁੱਧ ਨੂੰ ਫੂਕਾਂ ਮਾਰਨ ਲੱਗਿਓ ਆ...।"

"ਸਾਡੀਆ ਗੱਲਾਂ ਤੁਆਨੂੰ ਫੂਕਾਂ ਈ ਦੀਹਦੀਆਂ...ਪਤਾ ਓਦੋਂ ਲੱਗੂ, ਜਦ ਲਾਲ ਕਿਲੇ 'ਤੇ ਝੰਡਾ ਝੂਲਦਾ ਹੋਊ, ਨੱਬੇ ਆਲੀਆਂ ਚੋਣਾਂ 'ਚ..." ਇਕ ਵਾਰ ਛਿੱਥਾ ਪਿਆ ਭਜਨੀ ਜਰਦੇ ਦੀ ਚਟਕੀ ਲਾ ਕੇ ਮੜ ਹਿੰਮਤ ਫੜ ਗਿਆ—"..ਏਹ ਮਾਹਟਰ ਹੋਣੀ ਅੱਗੇ ਕਿਥੇ ਗੈਇਓ ਸੀਈ ਹਾਨੂੰ ਕੰਮ ਦੀਆਂ ਗੱਲਾਂ ਦੱਸਣ ਆਲੇ...।"

"ਏਹ ਮਾਹਟਰ ਹੋਣੀ ਪਹਿਲਾਂ ਵੀ ਏਥੇ ਈ ਸੀ ਤੇ ਹੁਣ ਵੀ ਏਥੇ ਈ ਆ..ਇਹ ਐਨ ਵੇਲ ਸਿਰ ਆ ਕੇ ਆਪਣੀ ਲੋਕ-ਸ਼ਕਤੀ ਗਿਰਵੀ ਨਈਂ ਕਰਦੇ ਕਿਸੇ ਕੰਜਰ ਕੋਅਲ...", ਜਾਤੀਵਾਦ ਦੀ ਕਾਰ-ਵਲਗਣ ਅੰਦਰ ਘਿਰੇ ਭਜਨੀ ਨੂੰ ਸ਼ਾਮ ਸੁੰਦਰ ਮਾਸਟਰ ਨੇ ਧੋਬੀ ਪਟੜਾ ਮਾਰ ਕੇ ਡੇਗ ਲਿਆ।

"ਹੈਦਾ ਮੁੰਡਾ ਬੀ ਨਾਲੇਈ ਸੀਈ, ਮੈਂ ਮੈਂ ਕੱਲਾ ਤਾਂ ਨਈਂ ਸੀ...",ਲੁਕੀ-ਛਿਪੀ ਗੁੱਥੀ, ਭਰੀ ਪਰ੍ਹੇ 'ਚ ਖੁਲ੍ਹਦੀ ਦੇਖ ਕੇ ਚਿੱਤ ਹੁੰਦੇ ਭਜਨੀ ਨੇ ਆਪਣੇ ਅੱਧ ਹਿੱਸੇ ਦੇ ਭਾਈਵਾਲ ਦੀ ਬਾਂਹ ਫੜ ਲਈ, ਪਰ ਕੂੜੇ ਦਰਜੀ ਦੀ ਪਿਛਵਾੜੀ ਖੜਾ ਮੀਤਾ, ਉਸ ਨੂੰ ਉਖੜੀ ਕੁਹਾੜੀ ਵਾਂਗ ਟੁੱਟ ਕੇ ਪੈ ਗਿਆ —"...ਕਿਓਂ ਸਾਲਿੱਆ ਝੂਠ ਬਕਦਆਂ...ਕੁੱਤੇ ਦਿਆਂ ਤੁਖਮਾਂ...ਤੈਂਈ ਤਾਂ ਕੀਤੀ ਸੀਈ ਸਾਰੀ ਗਿਟ-ਮਿਟ ਲੰਬੜ ਨਾਂ...!"

ਤੂੰ ਨਈਂ ਸੀਈ ਨਾਲ. ਭੈਣ ਚੋਦਾ ਪੀਤੀ ਨਈਂ ਤੂੰ ਓਦਣ ਭੱਠੇ 'ਤੇ...ਬਕਦਆ ਨਈਂ ਹੁਣ ..!"

ਮੁੰਡਿਆਂ ਵਿਚਕਾਰ ਛਿੜਿਆ ਗਾਲੀ-ਗਲੋਚ ਆਖ਼ਿਰ ਹੱਥੋ-ਪਾਈ ਤੱਕ ਪਹੁੰਚਣ 'ਤੇ ਆ ਗਿਆ। ਕੂੜੋ ਦੀ ਪਛਤ੍ਹੀਂ ਖੜੇ ਮੀਤੇ ਨੇ ਭੱਜ ਕੇ ਪਿਛਲੇ ਅੰਦਰੋਂ ਟਾਕੂਆ ਕੱਢ



ਲਿਆਂਦਾ। ਸਾਹਮਣੇ ਖੜਾ ਭਜਨੀ ਮੀਤੇ ਹੋਰਾਂ ਦੇ ਓਟੇ ਦੀਆਂ ਇੱਟਾਂ ਉਖੇੜ ਕੇ ਹਮਲਾ ਕਰਨ ਲਈ ਤਿਆਰ ਹੋ ਗਿਆ।

"ਨਿਕਲ ਬਾਅਰ, ਦੇਖ ਲਾਂ ਤੈਨੂੰ ਬੱਡੇ ਸਾਨ੍ਹ ਨੂੰ...", ਝੂੰਭੀ ਪਰ੍ਹਾ ਵਗਾਹ ਭਜਨੀ ਨੇ ਹੱਥ ਫੜੀ ਇੱਟ ਸਿਰ ਤੋਂ ਦੀ ਉਲਾਰ ਲਈ।

"ਠੈਅਰ ਜਾ ਦਿੰਨਾ ਤੇਰੀ ਮਾਂ ਦੀ ", ਧੁੱਸ ਦਿੱਤੀ ਮੀਤਾ ਬੂਹਿਓਂ ਬਾਹਰ ਨਿਕਲ ਵਿਹੜੇ ਦੇ ਅੱਧ ਵਿਚਕਾਰ ਪਹੁੰਚ ਗਿਆ।

ਗੱਲ ਹੋਰ ਵਿਗੜਦੀ ਦੇਖ ਕੇ ਕੂੜਾ ਦਰਜੀ, ਮਾੜੂ ਮੋਚੀ ਦਬ ਕੇ ਮਾਰਦੇ ਉੱਠ ਖਲੋਏ। ਦੋਨਾਂ ਫੌਜਦਾਰਾਂ ਵਿਚਕਾਰ ਪਿੱਠਾਂ ਜੋੜ ਕੇ ਖੜੋਤੇ ਉਹ ਆਪਣੇ ਆਪਣੇ ਫਰਜੰਦਾ ਨੂੰ ਵਿਹੜੇ ਦੀਆਂ ਆਮ-ਪ੍ਰਚਲੱਤ ਨੰਗੀਆਂ-ਚਿੱਟੀਆਂ ਮਾਂ-ਧੀ ਦੀਆਂ ਗਾਲ੍ਹਾਂ ਨਾਲ ਪਿਛਾੜਦੇ ਗਏ। ਹੱਥੋ-ਹੱਥੀ ਸਾਰੇ 'ਕੱਠ ਨੇ ਦੋਨਾਂ ਨੂੰ ਕਾਬੂ ਕਰਕੇ ਦੋਂਹ ਅੰਦਰੀਂ ਡੱਕ ਦਿੱਤਾ। ਇੱਟ ਟਾਕੂਆਂ ਥਾਂ ਸਿਰ ਟਿਕਾ ਕੇ ਹਫੇ-ਖਫੇ ਕੂੜੇ ਨੇ, ਗਲੀ ਪੱਕੀ ਕਰਨ ਲਈ ਸੱਦੀ ਸਾਰੇ ਵਿਹੜੇ ਦੀ ਆਮ-ਇਕਤੱਰਤਾ ਬਿਨਾਂ ਕੋਈ ਫੈਸਲਾ ਕੀਤੇ, ਬਰਖਾਸਤ ਕਰ ਦਿੱਤੀ।

ਮਸਲਾ ਉਵੇਂ ਦਾ ਉਵੇਂ ਲਟਕਿਆ ਦੇਖ, ਸ਼ਾਮ ਸੁੰਦਰ ਮਾਸਟਰ ਨੇ ਫਿਰ ਉਪਰਾਲਾ ਕੀਤਾ। ਥੋੜੇ ਕੁ ਦਿਨਾਂ ਮਗਰੋਂ ਪਿੰਡ ਦੀ ਪੂਰੀ ਪਰ੍ਹੇ ਮੁੜ ਲੋਕ ਨਾਥ ਲੰਬੜ ਦੀ ਹਵੇਲੀ ਜੁੜਦੀ ਕਰ ਲਈ।

ਹਰੀਜਨ ਧਰਮਸ਼ਾਲਾ ਤੇ ਕੂੜੇ ਦਰਜੀ ਦੇ ਵਿਹੜੇ-ਮੱਹਲੇ ਹੋਈ ਆਪੋ ਵਿਚ ਦੀ ਤੂੰ . ਤੂੰ ਮੈਂ...ਮੈਂ, ਹਾ...ਹਾ, ਹੀ...ਹੀ ਕਰਕੇ ਹਉ-ਪਰੇ ਕਰ ਦਿੱਤੀ ਗਈ। ਪਰ, ਤਾਰੇ ਮੱਲ੍ਹੀ ਦੇ ਡੇਰੇ ਹੋਈ ਬਾਤ-ਚੀਤ ਦੀ ਰੜਕ ਰੱਖਦਾ ਲੋਕ ਨਾਥ ਲੰਬੜ, ਸ਼ਾਮ ਸੁੰਦਰ ਮਾਸਟਰ ਨੂੰ ਉੱਲਰ ਕੇ ਪੈ ਗਿਆ—" ਏਹ ਸਾਰੇ ਪਸਾਦ ਦੀ ਜੜ੍ਹ ਤੂੰ ਆਂ ?, ਮਾਹਟਰਾ ਤੂੰ... ਬੋਲਦਾ ਨਈਂ ! ਉਧਰ ਦੀਆਂ ਉਧਰ ਲਾਉਣ ਤੋਂ ਬਿਨਾਂ ਹੋਰ ਕੀਈ ਆਉਂਦਾ ਤੈਨੂੰ..."

ਭਰਵੇਂ ਇਕੱਠ ਅੰਦਰ ਹੋਣ ਵਾਲੀ ਹੇਠੀ ਤੋਂ ਬਚਦਾ ਸ਼ਾਮ ਸੁੰਦਰ ਲੋਕ ਨਾਥ ਲੰਬੜ 'ਤੇ ਝੱਟ-ਪੱਟ ਹਿਰਖਿਆ "...ਯਰਕਾਨ ਦੇ ਮਰੀਜ ਨੂੰ ਸਾਰਾ ਕੁਛ ਪੀਲਾ ਈ ਦੀਂਹਦਾ ਪੰਡਤ ਜੀ...ਦੂਜਿਆਂ 'ਤੇ ਚਿੱਕੜ ਸੁੱਟਣ ਤੋਂ ਪਹਿਲਾਂ ਅਪਣੀ ਬੁੱਕਲ 'ਚ ਝਾਤੀ ਮਾਰ ਲਓ..."।

ਤੇਜ਼ ਤਰਾਰ ਉੱਤਰ ਸੁਣ ਕੇ ਲੋਕ ਨਾਥ ਲੰਬੜ ਨੂੰ ਸੱਤੀਂ ਕਪੜੀ ਅੱਗ ਲੱਗ ਗਈ। ਪਥੇਰਿਆਂ-ਹਾਤੋਆਂ ਲਈ ਰਾਖਵੀਂ ਭੱਠੇ ਦੀ ਭਾਸ਼ਾ ਉਹ ਮਾਸਟਰ ਸਮੇਤ ਸਾਰੀ ਪਰ੍ਹੇ 'ਤੇ ਖੁਲ੍ਹੇ-ਆਮ ਝਾੜਨ ਲੱਗ ਪਿਆ।

ਥੋੜਾ ਕੁ ਹਟਵੀਂ ਪਈ ਪਸ਼ੂਆਂ ਦੀ ਖੁਰਲੀ 'ਤੇ ਬੈਠਾ ਉਸ ਦਾ ਸਕੂਲ ਪੜ੍ਹਦਾ ਪੋਤਰਾ, ਖਫ਼ਾ ਹੋਏ ਬਾਬੇ ਦੀ ਪਿੱਠ ਪਿੱਛੇ ਆ ਖੜਾ ਹੋਇਆ।

"...ਜਾਆਹ ਪੁੱਤ ਪੱਪੂ ਤੂੰ.. ਝਾਈ ਅਪਣੀ ਨੂੰ ਡਾਕਟਰ ਦੇ ਲੈ ਜਾ ਸ਼ੈਰ... ਸਕੂਟਰ ਧਿਆਨ ਨਾ ਚਲਾਈਂ ਮੇਰਾ ਛਿੰਦ...ਜਾਹ...ਬੋਲਦਾ ਨਈਂ !" ਆਪੇ ਤੋਂ ਬਾਹਰ ਹੋਏ ਲੰਬੜ ਨੂੰ ਖੜ੍ਹੇ-ਪੈਰ ਕੋਈ ਗੱਲ ਨਾ ਆਹੁੜੀ।

ਸ਼ਾਮ ਸੁੰਦਰ ਮਾਸਟਰ ਨਾਲ ਮੁੜ ਉਸ ਨੇ ਸਿੱਧਾ ਕਲਾਮ ਕੋਈ ਨਾ ਕੀਤਾ।

"...ਰਾਮ ਸਿਓਂ ਜੀ ਈ...ਚੁੱਲ੍ਹਾ ਟੈਕਸ ਕੱਠਾ ਕਰਨ ਦਾ ਕੋਈ ਆਹਰ-ਪਾਹਰ ਕਰਨਾ ਸੀਈ...ਫੇਏ !

"ਤੈਨੂੰ ਕਾਦ੍ਹਾ ਫ਼ਿਕਰ ਆ ਲੰਬੜਾ, ਚੁੱਲ੍ਹਾਂ ਟੈਕਸ ਕੱਠਾ ਕਰਨਾ ਪਚੈਤ ਦਾ ਕੰਮ ਆਂ, ਕਰੇ ਨਾ ਕਰੇ...ਤੂੰ ਵਿਚ ਖਾਹ-ਮੁਖਾਹ ਈ...", ਰਾਮ ਸੂੰਹ ਗਿਆਨੀ ਦੀ ਥਾਂ ਤਾਰਾ ਸੂੰਹ ਮੱਲ੍ਹੀ ਵੱਲੋਂ ਆਇਆ ਦੋ-ਟੂਕ ਜਵਾਬ, ਜਿੱਚ ਹੋਏ ਲੰਬੜ ਨੂੰ ਹੋਰ ਵੀ ਛਿੱਥਾ ਕਰ ਗਿਆ।

"ਨਾਂ...ਨਾਂ ਮੈਂ ਬੀ ਤਾੜ੍ਹੂ ਵਿਚੋਈਂ ਆਂ...ਬੋਲਦੇ ਨਈਂ ! ਮੈਂ ਆਹਨਾਂ, ਕੂੜੇ ਹੋਣਾਂ ਦੀ ਗਲ੍ਹੀ ਦਾ ਈ ਕੋਈ ਆਹਰ-ਪਾਹਰ ਹੋ ਜਾਏ...ਬੋਲਦੇ ਨਈਂ।" ਬੱਚਦੀ ਸਾਖ ਕਾਇਮ ਰੱਖਣ ਵਜੋਂ ਲੋਕ ਨਾਥ ਲੰਬੜ ਨੇ ਇਕ ਹੰਭਲਾ ਹੋਰ ਮਾਰਿਆ।

"ਓਦਨ ਕੈਂਦ੍ਹਾ ਸੀਈ, ਇੱਟ ਤਾਨੂੰ ਪਹੁੰਚੀ ਕਿ ਪਹੁੰਚੀ...ਕਿਥੇ ਗਈ ਉਹ...ਹੁਣ ਤਾਂ ਮੀਨ੍ਹਾ ਹੋ ਚਲਿਆ...ਕਿਤੇ ਰਾਹ 'ਚ ਬੈਠੀ ਸਨੇਹਾ ਤਾਂ ਨਈਂ ਡੀਕਦੀ ਤੇਰਾਆ...?" ਸਾਬਕਾ ਸਰਪੰਚ ਫੌਜੇ ਨੇ ਆਪਣਾ ਪਾਸਾ ਭਾਰਾ ਹੁੰਦਾ ਜਾਚ ਕੇ ਲੰਬੜ ਨੂੰ ਸਿੱਧੀ ਟਕੋਰ ਲਾਈ।

ਇਕੱਠ ਅੰਦਰ ਖਿਲਰਿਆ ਹਾਸੇ-ਠੱਠੇ ਦਾ ਹਲਕਾ ਜਿਹਾ ਵਾ-ਵਰੋਲਾ ਆਪਣੇ-ਆਪ ਉੱਠ ਕੇ ਆਪਣੇ-ਆਪ ਬੈਠ ਗਿਆ।

"ਆਹੋ...ਆਹੋ ਤੇ ਹੋਰ ਬਿਨਾਈ ਸੁਨੇਹੇ ਤੋਂ ਆ ਜਾਊ ਏਨੀ ਰਕਮ ਦਾ ਮਾਲ... ਬੋਲਦੇ ਨਈਂ ਜਾਓ ਨਈਂ ਭੇਜਦਾ, ਭੰਨ ਲਓ ਮੇਰੀ ਜੇੜ੍ਹੀ ਲੱਤ ਭੰਨਣੀ ਆ...ਦੇਖ ਲਊਂ ਸਾਰਿਆਂ ਨੂੰ ਤਾਨੂੰ...", ਆਪੇ 'ਚੁਣੀ' ਪੰਚਾਇਤ ਅੰਦਰ ਚਿੱਤ ਡਿੱਗਦੇ ਲੰਬੜ ਦੀ ਰਵਾਇਤੀ ਸਹਿਨਸ਼ੀਲਤਾ, ਗਾਂਧੀ ਭਗਤਾਂ ਵਾਂਗ ਜਿਵੇਂ ਪਰ ਲਾ ਕੇ ਉੱਡ ਗਈ। ਅਲਾਣੀ ਮੰਜੀ ਤੋਂ ਹਜੋਕਾ ਮਾਰ ਕੇ ਉੱਠਿਆ, ਉਹ ਹੋਰਨਾਂ ਨੂੰ ਛੱਡ ਸ਼ਾਮ ਸੁੰਦਰ ਮਾਸਟਰ ਉੱਤੇ ਸਿੱਧਾ ਵਰ੍ਹ ਪਿਆ।

"ਤੇਰੀ ਤਾਂ ਮਾਹਟਰਾ ਲੇਅਨਾ ਮੈਂ ਖਬਰ ਅੱਜ ਈ, ਕੰਜਰ ਦਿਆ...ਵੇਹੜੇ ਦਾ ਬੰਦਾ ਜਾਣਕੇ ਸੌ ਵੇਰ ਬਚਾਇਆ ਤੈਨੂੰ, ਕੁੱਤੇ ਦਿਆ ਪੁੱਤਾ...ਤੇਰੀ ਤਾਂ ਹੱਡੀ-ਪੱਸਲੀ ਇਕ ਕਰ ਦੇਣੀ ਆਂ ਅਗਲਿਆਂ, ਭੈਣ ਚੋਦਾ...ਤੇਰੇ ਦੇ ਕੇ ਢੂਹੇ 'ਚ ਡਾਂਗ ਤੇਰੇ ਮੂੰਹ ਥਾਣੀਂ ਨਾ ਕਢਵਾਈ ਤਾਂ ਮੈਨੂੰ ਬਾਹਮਣ ਦਾ ਪੁੱਤ ਨਈਂ, ਕਿਹੇ ਚੂਹੜੇ ਦਾ ਪੁੱਤ ਆਖੀਂ... ਬੱਢਿਆ ਕੋਮਨਿਸਟਾ...।"

ਹਵੇਲੀ ਦੇ ਵਿਹੜੇ 'ਚ ਵਧਿਆ ਸ਼ੋਰ-ਸ਼ਰਾਬਾ ਸੁਣ ਕੇ ਪਿਛਵਾੜੀ ਜੁੜਵੇਂ ਘਰੋਂ ਲੰਬੜ ਦੇ ਸਾਰੇ ਜੀਅ ਭੂੰਡਾਂ-ਭਰਿੰਡਾਂ ਵਾਂਗ ਉਸ ਦੁਆਲੇ ਆ ਇਕੱਠੇ ਹੋਏ। ਬਬਰੂਆਂ ਵਰਗੇ ਫੁੱਲੇ ਢਿੱਡ ਐਧਰ-ਓਧਰ ਭੁੜਕਾਉਂਦੇ ਉਸ ਦੇ ਦੋਨੋਂ ਤਿੰਨੋਂ ਮੁੰਡੇ ਰੁੱਖੀਆਂ ਅੱਖਾਂ ਅੰਦਰ ਗਹਿਰ-ਗੁੱਸਾ ਭਰੀ ਤਰਲੋ-ਮੱਛੀ ਹੁੰਦੇ ਰਹੇ।

ਮਾਸਟਰ ਬੰਨ੍ਹੀਓਂ ਹਟ ਕੇ ਲੋਕ ਨਾਥ ਲੰਬੜ ਨੇ ਸਾਰੀਆਂ ਕੰਮੀ ਜਾਤਾਂ ਨੂੰ ਇਕ ਵੱਢਿਓਂ ਧਰ ਲਿਆ—" ..ਖੋਤੇ ਸਾਲੇ ਨੂੰ ਲੂਣ ਦਿਓ, ਅੱਗਿਓਂ ਆਖੂ ਕੰਨ ਪੱਟ ਹੁੰਦਾ ਆ...ਤੁਹੀਂ ਸਮਝ ਕੀ ਰੱਖਿਆ ਅਪਣੇ ਆਪ ਨੂੰ...ਬੋਲਦੇ ਨਈਂ।...ਖ਼ਬਰਦਾਰ



ਜੇ ਮੇਰੇ ਕੰਨੀਂ ਝਾਕ ਬੀ ਰੱਖੀ ਤਾਂ...ਜਾਓ ਕਰਾ ਲਓ ਮਾਂ ਅਪਣੀ ਪੱਤ੍ਰੀ ਜੇਹੜੇ ਪੇਏ ਤੋਂ ਕਰਾਉਣੀ ਆਂ...।"

ਰਵੀਦਾਸੀਆਂ-ਮਹਾਸ਼ਿਆਂ ਨੂੰ ਲਾਈ ਮਾਂ ਦੀ ਸਾਂਝੀ ਗਾਲ੍ਹ, ਕੂੜੇ ਦਰਜੀ ਸਮੇਤ ਸਾਰੇ ਕੰਮੀ ਪੰਚਾਂ ਨੂੰ ਅੱਗ ਵਰਗੇ ਸੇਕ 'ਤੇ ਬੈਠਦਾ ਕਰ ਗਈ। ਲੰਬੜ ਵੱਲੋਂ ਕੀਤੇ ਵਾਧੇ ਦਾ ਸਰਦਾ-ਬਣਦਾ ਉੱਤਰ ਦੇਣ ਲਈ, ਉੱਚੀ-ਉੱਚੀ ਬੋਲਦੇ ਉਹ ਬਿਨ ਵਾਹੀਓਂ ਵਿਤੋਂ ਵੱਧ ਜ਼ੋਰ ਲਾਉਂਦੇ ਗਏ। ਉਹਨਾਂ ਨਾਲ ਉੱਠ ਰਲਿਆ ਨਾਜ਼ਰ ਸੂੰਹ ਅਮਲੀ ਆਪਣੇ ਟੋਣੇ ਲਾਉਂਦਾ ਹਰ ਕਿਸੇ ਦੀ ਸ਼ਾਬਾਖੇ-ਸ਼ਾਬਾਖੇ ਕਰਦਾ ਗਿਆ।

ਵੇਲਾ ਤਾੜ ਕੇ ਚਾਨਣ ਸ਼ਾਹ ਭੈਂਗਾ ਗਾਹਕੀ ਪੈਂਤੜੇ 'ਤੇ ਆ ਖਲੋਤਾ—"...ਮਾਈਂ, ਲੋਹੜਾ ਆ ਗਿਆ ਲੋਹੜਾ, ਪਤਾ ਨਈਂ ਹਾੜੇ ਬੰਦੇ ਦੀ ਕਾਨੂੰ ਮੱਤ ਮਾਰੀ ਗਈ...ਪੂਰੇ ਪਿੰਡ ਨਾਂ ਬਗਾੜ ਲਈ...ਮਾਈਂ, ਜਾਤਾਂ-ਪਾਤਾਂ 'ਚ ਕੀ ਰੱਖਿਆ...ਆ; ਜੇਨੂੰ ਐਡਾ-ਵੱਡਾ ਸੱਚਾ-ਪਾਤਸ਼ਾਅ ਮੂੰਹ ਜ਼ਬਾਨੀ ਕੰਠ ਆ, ਮਾਈਂ...ਉਹਨੂੰ ਸਰਪੰਚੀ ਕਰਨੀ ਕੀ ਆਉਖੀ ਆ...।"

ਪਾਰਟੀਆਂ-ਪੱਤੀਆਂ 'ਚ ਵੰਡ ਹੋਇਆ ਸਾਰਾ ਪਿੰਡ ਲੰਬੜ ਵਿਰੁੱਧ ਸਾਂਝਾ-ਮੋਰਚਾ ਬਣਾਈ ਖੜਾ ਦੇਖ ਸ਼ਾਮ ਸੁੰਦਰ ਮਾਸਟਰ ਨੇ ਇਕ ਹੰਭਲਾ ਹੋਰ ਮਾਰਿਆ। 'ਗੱਲਕਾਰ' ਗਿਆਨੀ ਨੂੰ ਮੌਕਾ ਸੰਭਾਲਣ ਲਈ ਹੱਲਾ-ਸ਼ੇਰੀ ਦਿੱਤੀ। ਡਾਵਾਂਡੋਲ ਸਰਪੰਚੀ ਆਪ ਆਪਣੇ ਪੈਰੀਂ ਹੋ ਖੜੋਣੀ। ਹਿੰਮਤ ਕਰਕੇ ਉਧ ਨੇ ਖਿੰਡਣ ਲੱਗਾ ਅਜਲਾਸ ਮੁਲਤਵੀ ਕਰਕੇ ਆਉਂਦੇ ਐਤਵਾਰ ਪ੍ਰਾਇਮਰੀ ਸਕੂਲ ਦੇ ਖੁਲ੍ਹੇ ਇਹਾਤੇ ਅੰਦਰ ਦੁਪਹਿਰਾਂ ਵੇਲੇ ਸੱਦ ਲਿਆ।

ਲੋਕ ਨਾਥ ਲੰਬੜ ਨਾਲੋਂ ਟੁੱਟੀਆਂ ਕੰਮੀਂ-ਕਮੀਣ ਵੋਟਾਂ ਆਉਂਦੀਆਂ ਚੋਣਾਂ ਤਕ ਸਾਂਭਣ ਲਈ ਤਾਰਾ ਸੂੰਹ ਮੱਲ੍ਹੀ ਨੇ ਰਤੀ ਭਰ ਢਿੱਲ ਨਾ ਵਰਤੀ। ਕੱਚੀ-ਭਰਤੀ ਪਾਉਣ ਦਾ ਕੰਮ ਅਗਲੇ ਹੀ ਦਿਨ ਮੁੱਕਦਾ ਕਰਨ ਲਈ ਉਸਨੇ ਸਾਰੇ ਘਰਾਂ 'ਚੋਂ ਇਕ ਇਕ ਜੀਅ ਦੀ ਹਾਜ਼ਰੀ ਆਪਣੇ ਆਪ ਜੋੜ ਲਈ।

ਬਾਹਮਣੀਵਾਲ ਪਿੰਡ ਦੀ ਬੰਦ ਗਲੀ 'ਚ ਰਹਿੰਦੇ, ਸੱਤ ਮੈਂਬਰੀ ਪੰਚਾਇਤ ਦੇ ਛੇਵੇਂ ਪੰਚ ਕੂੜੇ ਦਰਜੀ ਨੂੰ ਆਪਣੇ ਵਿਹੜੇ ਨੂੰ ਜਾਂਦੇ ਕੱਚੇ ਰਾਹ ਦੇ ਪੱਕੇ ਹੋਣ ਦੀ ਆਸ ਆਉਂਦੇ ਪੰਜਾਂ ਸਾਲਾਂ ਅੰਦਰ ਲਗਪਗ ਪੱਕੀ ਤਰ੍ਹਾਂ ਬੱਝ ਗਈ।

□

[ਨੇੜੇ ਐਸ.ਡੀ.ਐਮ. ਦਫਤਰ, ਦਸੂਹਾ, ਜ਼ਿਲਾ ਹੁਸ਼ਿਆਰਪੁਰ]

## 'ਸ਼ਾਮ–ਏ ਗ਼ਰੀਬਾਂ'

ਹਿੰਮਤ ਸਿੰਘ ਸੋਢੀ

ਕਿਸੇ ਪਰਚੇ ਲਈ ਕਹਾਣੀ ਲਿਖਣ ਦਾ ਤਕਾਜ਼ਾ ਸੀ। ਪਰ ਕੁਝ ਦਿਨ ਟੱਕਰਾਂ ਮਾਰਨ ਬਾਅਦ ਵੀ ਕੋਈ ਕੰਮ ਦਾ ਪਲਾਟ ਸਾਹਮਣੇ ਨਹੀਂ ਸੀ ਆ ਰਿਹਾ। ਆਖਰ, ਰੱਬ ਸਬੱਬੀਂ ਹੀ, ਰੋਜ਼ਾਨਾ ਅਖਬਾਰਾਂ ਵਿਚੋਂ ਹੇਠ-ਉੱਪਰ ਕੁਝ ਕਹਾਣੀ-ਨੁਮਾ ਘਟਨਾਵਾਂ ਪੜ੍ਹਨ ਦਾ ਮੌਕਾ ਮਿਲਿਆ। ਮੈਂ ਸੋਚਣ ਲੱਗਾ ਕਿ ਜਦ ਤਕ ਗਰੀਬੀ ਦੇ ਚੁਬਾਰਿਆਂ 'ਤੇ ਰੌਣਕਾਂ ਹਨ, ਭ੍ਰਿਸ਼ਟਾਚਾਰ ਦੀ ਜੈ-ਜੈਕਾਰ ਹੈ, ਕਹਾਣੀਆਂ ਦੇ ਪਲਾਟਾਂ ਦਾ ਕੋਈ ਅੰਤ ਨਹੀਂ। ਜੇ ਇੰਦਰਾ ਗਾਂਧੀ ਗਰੀਬੀ ਹਟਾ ਦਿੰਦੀ, ਜਾਂ ਕੋਈ ਵੀ.ਪੀ. ਸਿੰਘ ਭ੍ਰਿਸ਼ਟਾਚਾਰ ਖਤਮ ਕਰ ਦਏ, ਫੇਰ ਤਾਂ ਸਾਡੇ ਕਹਾਣੀਕਾਰਾਂ ਦਾ ਕਿੱਤਾ ਹੀ ਮਾਰਿਆ ਜਾਏ ਤੇ ਲੈਣੇ ਦੇ ਦੇਣੇ ਪੈ ਜਾਣ। ਲੱਖ ਲੱਖ ਸ਼ੁਕਰ ਹੈ ਝੂਠੀ (ਸੱਚੀ) ਦਰਗਾਹ ਦਾ ਕਿ ਅਜਿਹਾ ਸੰਭਵ ਨਹੀਂ ਤੇ ਨਾ ਹੋ ਸਕਦਾ ਹੈ।

ਅਜੇ ਪਰਸੋਂ ਦੀ ਖਬਰ ਹੈ, ਉਹ ਵੀ ਜੰਮੂ ਦੀ, ਜਿਥੋਂ ਜੰਨਤ (ਕਸ਼ਮੀਰ) ਦਾ ਦਰਵਾਜ਼ਾ ਖੁੱਲ੍ਹਦਾ ਹੈ। ਮਤਲਬ ਇਹ ਕਿ ਖਬਰ ਹੈ ਜੰਮੂ ਦੇ ਇਕ ਹਸਪਤਾਲ ਦੀ ਜਿਥੇ ਡਾਕਟਰ ਚਿਤਰੰਜਨ ਨੂੰ ਗ੍ਰਿਫਤਾਰ ਕਰਕੇ ਦਸ ਹਜ਼ਾਰ ਦੀ ਜ਼ਮਾਨਤ ਉਤੇ ਰਿਹਾ ਕਰ ਦਿੱਤਾ ਗਿਆ। ਉਸਦਾ ਅਪਰਾਧ ਵੀ ਅਜਿਹਾ ਸੀ ਜਿਸਨੂੰ ਅੱਜ ਕੱਲ੍ਹ ਸਾਧਾਰਣ ਗੱਲ ਸਮਝਿਆ ਜਾਂਦਾ ਹੈ। ਚਿਤਰੰਜਨ ਨੇ ਆਪਣੇ ਮਨੋਰੰਜਨ ਲਈ ਹਸਪਤਾਲ ਦੇ ਆਪਣੇ ਹੀ ਕਮਰੇ ਅੰਦਰ ਉਸ ਇਸਤਰੀ ਨੂੰ ਰੇਪ ਕਰਨ ਦਾ ਯਤਨ ਕੀਤਾ ਜੋ ਆਪਣੇ ਮਰੀਜ਼ ਪਿਓ ਦੀ ਦੇਖ-ਭਾਲ ਲਈ ਏਥੇ ਆਈ ਸੀ। ਇਹ ਘਟਨਾ ਸੋਮਵਾਰ ਦੀ ਹੈ। ਪਰ ਸਾਡੀ ਸਰਕਾਰੀ ਮਸ਼ੀਨਰੀ ਏਨੀ ਤੇਜ਼ੀ ਨਾਲ ਹਰਕਤ ਕਰਦੀ ਹੈ ਕਿ ਗ੍ਰਿਫਤਾਰੀ ਬੁੱਧਵਾਰ ਹੀ ਹੋ ਸਕੀ। ਉਹ ਵੀ ਤਾਂ ਜਦ ਇਸ ਬਾਰੇ ਹਸਪਤਾਲ ਵਿਚ ਤੇ ਸਥਾਨਕ ਅਖਬਾਰ ਰਾਹੀਂ ਸ਼ਹਿਰ ਵਿਚ ਕਾਂ-ਕਾਂ ਹੋ ਚੁੱਕੀ ਸੀ।

ਔਰਤ ਦਾ ਕਹਿਣਾ ਹੈ ਕਿ ਉਹ ਆਪਣੇ ਘਰ-ਵਾਲੇ ਤੇ ਛੋਟੇ ਭਰਾ ਨਾਲ ਹਸਪਤਾਲ ਪਿਉ ਦੀ ਖਬਰ ਲੈਣ ਗਈ ਸੀ। ਉਸਦਾ ਘਰ-ਵਾਲਾ ਤੇ ਭਰਾ ਤਾਂ ਵਾਪਸ ਆ ਗਏ, ਪਰ ਆਪ ਉਹ ਪਿਉ ਦੀ ਖਬਰ-ਸੁਰਤ ਲਈ ਸ਼ਾਮ ਤਕ ਉਥੇ ਰੁਕ ਗਈ। ਸ਼ਾਮ ਵੇਲੇ ਡਾਕਟਰ ਚਿਤਰੰਜਨ ਨੇ ਉਸਨੂੰ ਪਿਉ ਦੇ ਮੰਜੇ ਪਾਸ ਭੁੰਜੇ ਬੈਠੀ ਦੇਖਿਆ ਤਾਂ ਉਸਨੂੰ ਕਿਹਾ ਕਿ ਉਹ ਉਸ ਪਾਸੋਂ ਖੂਨ ਦੇ ਟੈਸਟ ਦੀ ਰਿਪੋਰਟ ਲੈ ਜਾਏ। ਸੋ ਉਹ ਉਸਦੇ ਪਿੱਛੇ ਪਿੱਛੇ ਹੋ ਤੁਰੀ। ਜਿਉਂ ਹੀ ਉਹ ਡਾਕਟਰ ਦੇ ਕਮਰੇ ਵਿਚ ਵੜੀ, ਡਾਕਟਰ ਨੇ ਅੰਦਰੋਂ ਦਰਵਾਜ਼ੇ ਦੀ ਚਿਟਕਨੀ ਲਾ ਦਿੱਤੀ ਤੇ ਉਸਨੂੰ ਫੜਕੇ ਜ਼ਬਰਦਸਤੀ ਉਸ ਨਾਲ ਮੂੰਹ ਕਾਲਾ ਕਰਨ ਦਾ ਜਤਨ ਕੀਤਾ। ਔਰਤ ਨੇ ਰੌਲਾ ਪਾਇਆ। ਦਰਵਾਜ਼ੇ ਉੱਤੇ ਜਦ ਖਟ-ਖਟ ਹੋਈ



ਤਾਂ ਡਾਕਟਰ ਨੂੰ ਕੁੰਡੀ ਖੋਲ੍ਹਣੀ ਪਈ।

ਬਾਹਰੋਂ ਆਉਣ ਵਾਲੀ ਵਾਰਡ ਦੀ ਹੀ ਨਰਸ ਸੀ। ਜਿਸਨੇ ਔਰਤ ਨੂੰ ਅੱਧ-ਨੰਗੀ ਤੇ ਡਾਕਟਰ ਨੂੰ ਬੜੇ ਤਣਾਉ ਤੇ ਘਬਰਾਹਟ ਵਿਚ ਦੇਖਕੇ ਉਸ ਔਰਤ ਦੇ ਜ਼ੋਰ ਦਾ ਇਕ ਥੱਪੜ ਕੱਢ ਮਾਰਿਆ। ਪਹਿਲਾਂ ਹੀ ਰੋਲੀ-ਮਧੋਲੀ ਤੇ ਘਬਰਾਈ ਹੋਈ ਔਰਤ ਬੇਹੋਸ਼ ਹੋ ਗਈ। ਜਦ ਉਸਨੂੰ ਹੋਸ਼ ਆਈ ਤਾਂ ਉਹ ਆਪਣੇ ਭਰਾ ਤੇ ਪਤੀ ਨਾਲ ਰਿਕਸ਼ਾ ਵਿਚ ਘਰ ਵੱਲ ਜਾ ਰਹੀ ਸੀ। ਔਰਤ ਦਾ ਕਹਿਣਾ ਹੈ ਕਿ ਉਸਦੇ ਘਰ ਵਾਲਿਆਂ ਨੇ ਇਸ ਮੁਆਮਲੇ ਦੀ ਰਿਪੋਰਟ ਦਰਜ ਨਾ ਕਰਾਉਣ ਵਿਚ ਹੀ ਬਿਹਤਰੀ ਸਮਝੀ, ਕਿਉਂਕਿ ਇਸ ਤਰ੍ਹਾਂ ਵਾਧੂ ਦੀ ਬਦਨਾਮੀ ਤੇ ਪੁਲਿਸ ਹੱਥੋਂ ਪਰੇਸ਼ਾਨੀ ਦਾ ਡਰ ਸੀ।

ਦੂਜੇ ਪਾਸੇ ਨਰਸ ਨੇ ਆਪਣੀ ਇਕ ਸਾਥਣ ਨਰਸ ਨੂੰ ਨਾਲ ਲੈ ਕੇ ਵੱਡੇ ਡਾਕਟਰ (ਐਸ.ਐਮ.ਓ.) ਨੂੰ ਖਬਰ ਕੀਤੀ। ਪਰ ਵੱਡਿਆਂ ਸਿਰਾਂ ਦੀਆਂ ਤਾਂ ਹੋਰ ਵੀ ਵੱਡੀਆਂ ਸਿਰ ਪੀੜਾਂ ਹੁੰਦੀਆਂ ਹਨ। ਉਹਨੇ ਇਸ ਮੁਆਮਲੇ ਨੂੰ ਹਥ ਪਾ ਕੇ ਜੂਨੀਅਰ ਡਾਕਟਰਾਂ ਦੀ ਯੂਨੀਅਨ ਦਾ ਵਿਰੋਧ ਕਿਉਂ ਮੁੱਲ ਲੈਣਾ ਸੀ? ਇਹ ਤਾਂ ਭੂੰਡਾਂ ਦੀ ਖੱਖਰ ਨੂੰ ਛੇੜਨ ਬਰਾਬਰ ਸੀ। ਸੋ ਵੱਡੇ ਡਾਕਟਰ ਨੇ ਨਰਸਾਂ ਨੂੰ ਕਿਹਾ ਕਿ ਤੁਸੀਂ ਹੁਣ ਚੁੱਪ ਹੀ ਹੋ ਜਾਓ, ਕਿਤੇ ਇਸ ਗੱਲ ਦੀ ਧੂੰ ਨਾ ਕੱਢਣੀ, ਨਹੀਂ ਤਾਂ ਹਸਪਤਾਲ ਦੀ ਤੇ ਸਾਡੀ ਸਭ ਦੀ ਬਦਨਾਮੀ ਹੋਵੇਗੀ। ਪਰ ਕਿਸੇ ਤਰ੍ਹਾਂ ਇਕ ਸਥਾਨਕ ਅਖ਼ਬਾਰ ਵਾਲੇ ਨੂੰ ਇਸ ਦਾ ਪਤਾ ਲੱਗ ਗਿਆ ਜਿਸਨੇ ਉਸੇ ਹੀ ਦਿਨ ਇਹ ਧੂੰਆਂਧਾਰ ਖਬਰ ਛਾਪ ਦਿੱਤੀ। ਇਸ ਤਰ੍ਹਾਂ ਇਸ ਦੀ ਇਤਲਾਹ ਪੁਲਿਸ ਨੂੰ ਵੀ ਹੋ ਗਈ

ਕਹਿੰਦੇ ਹਨ ਕਿ ਜੂਨੀਅਰ ਡਾਕਟਰਾਂ ਦੀ ਸੰਸਥਾ ਨੇ ਅਖਬਾਰ ਵਾਲੇ ਨੂੰ ਇਹ ਖਬਰ ਛਾਪਣ ਤੋਂ ਰੋਕਣ ਦਾ ਜਤਨ ਵੀ ਕੀਤਾ ਸੀ, ਪਰ ਕਾਮਯਾਬ ਨਾ ਹੋਏ। ਇਸ ਸੰਸਥਾ ਨੇ ਪ੍ਰੈਸ ਦੇ ਨਾਂ ਅਜਿਹਾ ਇਨਕਾਰੀ ਬਿਆਨ ਵੀ ਜਾਰੀ ਕੀਤਾ, ਦੋਵਾਂ ਨਰਸਾਂ ਨੂੰ ਵੀ ਧਮਕਾਇਆ ਕਿ ਉਨ੍ਹਾਂ ਦੀ ਬਦਲੀ ਕਿਤੇ ਦੂਰ ਕਰ ਦਿੱਤੀ ਜਾਵੇਗੀ। ਨਰਸਾਂ ਪਾਸੋਂ ਜ਼ਬਰਦਸਤੀ ਇਸ ਗੱਲ ਦੇ ਝੂਠੀ ਹੋਣ ਬਾਰੇ ਬਿਆਨ ਵੀ ਲਿਖਵਾਇਆ ਗਿਆ।

ਪੁਲਿਸ ਨੇ ਅਜੇ ਨਰਸਾਂ ਦਾ ਬਿਆਨ ਲੈਣਾ ਹੈ। ਕੇਸ ਚੱਲੇਗਾ। ਗੱਲ ਕਿਸੇ ਸਿਰੇ ਲੱਗੇਗੀ; ਜਾਂ ਸ਼ਾਇਦ ਨਾ ਵੀ ਲੱਗੇ। ਸੋ ਅਜੇ ਇਹ ਪਲਾਟ ਅਧੂਰਾ ਹੈ। ਇਸ ਲਈ ਅਜੇ ਇਹਨੂੰ ਏਥੋਂ ਤੱਕ ਹੀ ਰਹਿਣ ਦਿੰਦੇ ਹਾਂ।

... ... ... ...

ਅਗਲੇ ਦਿਨ ਅਗਲਾ ਪਲਾਟ ਮਿਲਿਆ। ਉਸ ਦਿੱਲੀ ਸ਼ਹਿਰ ਦਾ ਜੋ ਭਾਰਤ ਦਾ ਦਿਲ ਹੈ, ਕਿਉਂਕਿ ਇਹ ਭਾਰਤ ਦੀ ਗੌਰਵਸ਼ਾਲੀ ਰਾਜਧਾਨੀ ਵੀ ਹੈ।

ਐਮ. ਏ. ਦੇ ਦੂਜੇ ਸਾਲ ਦੀ ਵਿਦਿਆਰਥਣ ਮਾਨੁਸ਼ੀ ਆਪਣੇ ਕਾਲਿਜ ਦੀ ਪ੍ਰਿੰਸੀਪਲ ਵੱਲੋਂ ਕ੍ਰਿਕਟ ਦੇ ਸਿਰਤਾਜ ਬਿਸ਼ਨ ਸਿੰਘ ਬੇਦੀ ਦੇ ਘਰ ਚਿੱਠੀ ਦੇਣ ਗਈ ਕਿ ਉਹ ਕਾਲਿਜ ਦੇ ਖੇਲ-ਸਮਾਰੋਹ ਲਈ ਮੁੱਖ ਮਹਿਮਾਨ ਦੇ ਤੌਰ 'ਤੇ ਤਸ਼ਰੀਫ ਲਿਆਉਣ। ਵਾਪਸ ਆਉਣ ਲੱਗੀ ਤਾਂ ਆਪਣੇ ਕਾਲਿਜ ਵੱਲੋਂ ਹੋ ਕੇ ਜਾਣ ਵਾਲੀ ਬੱਸ ਵਿਚ ਉਸਨੇ ਸਿਰਫ ਤਿੰਨ ਚਾਰ ਬੰਦੇ ਹੀ ਦੇਖੇ। ਉਸ ਨੂੰ ਕੀ ਪਤਾ ਸੀ ਇਹ ਬੱਸ ਬਾਕਾਇਦਾ ਆਪਣੇ ਰੂਟ 'ਤੇ

ਨਹੀਂ ਜਾ ਰਹੀ, ਸਗੋਂ ਆਪਣੇ ਡਿਪੋ ਜਾ ਰਹੀ ਹੈ। ਪੁੱਛਣ ਉਤੇ ਉਸਨੂੰ ਇਹ ਦੱਸਿਆ ਗਿਆ ਕਿ ਬੱਸ ਉਸਦੇ ਕਾਲਿਜ ਵੱਲੋਂ ਹੋ ਕੇ ਜਾਵੇਗੀ। ਉਹ ਚੜ੍ਹ ਗਈ। ਅੰਦਰ ਜਾ ਕੇ ਉਸਨੇ ਕਾਲਿਜ ਦੇ ਸਟਾਪ ਦੀ ਟਿਕਟ ਲਈ। ਪੈਸੇ ਦੇਣ ਲੱਗੀ ਤਾਂ ਕੰਡਕਟਰ ਨੇ ਟਿਕਟ ਫੜਾਉਂਦੇ ਹੋਏ ਜਾਣਕੇ ਹੀ ਤੋਤਲੀ ਜਿਹੀ ਆਵਾਜ਼ ਵਿਚ ਕਿਹਾ, "ਜੀ ਪੈਸੇ ਕੋਈ ਤੁਹਾਥੋਂ ਚੰਗੇ ਨੇ!" ਤੇ ਨਾਲ ਹੀ ਉਸਦਾ ਹੱਥ ਫੜ ਲਿਆ। ਮਾਨੁਸ਼ੀ ਨੇ ਡਰੀ ਹੋਈ ਹਿਰਨੀ ਵਾਂਗ ਇਕ ਪਾਸੇ ਬੈਠੇ ਹੋਏ ਤਿੰਨ ਬੰਦਿਆਂ ਵੱਲ ਦੇਖਿਆ, ਜਿਵੇਂ ਉਨ੍ਹਾਂ ਦੀ ਸਹਾਇਤਾ ਦੀ ਮੰਗ ਕਰ ਰਹੀ ਹੋਵੇ। ਪਰ ਉਹ ਵੀ ਤਾਂ ਖਾਕੀ ਵਰਦੀ ਵਿਚ ਹੀ ਸਨ ਤੇ ਉਨ੍ਹਾਂ ਦੇ ਚਿਹਰਿਆਂ ਤੋਂ ਸਾਫ ਝਲਕ ਰਿਹਾ ਸੀ ਕਿ ਉਹ ਕੋਈ ਸਹਾਇਤਾ ਨਹੀਂ ਕਰਨਗੇ, ਸਗੋਂ ਤਮਾਸ਼ਾ ਦੇਖਣਗੇ। ਮਾਨੁਸ਼ੀ ਚਲਦੀ ਬੱਸ ਵਿਚੋਂ ਤੇਜ਼ੀ ਨਾਲ ਉੱਠਕੇ ਪਿਛਲੇ ਗੇਟ ਵੱਲੋਂ ਬਾਹਰ ਜਾਣ ਲੱਗੀ, ਤਾਂ ਚਾਰੇ ਜਣੇ ਉਸਦੇ ਦਵਾਲੇ ਹੋ ਗਏ ਤੇ ਉਸਨੂੰ ਘੇਰਕੇ ਸ਼ਿਕੰਜਾ ਕੱਸਣ ਲੱਗੇ।

ਮਾਨੁਸ਼ੀ ਇਕ ਖਿਡਾਰਨ ਤਾਂ ਸੀ ਹੀ। ਮਿਹਨਤ ਨਾਲ ਕਮਾਇਆ ਹੋਇਆ ਉਸਦਾ ਸਰੀਰ ਸੀ। ਬਿਜਲੀ ਦੀ ਰੌ ਵਾਲੀ ਤੇਜ਼ੀ ਨਾਲ ਉਸ ਦੇ ਤਨ ਤੇ ਮਨ ਨੇ ਫੈਸਲਾ ਕਰ ਲਿਆ ਕਿ ਆਪਣੇ ਹੀ ਜ਼ੋਰ ਤੇ ਦਾਉ-ਪੇਚ ਨਾਲ ਉਸਨੂੰ ਆਪਣੇ ਸਰੀਰ ਦੀ ਰੱਖਿਆ ਕਰਨੀ ਪਵੇਗੀ। ਉਸਨੇ ਆਪਣੇ ਸੱਜੇ ਗੋਡੇ ਨੂੰ ਪੂਰੇ ਜ਼ੋਰ ਨਾਲ ਤਣਕੇ ਵਾਰੀ ਵਾਰੀ ਦੋ ਬੰਦਿਆਂ ਦੇ ਚੱਡਿਆਂ ਵਿਚ ਮਾਰਕੇ ਉਨ੍ਹਾਂ ਨੂੰ ਮੂਧਾ ਕਰ ਦਿੱਤਾ ਤੇ ਨੱਸਕੇ ਅਗਲੇ ਦਰਵਾਜ਼ੇ ਵੱਲ ਦੌੜੀ! ਉਹ ਅਜੇ ਗੇਟ ਵਿਚ ਹੀ ਸੀ ਜਦ ਤੀਜੇ ਬੰਦੇ ਨੇ ਉਸ ਨੂੰ ਆ ਫੜਿਆ। ਨੱਸੀ ਜਾਂਦੀ ਬੱਸ ਵਿਚੋਂ ਹੀ ਮਾਨੁਸ਼ੀ ਛਾਲ ਮਾਰ ਦੇਣੀ ਚਾਹੁੰਦੀ ਸੀ। ਪਰ ਬੰਦਾ ਉਸਨੂੰ ਪਿਛਾਂਹ ਖਿੱਚਣ ਦਾ ਜਤਨ ਕਰ ਰਿਹਾ ਸੀ। ਮਾਨੁਸ਼ੀ ਉਸ ਬੰਦੇ ਨਾਲੋਂ ਤਾਕਤਵਰ ਸਾਬਤ ਹੋਈ, ਜਦ ਉਸਨੇ ਇਹ ਨਿਰਣਾ ਕਰ ਲਿਆ ਕਿ ਉਹ ਆਪਣੇ ਜ਼ੋਰ ਨਾਲ ਹੀ ਉਸ ਬੰਦੇ ਨੂੰ ਬੱਸ ਤੋਂ ਬਾਹਰ ਪਟਕਾ ਦੇਵੇਗੀ।...ਤੇ ਇਉਂ ਹੀ ਉਸ ਕੀਤਾ। ਉਹ ਆਪ ਕਿਉਂਕਿ ਉਸ ਸਮੇਂ ਚੇਤੰਨ ਹੋ ਕੇ ਇਹ ਕੁਝ ਕਰ ਰਹੀ ਸੀ, ਉਸ ਬੰਦੇ ਨਾਲ ਹੀ ਬਾਹਰ ਡਿੱਗਣ ਬਾਦ, ਸੱਟ ਖਾ ਕੇ ਉਹ ਤੱਤੇ-ਘਾਉ ਉਠ ਬੈਠੀ।

ਉਨ੍ਹਾਂ ਦੋਵਾਂ ਦੇ ਡਿੱਗਣ ਲੱਗਿਆਂ ਡਰਾਈਵਰ ਨੇ ਵੀ ਬੱਸ ਹੌਲੀ ਕਰਕੇ ਰੋਕ ਲਈ, ਪਰ ਫੇਰ ਜਲਦੀ ਹੀ ਤੇਜ਼ ਕਰਕੇ ਦੌੜਾ ਲਈ, ਤਾਂ ਜੋ ਕੋਈ ਉਸਦਾ ਨੰਬਰ ਨਾ ਨੋਟ ਕਰ ਲਏ।

ਮਾਨੁਸ਼ੀ ਨੇ ਡਿੱਗੇ ਹੋਏ ਬੰਦੇ ਨੂੰ ਤਾਂ ਉਥੇ ਹੀ ਪਿਆ ਰਹਿਣ ਦਿੱਤਾ ਕਿਉਂਕਿ ਇਸ ਘਟਨਾ ਦੀ ਅਸੁਭਾਵਕਤਾ ਤੇ ਆਪਣੇ ਲੱਗੀ ਸੱਟ ਕਾਰਣ ਉਹ ਬਹੁਤ ਘਬਰਾਈ ਹੋਈ ਸੀ। ਸੋ ਇਥੇ ਕੋਈ ਰੌਲਾ ਪਾਉਣ ਜਾਂ ਭੀੜ ਇਕੱਠੀ ਕਰਨ ਦੀ ਥਾਂ ਇਥੋਂ ਖਿਸਕਣਾ ਹੀ ਉਸਨੇ ਠੀਕ ਸਮਝਿਆ ਅਤੇ ਤੁਰੰਤ ਇਕ ਥ੍ਰੀ-ਵ੍ਹੀਲਰ ਵਿਚ ਬੈਠਕੇ ਕਾਲਿਜ ਪਹੁੰਚ ਗਈ। ਕਾਲਿਜ ਵਾਲਿਆਂ ਨੇ ਉਸਨੂੰ ਹਸਪਤਾਲ ਪਹੁੰਚਾ ਦਿੱਤਾ ਜਿਥੇ ਉਸਨੂੰ ਇਕ ਦਿਨ ਕੱਟਣਾ ਪਿਆ। ਪ੍ਰਿੰਸੀਪਲ ਨੇ ਬੱਸ ਸੇਵਾ ਦੇ ਉੱਚ-ਅਧਿਕਾਰੀ ਨੂੰ ਫੋਨ ਉਤੇ ਇਸ ਘਟਨਾ ਬਾਰੇ ਸਾਰੀ ਗੱਲ ਦੱਸੀ, ਪਰ ਅੱਗੋਂ ਉਸਨੇ ਕੋਈ ਖਾਸ ਹੁੰਗਾਰਾ ਨਾ ਭਰਿਆ। ਉਂਜ ਹੀ



ਹੂੰ-ਹਾਂ ਕਰ ਛੱਡੀ। ਪੁਲਿਸ ਦੇ ਉੱਚ ਅਧਿਕਾਰੀ ਨੇ ਵੀ ਇਹ ਕਹਿਕੇ ਟਾਲ ਦਿੱਤਾ ਕਿ ਅਜਿਹਾ ਕੇਸ ਦਰਜ ਕਰਨਾ ਉਨ੍ਹਾਂ ਦੇ ਅਧਿਕਾਰ ਖੇਤਰ ਵਿਚ ਨਹੀਂ ਹੈ।

ਕਾਲਿਜ ਦੀ ਇਕ ਤੇਜ਼ ਤਰਾਰ ਐਥਲੀਟ ਮਾਨੁਸ਼ੀ ਨਾਲ ਅਜਿਹਾ ਅਮਾਨੁਸ਼ੀ ਵਿਹਾਰ, ਚਲਦੀ ਬੱਸ ਅੰਦਰ, ਉਹ ਵੀ ਦਿੱਲੀ ਜਿਹੇ ਮਹਾਂ-ਨਗਰ ਵਿਚ ਹੋਇਆ। ਸਭਿਆਰ ਨੂੰ ਉਨ੍ਹੀਂ ਦਿਨੀਂ ਲੋਕ ਸਭਾ ਦਾ ਅਜਲਾਸ ਵੀ ਜਾਰੀ ਸੀ। ਜੇ ਇਹ ਮਾਮਲਾ, ਅਖਬਾਰੀ ਖਬਰ ਰਾਹੀਂ, ਪਾਰਲੀਮੈਂਟ ਵਿਚ ਨਾ ਉੱਠਦਾ ਤਾਂ ਨਾ ਬੱਸ ਮਹਿਕਮੇ ਤੇ ਨਾ ਹੀ ਪੁਲਿਸ ਨੇ ਕੋਈ ਕਾਰਵਾਈ ਕਰਨੀ ਸੀ। ਪਰ ਅਜਿਹੇ ਕਿੰਨੇ ਕੁ ਕੇਸ ਹਨ ਜਿਨ੍ਹਾਂ ਦੀ ਚਰਚਾ ਪਾਰਲੀਮੈਂਟ ਵਿਚ ਵੀ ਹੋ ਜਾਂਦੀ ਹੈ—ਸ਼ਾਇਦ ਹਜ਼ਾਰਾਂ ਲੱਖਾਂ ਵਿਚੋਂ ਇਕ ਅੱਧ। ਜੇ ਮਾਨੁਸ਼ੀ ਤੇਜ਼ ਸੂਝ ਤੇ ਜਿਸਮਾਨੀ ਤੌਰ 'ਤੇ ਜ਼ੋਰ ਵਾਲੀ ਨਾ ਹੁੰਦੀ ਤਾਂ ਇਸ ਘਟਨਾ ਦਾ ਪਲਾਟ ਕੀ ਸ਼ਕਲ ਅਖਤਿਆਰ ਕਰਦਾ? ਅੱਲਾ-ਤਾਅਲਾ ਹੀ ਸ਼ਾਇਦ ਬਿਹਤਰ ਜਾਣਦਾ ਹੋਵੇ। ਸ਼ਾਇਦ ਨਾ ਵੀ ਜਾਣਦਾ ਹੋਵੇ।

ਪਰ ਇਹ ਤਾਂ ਕੋਈ ਕਹਾਣੀ ਨਾ ਬਣੀ। ਇਹ ਤਾਂ ਇਕ ਘਟਨਾ ਹੈ। ਅਜਿਹੀਆਂ ਕਈ ਘਟਨਾਵਾਂ ਭਾਰਤ-ਵਰਸ਼ ਵਿਚ ਹਰ ਰੋਜ਼ ਹੋਰ ਵੀ ਘਟਦੀਆਂ ਹਨ। ਸੋ, "ਚੱਲ ਮੇਰੀ ਜੁਗਨੀ ਅਗਲੇ ਸ਼ਹਿਰ।" ਕਿਉਂਕਿ ਅਗਲੇ ਹੀ ਦਿਨ ਮੈਨੂੰ ਦਿੱਲੀ ਦੇ ਹੀ ਪਾਸ ਦੇ ਇਕ ਛੋਟੇ ਜਿਹੇ ਸ਼ਹਿਰ ਦੀ ਹੋਰ ਵੀ ਦਿਲਚਸਪ ਖਬਰ ਮਿਲ ਗਈ।

... ... ... ...

ਇਸ ਕਸਬੇ ਵਿਚ ਰਾਜਰਾਣੀ ਤੇ ਅਜ਼ੀਜ਼ ਦੇ ਪਿਆਰ ਦੀ ਚਰਚਾ ਕਈ ਸਾਲਾਂ ਤੋਂ ਚੱਲ ਰਹੀ ਸੀ। ਅਜ਼ੀਜ਼ ਘਰੋਂ ਸੌਖਾ ਸੀ। ਜਾਇਦਾਦ ਦੀ ਖਰੀਦ-ਵੇਚ ਦਾ ਕੰਮ ਕਰਦਾ ਸੀ। ਪਰ ਰਾਜਰਾਣੀ ਦਾ ਪਿਉ ਵਧਾਵਾ ਰਾਮ ਇਕ ਮਾਮੂਲੀ ਜਿਹਾ ਦੁਕਾਨਦਾਰ ਸੀ ਜਿਸਨੂੰ ਅਜ਼ੀਜ਼ ਵੱਲੋਂ ਕਈ ਤਰ੍ਹਾਂ ਦੀ ਆਰਥਿਕ ਮਦਦ ਮਿਲਦੀ ਰਹਿੰਦੀ ਸੀ। ਰਾਜ ਤੇ ਅਜ਼ੀਜ਼ ਦੋਵਾਂ ਦਾ ਇਕ ਦੂਜੇ ਦੇ ਘਰੀਂ ਆਉਣ ਜਾਣ ਵੀ ਸੀ। ਆਖਰ ਨਾ ਚਾਹੁੰਦੇ ਹੋਏ ਵੀ ਉਹ ਭਾਣਾ ਵਰਤ ਗਿਆ ਜੋ ਅਜਿਹੇ ਕੇਸ ਵਿਚ ਕਦੇ ਵਰਤ ਹੀ ਜਾਂਦਾ ਹੈ। ਰਾਜਰਾਣੀ ਬਹੁਤ ਘਬਰਾ ਗਈ। ਉਸਨੇ ਇਸ ਬਾਰੇ ਆਪਣੀ ਮਾਂ ਨੂੰ ਦੱਸਿਆ। ਮਾਂ ਸੁਣਕੇ ਬੜੀ ਦੁਖੀ ਹੋਈ। ਉਹ ਕੋਈ ਉਪਾ ਸੋਚਣ ਲੱਗੀ। ਪਰ ਰਾਜਰਾਣੀ ਨਹੀਂ ਸੀ ਚਾਹੁੰਦੀ ਕਿ ਹੋਣ ਵਾਲੇ ਬੱਚੇ ਦਾ ਇਸ ਤਰ੍ਹਾਂ ਘਾਣ ਕੀਤਾ ਜਾਏ। ਆਖਰ ਉਸ ਨੇ ਅਜ਼ੀਜ਼ ਨਾਲ ਗੱਲ ਕੀਤੀ ਤੇ ਆਪਣੇ ਪੱਕੇ ਨਿਸ਼ਚੇ ਬਾਰੇ ਵੀ ਦੱਸ ਦਿੱਤਾ। ਅਜ਼ੀਜ਼ ਨੇ ਉਸਨੂੰ ਬਚਨ ਦਿੱਤਾ ਕਿ ਉਹ ਤੋੜ ਤਕ ਉਸਦਾ ਸਾਥ ਨਿਭਾਏਗਾ। ਧਰਮ ਦੀ ਵਿੱਥ ਦੇ ਬਾਵਜੂਦ ਦੋਵਾਂ ਦੇ ਘਰ ਵਾਲੇ ਵੀ ਉਹਨਾਂ ਦੀ ਸਿਵਲ ਮੈਰਿਜ ਕਰ ਦੇਣ ਲਈ ਰਾਜ਼ੀ ਹੋ ਗਏ। ਚੁੱਪ-ਚਾਪ ਦਿੱਲੀ ਦੀ ਕਚਹਿਰੀ ਵਿਚ ਜਾ ਕੇ ਇਹ ਕੰਮ ਸਿਰੇ ਚਾੜ੍ਹਿਆ ਗਿਆ, ਕਿਉਂਕਿ ਹੋਡਲ ਜਿਹੇ ਛੋਟੇ ਸ਼ਹਿਰ ਵਿਚ ਤਾਂ ਇਸ 'ਅਨਰਥ' ਨੂੰ ਸੁਣਕੇ ਧਰਮ ਤੇ ਮਜ਼ਹਬ ਦੇ ਸਾਨ੍ਹਾਂ ਨੇ ਭਿੜ ਪੈਣਾ ਸੀ। ਉਨ੍ਹਾਂ ਦੇ ਸਿੰਗ ਛੁਡਵਾਉਣੇ ਮੁਸ਼ਕਿਲ ਹੋ ਜਾਣੇ ਸੀ। ਇਸ ਲਈ ਰਾਜਰਾਣੀ ਆਪਣੇ ਪੇਕੇ ਘਰ ਹੀ ਰਹਿੰਦੀ ਰਹੀ।

ਪਰ ਗੱਲ ਉਹੀ ਹੋਈ ਜਿਸਦਾ ਡਰ ਸੀ। ਇਸ ਸ਼ਾਦੀ ਬਾਰੇ ਤੇ ਰਾਜ ਨੂੰ ਹੋਣ ਵਾਲੇ ਬੱਚੇ ਬਾਰੇ ਭੇਦ ਖੁੱਲ੍ਹ ਗਿਆ। ਬੱਸ, ਫੇਰ ਤਾਂ ਜਿਵੇਂ ਨਦੀ ਦਾ ਬੰਨ੍ਹ ਖੁੱਲ੍ਹ ਗਿਆ ਹੋਵੇ। 'ਗੀਤਾ ਭਵਨ' ਵਿਚ ਸ਼ਾਮ ਵੇਲੇ ਇਕ ਹਜ਼ਾਰ ਬੰਦਾ ਇਕੱਠਾ ਹੋ ਗਿਆ, ਜਿਥੇ ਰਾਜਰਾਣੀ ਦੇ ਪਿਉ ਨੂੰ ਸੱਦਿਆ ਗਿਆ। ਇਕ ਸਾਧਾਰਣ ਜਿਹਾ ਬੰਦਾ ਇੰਨੇ ਵਿਸ਼ਾਲ ਜਨ-ਸਮੂਹ ਦਾ ਕਿਵੇਂ ਸਾਹਮਣਾ ਕਰ ਸਕਦਾ ਹੈ? ਇਹ ਪੇਸ਼ੀ ਤਾਂ ਧਰਮ ਰਾਜ ਦੀ ਕਚਹਿਰੀ ਨਾਲੋਂ ਵੀ ਸਖਤ ਸੀ। ਗੱਲ ਬੜੀ ਸਾਫ ਸੀ ਕਿ ਰਾਜਰਾਣੀ ਤੇ ਅਜ਼ੀਜ਼ ਦੀ ਸ਼ਾਦੀ ਨਾ ਇਸ ਲੋਕ ਵਿਚ ਹੋ ਸਕਦੀ ਸੀ, ਨਾ ਪਰਲੋਕ ਵਿਚ। ਰਾਜਸੀ ਤੇ ਧਾਰਮਿਕ ਅਧੀਸ਼ਾਂ ਦੀ ਚੁੱਕ ਵਿਚ ਆਏ ਹੋਏ ਲੋਕਾ ਨੇ ਇਸ ਜੋੜੇ ਦੇ ਵਿਰੁੱਧ ਫਤਵਾ ਦੇ ਦਿੱਤਾ। ਧਰਮ ਦੀ ਡੁੱਬ ਰਹੀ ਨਾਉ ਨੂੰ ਬਚਾਉਣ ਲਈ ਕੁਝ ਨੌਜਵਾਨਾਂ ਨੇ ਦਲੇਰੀ ਕਰਕੇ ਰਾਜ-ਰਾਣੀ ਨਾਲ ਸ਼ਾਦੀ ਕਰਨ ਦੀ ਪੇਸ਼ਕਸ਼ ਕੀਤੀ। ਉਨ੍ਹਾਂ ਵਿਚੋਂ ਹੀ ਇਕ ਚਾਹ ਦੇ ਖੋਖੇ ਵਾਲੇ ਸ਼ਾਮੇ ਨਾਲ ਰਾਜਰਾਣੀ ਦੀ ਸ਼ਾਦੀ ਰਚਾਕੇ ਉਸਨੂੰ ਸ਼ਾਮੇ ਦੇ ਘਰ ਪਹੁੰਚਾ ਦਿੱਤਾ ਗਿਆ। ਰਾਜਰਾਣੀ ਵਿਚਾਰੀ ਕੀ ਕਰ ਸਕਦੀ ਸੀ। ਉਸਦੀ ਪਹਿਲੀ ਸ਼ਾਦੀ ਉਸਦੇ ਸਾਹਮਣੇ ਹੀ ਪਾਣੀ ਵਿਚ ਪਏ ਪਤਾਸੇ ਵਾਂਗ ਖੁਰ ਗਈ। ਪਰ ਰਾਜਰਾਣੀ ਹੌਸਲਾ ਕਰਕੇ ਅਗਲੇ ਹੀ ਦਿਨ ਆਪਣੇ ਪਿਉ ਦੇ ਘਰ ਆ ਗਈ।

ਦੂਜੇ ਪੱਖ ਵਾਲਿਆਂ ਦਾ ਮਜ਼ਹਬ ਇਕ ਘੱਟ-ਗਿਣਤੀ ਵਾਲਿਆਂ ਦਾ ਸੀ। ਬੱਸ, ਆਟੇ ਵਿਚ ਲੂਣ ਬਰਾਬਰ। ਆਟਾ ਭਾਵੇਂ ਬਹੁਤਾ ਹੋਵੇ ਉਸ ਵਿਚ ਪਿਆ ਥੋੜ੍ਹਾ ਜਿਹਾ ਲੂਣ ਵੀ ਆਪਣਾ ਸਵਾਦ ਦੱਸ ਦਿੰਦਾ ਹੈ। ਜਦ ਇਕ ਪਾਸੇ ਗੀਤਾ ਭਵਨ ਵਿਚ ਰਾਜ-ਰਾਣੀ ਦੇ ਫੇਰੇ ਹੋ ਰਹੇ ਸਨ ਤਾਂ ਅਜ਼ੀਜ਼ ਦੇ ਛੋਟੇ ਭਰਾ ਹਨੀਫ ਨੇ ਕੁਝ ਪਤਵੰਤਿਆਂ ਨੂੰ ਨਾਲ ਲੈ ਕੇ ਪੁਲਿਸ ਵਿਚ ਰਿਪੋਰਟ ਦਰਜ ਕਰਵਾ ਦਿੱਤੀ ਕਿ ਉਸਦੀ ਭਾਬੀ (ਰਾਜਰਾਣੀ) ਦੀ ਕਿਸੇ ਗੈਰ ਬੰਦੇ ਨਾਲ ਜ਼ਬਰਦਸਤੀ ਸ਼ਾਦੀ ਕਰਵਾਈ ਜਾ ਰਹੀ ਹੈ। ਇਸ ਰਿਪੋਰਟ ਦੀ ਖਬਰ ਸ਼ਹਿਰ ਵਿਚ ਜੰਗਲ ਦੀ ਅੱਗ ਵਾਂਗ ਫੈਲ ਗਈ। ਧਰਮ ਨੂੰ ਮੁੜ ਪਾਲਾ ਮਾਰਨ ਲੱਗਾ। ਉਸਨੂੰ ਬਚਾਉਣ ਲਈ ਬਦਲੇ ਦਾ ਭਾਂਬੜ ਬਾਲਿਆ ਗਿਆ। ਇਸ ਭਾਂਬੜ ਦੇ ਸੇਕ ਨਾਲ ਜੰਮੇ ਹੋਏ ਖੂਨ ਵੀ ਖੌਲ ਉੱਠੇ। ਰੋਹ ਵਿਚ ਆਏ ਹੋਏ ਲੋਕਾਂ ਨੇ ਵਿਰੋਧੀ ਮਜ਼ਹਬ ਵਾਲਿਆਂ ਦੀਆਂ ਦੁਕਾਨਾਂ ਫੂਕ ਦਿੱਤੀਆਂ। ਉਨ੍ਹਾਂ ਦੇ ਇਕ ਧਰਮ-ਸਥਾਨ ਉਤੇ ਪਥਰਾਉ ਕੀਤਾ। ਫੇਰ ਇਸ ਹਜੂਮ ਨੇ ਪੁਲਿਸ ਥਾਣੇ ਨੂੰ ਘੇਰ ਲਿਆ। ਅਜ਼ੀਜ਼ ਦੀ ਗ੍ਰਿਫਤਾਰੀ ਲਈ ਤੇ ਕੁੜੀ ਦੇ ਪਿਉ ਵਿਰੁੱਧ ਬਣੇ ਫੌਜਦਾਰੀ ਕੇਸ ਨੂੰ ਰੱਦ ਕਰਨ ਦੀ ਮੰਗ ਕੀਤੀ ਗਈ। ਅਗਲੇ ਦਿਨ ਸ਼ਹਿਰ ਵਿਚ ਮੁਕੰਮਲ ਬੰਦ ਸੀ। ਇਸ ਦਿਨ ਅੱਗ ਭਾਵੇਂ ਨਾ ਫੈਲੀ, ਪਰ ਸਾਰਾ ਸ਼ਹਿਰ ਅੰਦਰੋਂ ਅੰਦਰ ਗਿੱਲੇ ਗੋਹੇ ਵਾਂਗ ਧੁਖਦਾ ਰਿਹਾ, ਕਿਉਂਕਿ ਦਫਾ ਚਤਾਲੀ ਲਾ ਦਿੱਤੀ ਗਈ ਸੀ।

ਧਰਮ ਦੇ ਪੱਖੀਆਂ ਨੇ ਵਧਾਵਾ ਰਾਮ ਨੂੰ ਮਜਬੂਰ ਕਰਕੇ ਪੁਲਿਸ ਵਿਚ ਇਹ ਰਿਪੋਰਟ ਦਰਜ ਕਰਵਾਈ ਕਿ ਉਸਦੀ ਲੜਕੀ ਰਾਜਰਾਣੀ ਨੂੰ ਪਹਿਲਾਂ ਜਬਰਨ ਦਿੱਲੀ ਲਿਜਾਕੇ ਅਜ਼ੀਜ਼ ਨਾਲ ਉਸਦੀ ਸ਼ਾਦੀ ਕਰ ਦਿੱਤੀ ਗਈ ਸੀ। ਇਸ ਵਿਚ ਕੋਈ ਸ਼ੱਕ ਨਹੀਂ ਕਿ ਵਧਾਵਾ ਰਾਮ ਆਤਮ-ਰੱਖਿਆ ਲਈ ਤੇ ਆਪਣੀ ਕੁੱਲੀ-ਜੁੱਲੀ ਨੂੰ ਭਸਮ ਹੋਣ



ਤੋਂ ਬਚਾਉਣ ਦੀ ਖਾਤਰ ਕਿਸੇ ਦਬਾਉ ਹੇਠ ਹੀ ਇਸ ਤਰ੍ਹਾਂ ਦਾ ਝੂਠ ਬੋਲਣ ਲਈ ਮਜਬੂਰ ਹੋਇਆ ਸੀ। ਅਜ਼ੀਜ਼ ਨੂੰ ਵੀ ਜਾਨ ਦੀ ਰੱਖਿਆ ਲਈ ਤੇ ਆਪਣੇ ਘਰ-ਘਾਟ ਨੂੰ ਬਚਾਉਣ ਲਈ ਅੰਡਰ ਗਰਾਊਂਡ ਜਾਣਾ ਪਿਆ। ਅਗਲੇ ਦਿਨ ਜਦ ਦਿੱਲੀ ਦੇ ਅਖਬਾਰੀ ਰਿਪੋਰਟਰਾਂ ਨੇ ਵਧਾਵਾ ਰਾਮ ਦੇ ਘਰ ਵੱਲ ਵਹੀਰਾਂ ਘੱਤੀਆਂ ਤਾਂ ਰਾਜਰਾਣੀ ਇਸ ਤਰ੍ਹਾਂ ਹਿੱਲੀ ਪਈ ਸੀ ਜਿਵੇਂ ਕਿ ਉਸਦੇ ਪੈਰਾਂ ਹੇਠ ਜ਼ਮੀਨ ਨਾ ਹੋਵੇ। ਤਿੰਨਾਂ ਦਿਨਾਂ ਤੋਂ ਉਸ ਉਤੇ ਝੁੱਲੇ ਝੱਖੜ ਨੇ ਉਸਨੂੰ ਇਸ ਤਰ੍ਹਾਂ ਹਿਲਾ ਕੇ ਰੱਖ ਦਿੱਤਾ ਸੀ ਜਿਵੇਂ ਧੁੱਪੇ ਰੱਖੀ ਅਚਾਰ ਵਾਲੀ ਚਾਟੀ ਹਿਲਾਈ ਜਾਂਦੀ ਹੈ ਬੇਸਹਾਰਾ ਉਹ ਅਸਮਾਨ ਵੱਲ ਪਾਟੀਆਂ ਨਜ਼ਰਾਂ ਨਾਲ ਵੇਖ ਰਹੀ ਸੀ, ਜਿਵੇਂ ਦਿਨੇ ਹੀ ਤਾਰੇ ਵਿਖਾਈ ਦੇ ਰਹੇ ਹੋਣ। ਰਿਪੋਰਟਰਾਂ ਨੇ ਜਦ ਮੁੜ-ਮੁੜ ਉਸਨੂੰ ਕੁਝ ਕਹਿਣ ਲਈ ਤਰਲੇ ਕੀਤੇ, ਉਹ ਫੁੱਟ-ਫੁੱਟ ਕੇ ਰੋ ਪਈ, "ਮੇਰਾ ਕੋਈ ਬਚਾ ਨਹੀਂ...ਸਭ ਕੁਝ ਮੇਰਾ ਬੇੜਾ ਗਰਕ ਕਰਨ ਲਈ ਹੋਇਆ...ਅਜ਼ੀਜ਼ ਦੇ ਘਰ ਮੇਰਾ ਆਉਣਾ ਜਾਣਾ ਸੀ, ਅੱਠਾਂ ਸਾਲਾਂ ਤੋਂ...ਉਹ ਵੀ ਸਾਡੇ ਘਰ ਆਉਂਦਾ ਸੀ...।"

ਛੋਟੇ ਜਿਹੇ ਇਸ ਸ਼ਹਿਰ ਵਿਚ ਸਭ ਕੁਝ ਦੇਖ ਸੁਣ ਕੇ ਇਕ ਸਿਆਣੇ ਰਿਪੋਰਟਰ ਨੇ ਇਹ ਨਿਰਣਾ ਕੀਤਾ ਕਿ ਇਸ ਸਾਰੀ ਘਟਨਾ ਦੇ ਪਿੱਛੇ ਵਿਰੋਧੀ ਪਾਰਟੀ ਦੇ ਸਮਰਥਕਾਂ ਦਾ ਹੱਥ ਹੈ ਜੋ ਆਪਣੇ ਵਿਰੋਧੀਆਂ ਨੂੰ ਹਰ ਹੀਲੇ ਪਰੇਸ਼ਾਨ ਤੇ ਬਦਨਾਮ ਕਰਨ ਲਈ ਸਿਰਤੋੜ ਜਤਨ ਕਰ ਰਹੇ ਤੇ ਇਸ ਘਟਨਾ ਨੂੰ ਫਿਰਕੂ ਰੰਗ ਦੇ ਕੇ ਦੰਗੇ ਕਰਾਉਣ ਤੇ ਆਪਣੇ ਸਿਆਸੀ ਮੁਖਾਲਫਾਂ ਦੀਆਂ ਜੜ੍ਹਾਂ ਹਿਲਾਉਣ ਉਤੇ ਤੁਲੇ ਹੋਏ ਹਨ। ਵੱਡੀਆਂ-ਵੱਡੀਆਂ ਆਸਾਮੀਆਂ, ਵੱਡੇ-ਵੱਡੇ ਮਸਲੇ, ਵੱਡੇ-ਵੱਡੇ ਪੈਂਤੜੇ ਦਾਉ 'ਤੇ ਲੱਗੇ ਹੋਏ ਹਨ—ਵਿਚਾਰੀ ਰਾਜਰਾਣੀ ਤੇ ਉਸਦਾ ਅਜ਼ੀਜ਼ ਐਵੇਂ ਤੁੱਛ ਜਿਹੇ ਪਿਆਦੇ ਹਨ। ਵੱਡੇ-ਵੱਡੇ ਫੀਲਿਆਂ, ਘੋੜਿਆਂ, ਊਠਾਂ ਤੇ ਸ਼ਾਹਾਂ ਦੀ ਖੇਡ ਵਿਚ ਉਹਨਾਂ ਦੀ ਕੀ ਵੱਟੀ ਜਾਣੀ ਸੀ।...ਕਿਸੇ ਝੱਖੜ ਵਿਚ ਇਹੋ ਜਿਹੇ ਕਈ ਮੱਛਰ-ਮੱਖੀਆਂ ਵੀ ਤਾਂ ਮਾਰੇ ਜਾਂਦੇ ਹਨ। ਅਜਿਹੇ ਕਰੂਰ ਵਿਹੁ-ਚੱਕਰ ਵਿਚ ਰਾਜਰਾਣੀ ਤੇ ਅਜ਼ੀਜ਼ ਦੇ ਜਜ਼ਬਿਆਂ ਦੀ ਕੌਣ ਪਰਵਾਹ ਕਰਦਾ ਹੈ?

ਫੇਰ ਕੀ ਕੀਤਾ ਜਾਏ? ਰਾਜਰਾਣੀ ਤੇ ਉਸਦੇ ਅਜ਼ੀਜ਼ ਦੇ ਭਵਿੱਖ ਦਾ ਹਸ਼ਰ ਉਡੀਕਿਆ ਜਾਏ? ਚੱਲੋ, ਇਸ ਪਲਾਟ ਨੂੰ ਵੀ ਫੇਰ ਹੀ ਹੱਥ ਪਾਵਾਂਗੇ। ਇਸ ਬਾਰੇ ਕਹਾਣੀ ਲਿਖਣੀ ਫਿਲਹਾਲ ਮੁਲਤਵੀ।

... ... ... ...

ਅਗਲੇ ਤਿੰਨ ਦਿਨਾਂ ਦੀ ਅਖਬਾਰ ਵਿਚ ਇਕ ਹੋਰ ਵੀ ਸਨਸਨੀਖੇਜ਼ ਖ਼ਬਰ ਆਉਣੀ ਸ਼ੁਰੂ ਹੋਈ ਜਿਸ ਵਿਚ ਇਕ ਪੂਰੀ ਕਹਾਣੀ ਦਾ ਪਲਾਟ ਬਣਨ ਦੀ ਸਮਰੱਥਾ ਸੀ।

16 ਅਗਸਤ 1981 ਦੀ ਇਸ ਖਬਰ ਅਨੁਸਾਰ ਜੂਨ 1988 ਵਿਚ ਪਰਸ ਰਾਮ ਵਲਦ ਰਾਮ ਨਾਥ ਨੂੰ ਆਪਣੇ ਨਾਲ ਦੇ ਪਿੰਡ ਮਕਵਾਲ ਦੀ ਇਕ ਪੰਦਰਾਂ ਸਾਲਾ ਲੜਕੀ ਦੇ ਬਲਾਤਕਾਰ ਤੇ ਉਧਾਲੇ ਦੇ ਜੁਰਮ ਵਿਚ ਗ੍ਰਿਫ਼ਤਾਰ ਕੀਤਾ ਗਿਆ ਅਤੇ ਜ਼ਮਾਨਤ ਉਤੇ ਛੱਡ ਵੀ ਦਿੱਤਾ ਗਿਆ ਸੀ। ਕਿਉਂਕਿ ਬਾਦ ਵਿਚ ਉਹ ਸੈਸ਼ਨ ਦੀ ਅਦਾਲਤ ਵਿਚ ਪੇਸ਼ ਨਾ

ਹੋਇਆ, ਵਾਰ-ਵਾਰ ਉਸਦੇ ਪੱਕੇ ਵਾਰੰਟ ਜਾਰੀ ਹੁੰਦੇ ਰਹੇ ਤਾਂ ਜੋ ਉਹ ਮੁੜ ਜ਼ਮਾਨਤ ਉਤੇ ਰਿਹਾ ਨਾ ਹੋ ਸਕੇ। ਪਰ ਪਰਸੇ ਨੇ ਵੀ, ਜਿਵੇਂ ਕਿ ਪਿੰਡ ਵਿਚ ਉਸਦਾ ਨਾਮ ਪਰਚੱਲਤ ਸੀ, ਆਪਣਾ ਕੋਈ ਪੱਕਾ ਪ੍ਰਬੰਧ ਕਰ ਲਿਆ ਸੀ। ਇਸ ਦੌਰਾਨ 1983 ਵਿਚ ਉਹ ਐਮ.ਐਲ.ਏ. ਬਣ ਗਿਆ ਸੀ। ਹੋਰ ਤਿੰਨ ਸਾਲਾਂ ਬਾਦ ਰਾਜ ਸਰਕਾਰ ਦਾ ਕੈਬਿਨਟ ਮਨਿਸਟਰ ਵੀ। ਆਖਰ ਇਸ ਕੇਸ ਦੇ ਸ਼ੁਰੂ ਹੋਣ ਦੇ ਛੇ ਸਾਲ ਬਾਦ ਇਕ ਸਥਾਨਕ ਅਖਬਾਰ ਨੇ ਇਹ ਭੇਦ ਖੋਲ੍ਹਿਆ ਕਿ ਉਸਦੀ ਗ੍ਰਿਫਤਾਰੀ ਏਨੇ ਸਾਲ ਕਿਉਂ ਨਾ ਹੋ ਸਕੀ ਕਿਉਂਕਿ ਪਰਸੇ ਨੇ ਵੋਟਰ-ਲਿਸਟ ਵਿਚ ਆਪਣਾ ਨਾਮ ਪਰਸ ਰਾਜ ਲਿਖਾ ਲਿਆ ਸੀ, ਇਸ ਤਰ੍ਹਾਂ ਉਹ ਪਿੰਡ ਵਿਚ ਪਰਸ ਰਾਮ ਉਰਫ ਪਰਸਾ ਤੇ ਵੋਟਰ ਲਿਸਟ ਵਿਚ ਪਰਸ ਰਾਜ ਬਣਿਆ ਰਿਹਾ। ਅਖਬਾਰ ਨੇ 'ਪਰਸੂ ਪਰਸਾ ਪਰਸਰਾਮ' ਦੇ ਸਿਰਲੇਖ ਹੇਠ ਇਹ ਭੇਦ ਖੋਲ੍ਹਦੇ ਹੋਏ ਅੱਗੇ ਲਿਖਿਆ ਕਿ ਰਾਜ ਵਿਚ ਕਈ ਹੋਰ ਵੀ ਮਨਿਸਟਰਾਂ ਦੇ ਖਿਲਾਫ਼ ਭ੍ਰਿਸ਼ਟਾਚਾਰ ਦੇ ਇਲਜ਼ਾਮ ਹਨ (ਜਿਵੇਂ ਕਿ ਇਕ ਮਨਿਸਟਰ ਨੇ ਕਿਸੇ ਦੀ ਜ਼ਮੀਨ ਹਥਿਆ ਲਈ ਸੀ) ਪਰ ਕੋਈ ਕਾਰਵਾਈ ਉਨ੍ਹਾਂ ਵਿਰੁੱਧ ਨਹੀਂ ਕੀਤੀ ਗਈ। ਪਰਸ ਰਾਮ ਯਾਨੀ ਪਰਸ ਰਾਜ ਦਾ ਤਾਂ ਕੇਸ ਹੀ ਅਨੋਖਾ ਹੈ। ਇਸ ਵਿਚ ਵੀ ਕੋਈ ਸ਼ੱਕ ਨਹੀਂ ਕਿ ਇਸੇ ਸਾਲ ਉਸਨੇ 15 ਅਗਸਤ ਵਾਲੇ ਦਿਨ ਜ਼ਿਲਾ ਹੈਡ-ਕਵਾਟਰ ਵਿਖੇ ਸੁਤੰਤਰਤਾ ਦਿਵਸ ਦੇ ਅਜਲਾਸ ਦੀ ਪ੍ਰਧਾਨਗੀ ਕੀਤੀ, ਰਾਸ਼ਟਰੀ ਝੰਡਾ ਚੜ੍ਹਾਇਆ ਤੇ ਮੰਚ 'ਤੇ ਖੜੇ ਹੋ ਕੇ ਸਲਾਮੀ ਲਈ।

ਖੈਰ, ਪਰਸੇ ਦੇ ਇਸ ਕੇਸ ਬਾਰੇ ਮੂਲ ਮੁੱਦਾ ਇਹ ਹੈ ਕਿ ਪੁਰਾਣਾ ਦੱਬਿਆ ਜਾਂ ਦਬਾਇਆ ਹੋਇਆ ਕੇਸ ਕਚਹਿਰੀ ਵਿਚ ਮੁੜ ਸ਼ੁਰੂ ਹੋ ਗਿਆ। ਪਰਸ ਰਾਜ ਦੇ ਵਕੀਲ ਨੇ ਕੋਰਟ ਵਿਚ ਮੰਨ ਲਿਆ ਕਿ ਪਰਸ ਰਾਮ ਹੀ ਪਰਸ ਰਾਜ ਮਨਿਸਟਰ ਹੈ ਤੇ ਉਹ ਕਚਹਿਰੀ ਵਿਚ ਪੇਸ਼ ਹੋ ਜਾਏਗਾ। ਇਹ ਕੁਝ ਤਸਦੀਕ ਹੋ ਜਾਣ ਉੱਤੇ ਵੀ ਮੁੱਖ ਮੰਤਰੀ ਨੇ ਮਨਿਸਟਰ ਪਰਸ ਰਾਜ ਨੂੰ ਆਪਣੀ ਵਜ਼ਾਰਤ ਵਿਚ ਕਿਉਂ ਬਰਕਰਾਰ ਰੱਖਿਆ, ਹੈਰਾਨੀ ਸਭ ਨੂੰ ਇਸ ਗੱਲ ਦੀ ਸੀ। ਇਸ ਹੈਰਾਨੀ ਵਿਚ ਕੁਝ ਹੋਰ ਵਾਧਾ ਤਦ ਹੋਇਆ ਜਦ ਪਰਸ ਰਾਜ ਦੇ ਵਕੀਲ ਦੇ ਭਰੋਸਾ ਦਿਵਾਉਣ ਬਾਅਦ ਵੀ ਕਿ ਪਰਸ ਰਾਜ ਕੋਰਟ ਵਿਚ ਪੇਸ਼ ਹੋ ਜਾਏਗਾ ਉਹ ਮਿੱਥੇ ਦਿਨ ਉਤੇ ਪੇਸ਼ ਨਾ ਹੋਇਆ। ਸਗੋਂ ਉਸਨੇ ਕੋਰਟ ਨੂੰ ਇਹ ਲਿਖ ਭੇਜਿਆ ਕਿ ਉਸਦੇ ਵਿਰੁੱਧ ਮੁਕੱਦਮਾ ਖਾਰਜ ਕੀਤਾ ਜਾਏ ਕਿਉਂਕਿ ਇਹ ਉਸਨੂੰ ਬਦਨਾਮ ਕਰਨ ਲਈ ਸ਼ੁਰੂ ਕੀਤਾ ਗਿਆ ਹੈ। ਉਪਰੋਂ ਪਏ ਦਬਾਉ ਕਰਕੇ ਇਸ ਅਰਜ਼ੀ ਦੀ ਸੁਣਵਾਈ ਵੀ ਆਮ ਕਾਇਦੇ ਦੇ ਉਲਟ ਕੋਰਟ ਨੇ ਭਾਵੇਂ ਉਸੇ ਦਿਨ ਹੀ ਇਕ 'ਜ਼ਰੂਰੀ ਮੁਆਮਲੇ" ਦੇ ਤੌਰ 'ਤੇ ਸ਼ੁਰੂ ਕਰ ਦਿੱਤੀ ਤਾਂ ਵੀ ਪਰਸ ਰਾਜ ਤੇ ਉਸਦਾ ਵਕੀਲ ਹਾਜ਼ਰ ਨਾ ਹੋਏ। ਆਖਰ ਉਸ ਵਕੀਲ ਦੇ ਕਲਰਕ ਨੂੰ ਲੱਭ ਕੇ ਲਿਆਂਦਾ ਗਿਆ ਜਿਸਨੂੰ ਜੱਜ ਨੇ ਝਾੜਿਆ ਕਿ ਤੇਰਾ ਉਹ ਵਕੀਲ ਕਿਥੇ ਹੈ ਜਿਸਨੇ ਕੋਰਟ ਵਿਚ ਲਿਖ ਕੇ ਦਿੱਤਾ ਸੀ ਕਿ ਉਹ ਪਰਸ ਰਾਜ ਨੂੰ ਪੇਸ਼ ਕਰੇਗਾ। ਜੇ ਵਕੀਲ ਨੇ ਅਜਿਹਾ ਨਾ ਕੀਤਾ ਤਾਂ ਵਕੀਲ ਤੇ ਪਰਸ ਰਾਜ ਦੋਵਾਂ ਦੇ ਵਿਰੁੱਧ ਕਾਰਵਾਈ ਕੀਤੀ ਜਾਏਗੀ। ਇਸ ਤਰ੍ਹਾਂ ਵਧ ਰਹੇ ਮੁਆਮਲੇ ਦੀ ਗੰਭੀਰਤਾ ਨੂੰ ਦੇਖਕੇ ਹੀ ਆਖਰ ਵਕੀਲ ਪੇਸ਼ ਹੋਇਆ। ਪਹਿਲਾਂ



ਪੇਸ਼ ਨਾ ਹੋ ਸਕਣ ਬਾਰੇ ਲੰਗੜਾ ਜਿਹਾ ਬਹਾਨਾ ਉਸਨੇ ਇਹ ਬਣਾਇਆ ਕਿ ਕੋਰਟ ਨੇ ਤਾਂ ਅਜੇ ਕੇਸ ਦਾ ਰਿਕਾਰਡ ਮੰਗਾਉਣ ਦਾ ਹੁਕਮ ਹੀ ਦਿੱਤਾ ਸੀ, ਮੁਕੱਦਮਾ ਤਾਂ ਫੇਰ ਹੀ ਸ਼ੁਰੂ ਹੋਣਾ ਸੀ।

ਅਗਲੇ ਦਿਨ ਦੇ ਅਖਬਾਰ ਨੇ ਦੱਸਿਆ ਕਿ ਪਿਛਲੇ ਸਾਲ ਏਸੇ ਪਰਸਰਾਜ ਦੇ ਵਿਰੁੱਧ ਦਫਾ 353 ਦੇ ਅਧੀਨ ਇਕ ਹੋਰ ਵੀ ਕੇਸ ਬਣਿਆ ਸੀ ਤੇ ਉਹ ਵੀ 'ਜਨ ਹਿੱਤ' (ਪਬਲਿਕ ਇਨਟਰੈਸਟ) ਦੀ ਖਾਤਰ ਮੁੱਖ ਮੰਤਰੀ ਨੇ ਤੁਰੰਤ ਠੱਪ ਕਰਵਾ ਦਿੱਤਾ ਸੀ। ਉਸ ਸਮੇਂ ਪਰਸਰਾਜ ਅਜੇ ਐਮ.ਐਲ.ਏ. ਹੀ ਸੀ। ਉਸਨੇ ਡਾਇਰੈਕਟਰ ਐਜੂਕੇਸ਼ਨ ਨੂੰ ਇਕ ਟੀਚਰ ਦੇ ਤਬਾਦਲੇ ਲਈ ਕਿਹਾ ਸੀ। ਪਰ ਡਾਇਰੈਕਟਰ ਨੇ ਅੱਗੋਂ ਅਰਜ਼ ਕੀਤੀ ਸੀ ਕਿ ਇਹ ਕੰਮ ਜ਼ਿਲਾ ਸਿੱਖਿਆ ਅਫਸਰ ਦੇ ਖੇਤਰ ਦਾ ਹੈ, ਜੋ ਇਕ ਔਰਤ ਹੈ ਤੇ ਉਹੀ ਕਰ ਸਕਦੀ ਸੀ। ਪਰਸਰਾਜ ਨੇ ਆਉ ਦੇਖਿਆ ਨਾ ਤਾਉ ਅਤੇ ਖੜੇ-ਖੜੇ ਇਸ ਭਾਰਤੀ ਮਹਿਲਾ ਦੀ ਮਾਂ-ਭੈਣ ਨੌਲ ਦਿੱਤੀ ਜਿਸਨੂੰ ਸੁਣਕੇ ਡਾਇਰੈਕਟਰ ਨੇ ਐਮ.ਐਲ ਏ. ਸਾਹਿਬ ਨੂੰ ਕਿਹਾ ਕਿ ਉਹ ਜ਼ਿੰਮੇਵਾਰ ਬੰਦਿਆਂ ਵਾਂਗ ਗੱਲ ਕਰਨ। ਪਰ ਪਰਸਰਾਜ ਨੇ ਤਿੰਨ ਹੋਰ ਬੰਦਿਆਂ ਸਾਹਮਣੇ ਉਸ ਡਾਇਰੈਕਟਰ ਦੀ ਵੀ ਐਸੀ-ਤੈਸੀ ਫੇਰ ਦਿੱਤੀ ਤੇ ਨਾਲ ਹੀ ਕਰਾਰਾ ਜਿਹਾ ਥੱਪੜ ਜੜ ਦਿੱਤਾ। ਇਨ੍ਹਾਂ ਤਿੰਨਾਂ ਹੀ ਬੰਦਿਆਂ ਨੇ ਪੁਲਿਸ ਪਾਸ ਪਰਸਰਾਜ ਦੇ ਖਿਲਾਫ ਗਵਾਹੀ ਵੀ ਦਿੱਤੀ ਸੀ। ਇਹ ਸਨ ਇਕ ਡਿਪਟੀ ਡਾਇਰੈਕਟਰ, ਇਕ ਪ੍ਰਿੰਸੀਪਲ ਤੇ ਇਕ ਸਾਬਕਾ ਡਾਇਰੈਕਟਰ। ਜਦ ਇਹ ਪੁਲਿਸ ਕੇਸ ਬਣਿਆਂ ਤਾਂ ਪਰਸਰਾਜ ਇਕ ਐਮ.ਐਲ.ਏ. ਹੀ ਸੀ। ਪਰ ਜਦ ਕੇਸ ਦੀ ਸੁਣਵਾਈ ਸ਼ੁਰੂ ਹੋਈ ਤਾਂ ਪਰਸ ਰਾਜ ਦੀ ਪਾਰਟੀ ਤੇ ਹਾਕਮ ਪਾਰਟੀ ਦੀ ਸਾਂਝੀ ਵਜ਼ਾਰਤ ਬਣ ਚੁੱਕੀ ਸੀ ਜਿਸ ਵਿਚ ਉਹ ਇਕ ਕੈਬਨਿਟ ਮੰਤਰੀ ਲਿਆ ਗਿਆ ਸੀ। ਸੋ ਲਾਜ਼ਮੀ ਸੀ ਤੇ ਸ਼ੋਭਾ ਵੀ ਇਹੀ ਦਿੰਦਾ ਸੀ ਕਿ ਮੁੱਖ ਮੰਤਰੀ ਜੀ, ਪਰਸ ਰਾਜ ਦਾ ਕੇਸ ਖਾਰਜ ਕਰਾਉਣ ਲਈ 'ਜਨ ਹਿੱਤ' ਵਿਚ ਆਪਣੇ ਵਿਸ਼ੇਸ਼ ਅਧਿਕਾਰ ਦੀ ਵਰਤੋਂ ਕਰਦੇ। ਨਾਲੇ ਇਹੋ ਜਿਹੀਆਂ ਨਿੱਕੀਆ-ਮੋਟੀਆ ਗੱਲਾਂ ਤਾਂ ਹੁੰਦੀਆਂ ਹੀ ਰਹਿੰਦੀਆਂ ਸਨ, ਜਿਵੇਂ ਕਿ ਕੋਈ ਵਿਧਾਇਕ ਕਿਸੇ ਡਾਇਰੈਕਟਰ ਨੂੰ ਕੁੱਟ ਸੁੱਟੇ ਜਾਂ ਕਿਸੇ ਨੂੰ ਗਾਲ੍ਹਾਂ ਕੱਢੇ। ਇਨ੍ਹਾਂ ਬਦਲੇ ਜਨ ਹਿੱਤ ਦੀ ਕੁਰਬਾਨੀ ਥੋੜ੍ਹੀ ਕੀਤੀ ਜਾ ਸਕਦੀ ਸੀ?

ਸੋ ਜਦ ਅਜੇ ਪਿਛਲੇ ਸਾਲ ਹੀ ਪਰਸ ਰਾਜ ਵਿਰੁੱਧ ਪੁਲਿਸ ਕੇਸ 'ਜਨ ਹਿੱਤ' ਅਧੀਨ ਖਾਰਜ ਹੋ ਚੁੱਕਾ ਸੀ, ਹੁਣ ਉਹ ਅਦਾਲਤ ਵਿਚ ਪੇਸ਼ ਹੋਣ ਦੀ ਖੇਚਲ ਕਿਉਂ ਕਰਦਾ? ਪਰ ਹੁਣ ਵੱਡੀ ਅੜਾਉਣੀ ਇਹ ਵੀ ਪਈ ਸੀ ਕਿ ਮੁਲਕ ਭਰ ਦੇ ਅਖਬਾਰਾਂ ਵਿਚ ਪਰਸ ਰਾਜ ਦੇ ਪਿਛਲੇ ਕਾਰਨਾਮਿਆਂ ਦੀ ਖਬਰ ਆਉਣ ਲੱਗ ਪਈ ਸੀ। ਜੋ ਗੱਲਾਂ ਸਾਲਾਂ ਤੋਂ ਇਕ ਦੋ ਪਿੰਡਾਂ ਦੇ ਲੋਕ ਹੀ ਜਾਣਦੇ ਸਨ, ਹੁਣ ਲੱਖਾਂ ਦੇ ਸਾਹਮਣੇ ਆ ਗਈਆਂ ਤੇ ਕਈ ਸੰਸਥਾਵਾਂ ਪਰਸ ਰਾਜ ਦੇ ਅਸਤੀਫੇ ਦੀ ਮੰਗ ਕਰ ਰਹੀਆਂ ਸਨ।

ਤੀਜੇ ਦਿਨ ਇਸੇ ਸਿਲਸਿਲੇ ਵਿਚ ਇਕ ਖਬਰ ਹੋਰ ਆ ਗਈ ਜਿਸਨੇ ਇਸ ਕਹਾਣੀ ਵਿਚ ਨਵਾਂ ਰੰਗ ਭਰ ਦਿੱਤਾ। ਪਿੰਡ ਵਾਲਿਆਂ ਨੇ ਦੱਸਿਆ ਕਿ ਸੱਤ ਸਾਲ ਪਹਿਲਾਂ ਸ਼ਾਮੋ ਨੂੰ ਪਰਸੇ ਦੇ ਚੁੰਗਲ ਵਿਚੋਂ ਛੁਡਾਉਣ ਬਾਦ ਘਰ ਵਾਲਿਆਂ ਨੇ ਉਸਦੀ ਸ਼ਾਦੀ ਕਰ

ਦਿੱਤੀ ਸੀ ਪਰ ਪਰਸੇ ਦੇ ਚਾਚੇ ਦੇ ਪੁੱਤਰ ਰਾਮ ਲਾਲ ਨੇ ਪੁਲਿਸ ਥਾਣੇ ਵਿਚ ਰਿਪੋਰਟ ਕਰ ਦਿੱਤੀ ਕਿ ਸ਼ਾਮੋ ਨਾਲ ਤਾਂ ਪਹਿਲਾਂ ਹੀ ਉਸਦੀ ਸ਼ਾਦੀ ਹੋ ਚੁੱਕੀ ਸੀ। ਸੋ ਹੁਣ ਹੋਈ ਉਸ ਦੀ ਸ਼ਾਦੀ ਨਾਜਾਇਜ਼ ਸੀ। ਸ਼ਾਮੋ ਜਦ ਸਹੁਰੇ ਘਰੋਂ ਆਪਣੇ ਪੇਕੇ ਆਈ ਤਾਂ ਉਸਨੂੰ ਜੰਮੂ ਸਬ-ਜੱਜ ਦੀ ਕਚਹਿਰੀ ਪੇਸ਼ ਹੋਣਾ ਪਿਆ ਜਿਥੇ ਉਸਨੇ ਇਹ ਬਿਆਨ ਦਿੱਤਾ ਕਿ ਅਸਲ ਵਿਚ ਪਰਸ ਰਾਜ, ਰਾਮ ਲਾਲ ਤੇ ਹੋਰਨਾਂ ਨੇ ਜ਼ਬਰਦਸਤੀ ਉਸਨੂੰ ਬੰਧਕ ਬਣਾਕੇ ਰੱਖਿਆ ਸੀ। ਉਸ ਨਾਲ ਉਨ੍ਹਾਂ ਮੂੰਹ ਕਾਲਾ ਕੀਤਾ ਤੇ ਡਰਾ ਧਮਕਾ ਕੇ ਰਾਮ ਲਾਲ ਨਾਲ ਹੋਈ ਸ਼ਾਦੀ ਦੇ ਕਾਗਜ਼ਾਂ 'ਤੇ ਦਸਖਤ ਕਰਾਏ ਸਨ। ਤਦੇ ਹੀ ਪਰਧ ਰਾਮ ਵਿਰੁੱਧ ਉਸਦੇ ਜ਼ਬਰਦਸਤੀ ਉਧਾਲੇ ਤੇ ਬਲਾਤਕਾਰ ਦਾ ਕੇਸ ਬਣਿਆ ਸੀ ਜਿਸਦੀ ਸੁਣਾਈ ਹੁਣ ਮੁੜ ਸ਼ੁਰੂ ਹੋਈ ਸੀ।

ਤਾਜ਼ਾ ਖਬਰ ਇਹ ਵੀ ਸੀ ਕਿ ਪਰਸ ਰਾਜ ਹੁਣ ਆਪਣਾ ਅਸਰ ਰਸੂਖ ਵਰਤਕੇ ਇਹ ਜਤਨ ਕਰ ਰਿਹਾ ਸੀ ਕਿ ਸ਼ਾਮੋ ਦੇਵੀ ਤੇ ਉਸਦਾ ਪਿਉ ਮੂਲਾ ਰਾਮ ਕੋਰਟ ਵਿਚ ਇਹ ਬਿਆਨ ਦੇ ਦੇਣ ਕਿ ਇਸ ਮਾਮਲੇ ਵਿਚ ਪਰਸ ਰਾਜ ਬੇਕਸੂਰ ਹੈ। ਪਰਸ ਰਾਜ ਮਨਿਸਟਰ ਦੇ ਬੰਦੇ ਪਿੰਡ ਦੇ ਸਰਪੰਚ ਅੱਛਰ ਸਿੰਘ ਦੀ ਮਦਦ ਨਾਲ ਇਸ ਲਈ ਸਿਰਤੋੜ ਜਤਨ ਕਰ ਰਹੇ ਸਨ। ਉਹ ਚਾਹੁੰਦੇ ਸਨ ਕਿ ਮੂਲਾ ਰਾਮ ਨੂੰ ਇਹ ਲਾਰਾ ਦਿੱਤਾ ਜਾਵੇ ਕਿ ਪਰਸ ਰਾਜ ਉਸਦੇ ਦੋਵਾਂ ਲੜਕਿਆਂ ਨੂੰ ਨੌਕਰੀਆਂ ਦਿਵਾ ਦੇਵੇਗਾ। ਦੂਜੇ ਪਾਸੇ ਉਹ ਇਹ ਬੜ੍ਹਕ ਵੀ ਮਾਰਦੇ ਸਨ ਕਿ ਏਡੇ ਵੱਡੇ ਬੰਦੇ ਦਾ ਕੁੱਝ ਨਹੀਂ ਵਿਗਾੜਿਆ ਜਾ ਸਕਦਾ ਜੋ ਅਜੇ ਤੱਕ ਕੋਰਟ ਵਿਚ ਵੀ ਪੇਸ਼ ਨਹੀਂ ਸੀ ਹੋਇਆ। ਮੂਲਾ ਰਾਮ ਨੂੰ ਉਹ ਇਹ ਵੀ ਸਮਝਾਉਂਦੇ ਕਿ ਸ਼ਾਮੋ ਦੇ ਇਹੋ ਜਿਹੇ ਕੇਸ ਵਿਚ ਕਚਹਿਰੀ ਘੜੀਸੇ ਜਾਣ ਨਾਲ ਪਿੰਡ ਵਿਚ ਤੇ ਸਹੁਰੇ ਪਿੰਡ ਵਿਚ ਉਸਦੀ ਬਦਨਾਮੀ ਹੋਵੇਗੀ।

ਪਿੰਡ ਦੇ ਥੋੜ੍ਹੇ ਜਿਹੇ ਬੰਦੇ ਹੀ ਸਰਪੰਚ ਅੱਛਰ ਸਿੰਘ ਦੇ ਨਾਲ ਸਨ। ਬਾਕੀ ਸਭ ਇਹ ਚਾਹੁੰਦੇ ਸਨ ਕਿ ਪਰਸ ਰਾਜ ਹੁਣ ਕੜਿੱਕੀ ਵਿਚ ਫਸ ਗਿਆ ਹੈ, ਉਸਨੂੰ ਇਸ ਵਿਚੋਂ ਬਾਹਰ ਨਹੀਂ ਆਉਣ ਦੇਣਾ ਚਾਹੀਦਾ।

ਇਸ ਕਹਾਣੀ ਦਾ ਸਾਰਾ ਹੀ ਮਸਾਲਾ ਸਾਹਮਣੇ ਸੀ। ਕਹਾਣੀ ਦਾ ਅੰਤ ਇਸ ਤਰ੍ਹਾਂ ਕੀਤਾ ਜਾ ਸਕਦਾ ਸੀ ਕਿ ਆਖਰ ਮੁੱਖ ਮੰਤਰੀ ਨੂੰ ਝੁਕਣਾ ਪਿਆ। ਪਰਸ ਰਾਜ ਨੂੰ ਮੰਤਰੀ-ਪਦ ਛੱਡਕੇ ਕੋਰਟ ਵਿਚ ਹਾਜ਼ਰ ਹੋਣਾ ਪਿਆ। ਫੇਰ ਏਸ ਮੁਕੱਦਮੇ ਦਾ ਵੀ ਤਾਂ ਕੋਈ ਫੈਸਲਾ ਹੋਣਾ ਸੀ। ਕੀ ਪਰਸ ਰਾਜ ਨੂੰ ਪੁਲਿਸ ਦੇ ਹਵਾਲੇ ਕੀਤਾ ਜਾਂਦਾ ਹੈ ? ਕੀ ਉਸਨੂੰ ਸਜ਼ਾ ਹੁੰਦੀ ਹੈ ? ਸੋ ਇਸ ਗੱਲ ਦਾ ਫੈਸਲਾ ਹੋਣ ਤੱਕ ਇਸ ਪਲਾਟ ਨੂੰ ਵੀ ਰਹਿਣ ਦਿੱਤਾ ਗਿਆ। ਨਾਲੇ ਮੈਨੂੰ ਇਕ ਹੋਰ ਕੰਮ ਵੀ ਪੈ ਗਿਆ ਸੀ।

... ... ... ...

ਅਗਲੇ ਹੀ ਦਿਨ ਮੈਨੂੰ ਆਪਣੇ ਜੱਦੀ ਪਿੰਡ ਆਪਣੀ ਜ਼ਮੀਨ ਦੇ ਸਿਲਸਿਲੇ ਵਿਚ ਜਾਣਾ ਪਿਆ। ਉਥੇ ਜਾ ਕੇ ਨਾ ਸਿਰਫ ਮੇਰੀਆਂ ਵਰ੍ਹਿਆਂ ਪੁਰਾਣੀਆਂ ਯਾਦਾਂ ਹੀ ਤਾਜ਼ਾ ਹੋਈਆਂ, ਸਗੋਂ ਪੈਂਤੀ ਸਾਲ ਪੁਰਾਣੇ ਆਪਣੇ ਇਕ ਵਿਦਿਆਰਥੀ ਨੂੰ ਵੀ ਮਿਲਣ



ਦਾ ਮੌਕਾ ਮਿਲਿਆ। ਉਸਦੀ ਕਹਾਣੀ ਮੇਰੇ ਆਪਣੇ ਇਲਾਕੇ ਵਿਚ ਅੱਤਵਾਦ ਦਾ ਸ਼ਿਕਾਰ ਹੋਣ ਵਾਲੇ ਕਈਆਂ ਵਿਚੋਂ ਇਕ ਦੀ ਕਹਾਣੀ ਹੈ।

ਆਪ ਨਾ ਉਹ ਅੱਤਵਾਦੀ ਹੈ ਤੇ ਨਾ ਹੀ ਅੱਤਵਾਦੀਆਂ ਦਾ ਹਮਦਰਦ। ਨਾ ਹੀ ਉਹ ਅੱਤਵਾਦੀਆਂ ਦੀ ਮਾਰ-ਧਾੜ ਦਾ ਸ਼ਿਕਾਰ ਹੋਇਆ। ਉਹ ਤਾਂ ਸਗੋਂ ਆਪਣੇ ਹੀ ਸੁਰੱਖਿਆ ਦਲਾਂ ਦੀ ਕਰੋਪੀ ਦਾ ਡੰਗਿਆ ਤੇ ਫੰਡਿਆ ਹੋਇਆ ਇਕ ਅਭਾਗਾ ਬੰਦਾ ਹੈ। ਉਹਦਾ ਰੋਣਾ ਹੈ, "ਮੇਰੇ ਦੋਵਾਂ ਪੁੱਤਾਂ ਦੀ ਅਜੇ ਤੱਕ ਕੋਈ ਸੂਹ ਨਹੀਂ ਮਿਲੀ। ਮੈਨੂੰ ਵੀ ਏਨ੍ਹਾਂ ਮ੍ਹੀਨਾ ਭਰ ਹਵਾਲਾਤ ਵਿਚ ਰੱਖਿਆ। ਡੇਢ ਲੱਖ ਮੁੱਲ ਦੀ ਨਕਦੀ ਤੇ ਗਹਿਣੇ ਇਹ ਹੜੱਪ ਕਰ ਗਏ। ਨਾ ਇਨ੍ਹਾਂ ਨੂੰ ਰੈਮ੍ਹ ਨਾ ਸਬਰ।...ਮੇਰੀ ਮੱਦਦ ਨੂੰ ਕੌਣ ਬੌਹੜੂ ? ..." ਬਿਆਸ ਤੇ ਬਾਬਾ ਬਕਾਲਾ ਵਿਚਾਲੇ ਇਕ ਨਿੱਕੇ ਜਿਹੇ ਪਿੰਡ ਛਾਪਿਆਂਵਾਲੀ ਦਾ ਰਹਿਣ ਵਾਲਾ ਇਹ ਜੱਟ ਇਹ ਕੁੱਝ ਕਹਿੰਦਾ ਹੋਇਆ ਫੁੱਟ-ਫੁੱਟ ਕੇ ਰੋ ਪਿਆ। ਉਹ ਪੰਜਾਹ ਸਾਲ ਦੀ ਉਮਰ ਦਾ ਲੱਗਦਾ ਸੀ। ਬਾਬਾ ਬਕਾਲਾ ਤਹਿਸੀਲ ਦੇ ਬਰਾਂਡੇ ਵਿਚ ਬੈਠਾ ਉਹ ਡਿਪਟੀ ਕਮਿਸ਼ਨਰ ਦੀ ਉਡੀਕ ਕਰ ਰਿਹਾ ਸੀ। ਜਿਸਨੇ ਅੱਜ ਇਥੇ ਆਉਣਾ ਸੀ।

ਆਪਣੀ ਜ਼ਮੀਨ ਦੇ ਸਿਲਸਿਲੇ ਵਿਚ ਉਸ ਦਿਨ ਏਸੇ ਤਸੀਲੇ ਮੈਨੂੰ ਵੀ ਕੰਮ ਸੀ ਤੇ ਪਿੰਡ ਦੇ ਪਟਵਾਰੀ ਦੀ ਉਡੀਕ ਸੀ। ਇਹ ਜੱਟ ਆਪਣੇ ਸਿਰ ਉੱਤੇ ਝੁੱਲੀ ਹਨੇਰੀ ਦਾ ਬਿਆਨ ਇਕ ਅਖ਼ਬਾਰੀ ਰਿਪੋਰਟਰ ਅੱਗੇ ਕਰ ਰਿਹਾ ਸੀ, ਜਦ ਮੈਂ ਉਸਦੇ ਪਾਸ ਦੀ ਲੰਘਿਆ। ਉਸਨੇ ਰਿਪੋਰਟਰ ਨੂੰ ਆਪਣਾ ਨਾਂ ਦਿਆਲ ਸਿੰਘ ਦੱਸਿਆ ਤੇ ਆਪਣੀ ਬਿਪਤਾ ਸੁਣਾਈ :

"ਬੱਜ ਜੀ, ਮੈਨੂੰ ਉਨ੍ਹਾਂ ਬੰਨ੍ਹਕੇ ਜੀਪ 'ਚ ਸੁੱਟ ਲਿਆ ਤੇ ਠਾਣੇ ਲੈ ਗਏ...ਏਥੇ ਬਿਆਸ ਮ੍ਹੀਨਾ ਭਰ ਰੱਖਿਆ। ਬੜਾ ਔਖਾ ਕੀਤਾ। ਮੈਥੋਂ ਪੁੱਛਣ ਤੇਰਾ ਵੱਡਾ ਮੁੰਡਾ ਦਲਬੀਰ ਕਿਥੇ ਆ। ਮੈਂ ਕੀ ਦੱਸਦਾ ? ਮੈਨੂੰ ਕੁੱਝ ਪਤਾ ਹੁੰਦਾ ਤਾਂ ! ਮੈਨੂੰ ਤਾਂ ਬੱਸ ਏਨਾ ਪਤਾ ਪਈ ਉਹ ਕੁਝ ਦਿਨਾਂ ਲਈ ਘਰੋਂ ਗਿਆ ਸੀ। ਫੇਰ ਨਹੀਂ ਮੁੜਿਆ।

ਹਵਾਲਾਤੋਂ ਜਦ ਮ੍ਹੀਨੇ ਬਾਦ ਮੈਂ ਘਰ ਪਰਤਿਆ ਤਾਂ ਸਾਰਾ ਕੱਪੜਾ ਤੇ ਗਹਿਣਾ-ਗੱਟਾ ਸਾਫ ਹੋ ਚੁੱਕਾ ਸੀ। ਲੈ ਗਏ ਹੂੰਝਕੇ ਪਤੰਦਰ...ਮੈਂ ਆਪਣੀਆਂ ਦੋਵਾਂ ਕੁੜੀਆਂ ਦੇ ਹੱਥ ਪੀਲੇ ਕਰਨੇ ਸਨ... ਬੱਸ ਤਿਆਰੀ ਹੀ ਸੀ ਉਨ੍ਹਾਂ ਦੇ ਵਿਆਹ ਦੀ, ਜਦ ਭਾਣਾ ਵਰਤ ਗਿਆ। ਮੈਨੂੰ ਠਾਣੇ ਲਿਜਾਣ ਬਾਦ ਤਿੰਨ ਦਿਨ ਘਰ ਆਉਂਦੇ ਰਏ੍ਹ। ਸਭ ਕੁੱਝ ਹੂੰਝਕੇ ਲੈ ਗਏ।...ਕੁੜੀਆਂ ਦੇ ਵਿਆਹ ਲਈ ਮੈਂ ਇੱਕੀ ਕਿੱਲਿਆਂ 'ਚੋਂ ਤੇਰਾਂ ਕਿੱਲੇ ਜ਼ਮੀਨ ਫੂਕੀ ਸੀ। ਇਕ ਟਰੈਕਟਰ ਵੀ ਵੇਚਿਆ ਸੀ। ਉਨ੍ਹਾਂ ਦੀਆਂ ਡੋਲੀਆਂ ਤੋਰਕੇ ਸੁਰਖਰੂ ਹੋਣ ਲਈ...ਪਰ ਅਚਿੰਤੇ ਬਾਜ ਆ ਪਏ ..ਮਨ ਦੀਆਂ ਮਨ ਵਿਚ ਰਹਿ ਗਈਆਂ...ਦਿਆਲ ਦੀਆਂ ਫੇਰ ਭੁੱਬਾਂ ਨਿਕਲ ਗਈਆਂ।

"ਤੇ ਤੁਹਾਡਾ ਦੂਜਾ ਮੁੰਡਾ ?"

"ਜਗੀਰ..." ਏਨਾ ਕਹਿਕੇ ਹੀ ਦਿਆਲ ਚੁੱਪ ਹੋ ਗਿਆ।

"ਉਸਦਾ ਕੀ ਬਣਿਆ ?"

"ਉਸਦਾ ਵੀ ਕੋਈ ਪਤਾ ਨਹੀਂ...ਉਹੀ ਜਾਣੇ..." ਦਿਆਲ ਨੇ ਦੋਵੇਂ ਹੱਥ ਹਿਲਾਏ, ਜਿਵੇਂ ਹੱਥਾਂ 'ਚੋਂ ਤੋਤਾ ਉਡ ਗਿਆ ਹੋਵੇ ਤੇ ਚੁੱਪ ਹੋ ਗਿਆ।

"ਉਹ ਕਿੱਧਰ ਗਿਆ ?"

"ਜਦ ਮੈਨੂੰ ਲੈ ਗਏ...ਉਹ ਡਰਦਾ ਮਾਰਾ ਘਰੋਂ ਨੱਠ ਗਿਆ ਕਿ ਉਸ ਨੂੰ ਵੀ ਨਾ ਲੈ ਜਾਣ। ਠਾਣੇ ਦੇ ਇਕ ਸ਼ਪਾਈ ਨੇ ਮੈਨੂੰ ਗੁਫ਼ੀਆ ਤੌਰ 'ਤੇ ਦੱਸਿਆ ਪਈ ਉਹ..." ਅੱਗੇ ਦਿਆਲ ਬੋਲ ਨਾ ਸਕਿਆ।

"ਉਸਨੂੰ ਕੀ ਹੋਇਆ ?"

"ਪਈ ਉਹ ਪੁਲਸ ਮੁਕਾਬਲੇ 'ਚ ਮਾਰਿਆ ਗਿਆ।"

ਲਿਖਦਾ ਲਿਖਦਾ ਰਿਪੋਰਟਰ ਵੀ ਕੁੱਝ ਚਿਰ ਲਈ ਬੰਦ ਹੋ ਗਿਆ।

"ਤੁਹਾਡੇ ਵੱਡੇ ਮੁੰਡੇ ਦੀ ਕੋਈ ਉੱਘ-ਸੁੱਘ ਨਹੀਂ ?"

"ਜੀ ਉਹ ਫੈਰੋਵਾਲ ਵੱਲ, ਖੋਜਕੀਪੁਰ, ਪੰਜ ਮ੍ਹੀਨੇ ਹੋਏ, ਖੇਡਾਂ ਲਈ ਗਿਆ ਸੀ... ਟੂਰਨਾਮੈਂਟ ਸੀ...ਪਿੱਛੋਂ ਹੀ ਇਹ ਮੈਨੂੰ ਫੜਕੇ ਲੈ ਗਏ। ਫੇਰ ਤੋਂ ਉਸਦਾ ਕੋਈ ਸੁਰ-ਪਤਾ ਨਹੀਂ ਮਿਲਿਆ।" ਦਿਆਲ ਦੇ ਮੁੜ ਤਿਪ-ਤਿਪ ਅੱਥਰੂ ਕਿਰਨ ਲੱਗ ਪਏ।

ਮੈਂ ਉਸ ਨਾਲ ਹੋਈ ਬੀਤੀ ਸੁਣ ਵੀ ਰਿਹਾ ਸਾਂ ਤੇ ਮੁੜ-ਮੁੜ ਉਸ ਵੱਲ ਵੇਖ ਵੀ ਰਿਹਾ ਸਾਂ। ਉਹ ਵੀ ਵਿਚ ਵਿਚ ਮੇਰੇ ਵੱਲ ਵੇਖਦਾ ਤੇ ਕੁੱਝ ਯਾਦ ਕਰਨ ਦਾ ਜਤਨ ਕਰਦਾ ਪ੍ਰਤੀਤ ਹੁੰਦਾ ਸੀ। ਆਖਰ ਜਦ ਉਸ ਦੀ ਸੱਜੀ ਗੱਲ੍ਹ ਤੇ ਨੱਕ ਵਿਚਾਲੇ ਇਕ ਤਿਲ ਮੇਰੀ ਨਜ਼ਰੀਂ ਪਿਆ ਤਾਂ ਮੈਨੂੰ ਸ਼ੱਕ ਹੋਣ ਲੱਗਾ ਕਿ ਇਹ ਉਹੀ ਤਾਂ ਨਹੀਂ ਜੋ ਪੈਂਤੀ ਸਾਲ ਪਹਿਲਾਂ ਮੇਰੇ ਪਾਸ ਸਕੂਲ ਵਿਚ ਪੜ੍ਹਦਾ ਰਿਹਾ ਸੀ। ਡਿਲਿਸ਼ਸ ਸੇਬ ਵਰਗਾ ਉਸ ਦਾ ਰੰਗ ਉਦੋਂ ਸੀ। ਉਸਦੇ ਮੂੰਹ 'ਤੇ ਜਿਧਰ ਇਹ ਤਿਲ ਸੀ, ਉਸਦੀ ਗੱਲ੍ਹ ਵਿਚ ਮਾੜਾ ਜਿਹਾ ਟੋਇਆ ਵੀ ਪੈਂਦਾ ਸੀ, ਜਦ ਉਹ ਮੁਸਕਰਾਉਂਦਾ ਸੀ। ਉਸਦੇ ਚਿਹਨ-ਚੱਕਰ ਦੀ ਇਹ ਖਾਸ ਪਛਾਣ ਸੀ, ਜੋ ਭੁੱਲੀ-ਵਿੱਸਰੀ ਮੁੜ ਮੈਨੂੰ ਯਾਦ ਆ ਗਈ। ਮੈਨੂੰ ਇਹ ਕੁਝ ਇਸ ਕਰਕੇ ਵੀ ਯਾਦ ਆ ਗਿਆ ਕਿਉਂਕਿ ਸਾਡੇ ਪਿੰਡੋਂ ਮੇਰੇ ਇਕ ਦੋਸਤ ਦੀ ਭੈਣ ਉਸ ਦੇ ਵੱਡੇ ਭਰਾ ਨਾਲ ਵਿਆਹੀ ਹੋਈ ਸੀ। ਇਸ ਲਈ ਇਕ ਦੋ ਵਾਰ ਮੈਂ ਉਸਦੇ ਘਰ ਵੀ ਗਿਆ ਸੀ।

ਦਿਆਲ ਹੁਣ ਕਮਜ਼ੋਰ ਹੋ ਚੁੱਕਾ ਸੀ। ਮੂੰਹ ਦਾੜ੍ਹੀ ਨਾਲ ਭਰ ਗਿਆ ਤੇ ਅੱਧੇ ਵਾਲ ਚਿੱਟੇ ਹੋ ਚੁੱਕੇ ਸਨ। ਜਦ ਉਹ ਆਪਣੀ ਬਿਪਤਾ ਦੀ ਗੱਲ ਖਤਮ ਕਰ ਚੁੱਕਾ ਤਾਂ ਮੈਥੋਂ ਰਿਹਾ ਨਾ ਗਿਆ।

"ਦਿਆਲ।" ਮੈਂ ਉਸ ਵੱਲ ਨਜ਼ਰਾਂ ਗੱਡ ਕੇ ਕਿਹਾ।

ਉਸਨੇ ਪਹਿਲੀ ਵਾਰ ਮੇਰੇ ਵੱਲ ਗਹੁ ਨਾਲ ਵੇਖਿਆ। ਸ਼ਾਇਦ ਮੇਰੀ ਆਵਾਜ਼, ਹਾਵ-ਭਾਵ ਜਾਂ ਸਰੀਰ ਪੱਖੋਂ, ਉਸ ਮੈਨੂੰ ਪਛਾਣ ਲਿਆ ਲਗਦਾ ਸੀ। ਪੌੜੀਆਂ ਵਿਚ ਬੈਠਾ-ਬੈਠਾ ਉਹ ਉਠਕੇ ਖੜਾ ਹੋ ਗਿਆ।

"ਮਾਸਟਰ ਜੀ", ਉਸਨੇ ਆਪਣੇ ਹੱਥ ਮੇਰੇ ਗੋਡਿਆਂ ਵੱਲ ਵਧਾਏ, ਜੋ ਮੈਂ ਫੜ ਲਏ ਤੇ ਉਸ ਨੂੰ ਹਿੱਕ ਨਾਲ ਲਾਇਆ। ਉਹ ਵਿੱਸ ਪਿਆ, "ਮਾਸਟਰ ਜੀ ਮੇਰਾ ਕੱਖ



ਨਹੀਂ ਰਿਹਾ।" "ਮੇਰ ਕੱਖ ਉੱਡ ਗਏ, ਮਾਸਟਰ ਜੀ, ਮੈਨੂੰ ਕਾਸੇ ਜੋਗਾ ਨਹੀਂ ਰਹਿਣ ਦਿੱਤਾ ਏਨ੍ਹਾਂ।'

ਮੈਂ ਇਕ ਕਠੋਰ ਚਿੱਤ ਬੰਦਾ ਹਾਂ। ਰੋਣ ਤਾਂ ਮੈਨੂੰ ਸ਼ਾਇਦ ਹੀ ਕਦੇ ਆਇਆ ਹੋਵੇ। ਸਾਹਿਤ ਪੜ੍ਹਦੇ ਜਾਂ ਪੜ੍ਹਾਉਂਦੇ ਹੋਏ, ਕਦੇ ਕਦਾਈਂ, ਅੱਖਾਂ ਕੁਝ ਸੇਜਲ ਹੋ ਜਾਂਦੀਆਂ ਹਨ। ਉਹ ਵੀ ਪਿਛਲੇ ਕੁਝ ਸਾਲਾਂ ਤੋਂ। ਉਸ ਵੇਲੇ ਵੀ ਮੇਰੀਆਂ ਅੱਖਾਂ ਪੂਰੀ ਤਰ੍ਹਾਂ ਸੇਜਲ ਹੋ ਚੁੱਕੀਆਂ ਸਨ। ਮੈਂ ਉਸਨੂੰ ਦਿਲਾਸਾ ਦਿੱਤਾ ਕਿ ਮੈਂ ਉਸਨੂੰ ਕਿਸੇ ਦਿਨ ਪਿੰਡ ਆਕੇ ਮਿਲਾਂਗਾ, ਕਿਉਂਕਿ ਉਹ ਮੈਨੂੰ ਚਾਹ ਦੇ ਖੋਖੇ ਵੱਲ ਲਿਜਾਣਾ ਚਾਹੁੰਦਾ ਸੀ।

ਕੁਝ ਦਿਨ ਮੈਂ ਆਪਣੇ ਪਿੰਡ ਹੀ ਜ਼ਮੀਨ ਦੇ ਸਿਲਸਿਲੇ ਵਿਚ ਉਲਝਿਆ ਰਿਹਾ। ਦਿਆਲ ਨੂੰ ਮਿਲਣ ਦਾ ਸਮਾਂ ਨਾ ਕੱਢ ਸਕਿਆ। ਪਰ ਜਿੰਨੇ ਦਿਨ ਪਿੰਡ ਰਿਹਾ ਦਿਆਲ ਦੀ ਹੁਣ ਵਾਲੀ ਤੇ ਪੈਂਤੀ ਸਾਲ ਪਹਿਲਾਂ, ਦੋਵੇਂ ਸ਼ਕਲਾਂ ਮੁੜ-ਮੁੜ ਮੇਰੇ ਸਾਹਮਣੇ ਆਉਂਦੀਆਂ। ਮੁੜ-ਮੁੜ ਬਰਨਾਰਡ ਸ਼ਾਅ ਵੀ ਯਾਦ ਆਉਂਦਾ : "ਸੰਤੋ, ਕਦ ਤਕ ਇਹ ਭੀੜਾਂ ਬਣਦੀਆਂ ਰਹਿਣਗੀਆਂ, ਨਿਰਦੋਸ਼ਿਆਂ ਉੱਤੇ! ਤੁਸੀਂ ਕਦ ਬਹੁੜੋਗੇ, ਮਦਦ ਲਈ!"

[2 ਪੰਨਾ ਕਾਟੇਜ, ਅੰਬਾਲਾ ਛਾਉਣੀ]

□

## ਗ਼ਜ਼ਲ/ਰੁਪਿੰਦਰ ਮਾਨ

ਉਹ ਫ਼ਿਜ਼ਾ ਵਿਚ ਏਸ ਖ਼ਾਤਿਰ ਹੀ ਰਿਹਾ ਹੈ ਜ਼ਹਿਰ ਘੋਲ।
ਜਾਗ ਨਾ ਇਹ ਪੈਣ ਕਿਧਰੇ ਸੁੱਤੀਆਂ ਸਦੀਆਂ ਦੇ ਬੋਲ।

ਇਸ ਤਰ੍ਹਾਂ ਨਾ ਡਿੱਗਣਾ ਸੀ ਤੂੰ ਇਨ੍ਹਾਂ ਗਿਰਝਾਂ ਦੇ ਕੋਲ।
ਆਪਣੇ ਪਰ ਪੰਛੀਆ ਲੈਂਦਾ ਕਿਤੇ ਪਹਿਲਾਂ ਜੇ ਤੋਲ।

ਭਰ ਗਿਆ ਸੱਯਾਦ ਆ ਕੇ ਭੌਰ ਦੇ ਕੰਨਾਂ 'ਚ ਬੋਲ।
ਅੱਗ ਦੇ ਬਸਤਰ ਪਹਿਨ ਕੇ ਪਹੁੰਚ ਤੂੰ ਫੁੱਲਾਂ ਦੇ ਕੋਲ।

ਗ਼ਮਲਿਆਂ ਵਿਚ ਤਾਂ ਸਿਰਫ ਉੱਗਣਗੇ ਚੰਬੇ ਜਾਂ ਗੁਲਾਬ।
ਬੀਜਣੀ ਹੈ ਜ਼ਿੰਦਗੀ ਤਾਂ ਧਰਤ ਦਾ ਸੀਨਾ ਫਰੋਲ।

ਹੈ ਸੁਰਖ਼ ਸਾਡਾ ਲਹੂ ਤੇ ਸੁਰਖ਼ ਹੀ ਸੂਰਜ ਦਾ ਰੰਗ
ਗੋਲ ਹੈ ਇਹ ਧਰਤ, ਸਾਡੀ ਲੋੜ ਹੈ ਰੋਟੀ ਵੀ ਗੋਲ।

ਲਾਸ਼, ਖੰਜਰ, ਫੌਜੀਆਂ ਦੇ ਬੂਟ, ਕਾਲੇ ਹਾਸ਼ੀਏ
ਹੋਰ ਕੀ ਹੁਣ ਰਹਿ ਗਿਆ ਹੈ ਸਾਡੀਆਂ ਨਜ਼ਰਾਂ ਦੇ ਕੋਲ।

ਜੇ ਨਾ ਤੇਰੇ ਮਨ ਦੇ ਵਿਹੜੇ ਉੱਗਿਆ ਸੂਰਜਮੁਖੀ
ਰੋਣਗੇ ਅਰਮਾਨ ਤੇਰੇ ਹੋਣਗੇ ਮਹਿਲੀਂ ਕਲੋਲ। □

[ਬੀ-48, ਸਾਦਾ ਪੱਤੀ, ਜੈਤੋ ਮੰਡੀ-151202]

# ਭੂਮਿਕਾ ਸ਼ੇਸ਼–ਸ਼ਤਾਬਦੀ ਦੀ

ਭੂਸ਼ਨ

ਕਦੀ ਕਦੀ ਬੰਦਾ ਆਪਣੀ ਹੀ ਨਜ਼ਰ ਵਿਚ ਤਰਸ ਦਾ ਪਾਤਰ ਬਣ ਜਾਂਦਾ ਹੈ। ਜੋ ਉਹ ਕਰਨਾ ਚਾਹੁੰਦਾ ਹੈ; ਉਸ ਤੋਂ ਹੁੰਦਾ ਨਹੀਂ ਅਤੇ ਜੋ ਕੁਝ ਉਹ ਨਹੀਂ ਕਰਨਾ ਚਾਹੁੰਦਾ; ਕਰੀ ਜਾਂਦਾ ਹੈ। ਹੁੰਦਾ ਇਹ ਹੈ ਕਿ ਪਹਿਲਾਂ ਤਾਂ ਉਹ ਵਕਤ ਨੂੰ ਟਰਕਾਈ ਜਾਂਦਾ ਹੈ ਪਰ ਫਸਦਾ ਉਦੋਂ ਹੈ ਜਦੋਂ ਅਚਾਨਕ ਸਿਰ 'ਤੇ ਪੈ ਜਾਂਦੀ ਹੈ। ਫਿਰ ਕੋਈ ਚਾਰਾ ਨਹੀਂ ਰਹਿੰਦਾ। ਉਹ ਵਗਾਰ ਕੱਟਦਾ ਹੈ। ਗਲ ਪਿਆ ਢੋਲ ਵਜਾਉਂਦਾ ਹੈ। ਆਈ ਬਲਾ ਨੂੰ ਟਾਲਦਾ ਹੈ। ਸਕੂਨ ਭਾਲਦਾ ਹੈ। ਪਹਿਲਾਂ ਉਸਨੂੰ ਆਪਣੇ ਆਪ 'ਤੇ ਗੁੱਸਾ ਆਉਂਦਾ ਹੈ। ਆਉਂਦਾ ਨਹੀਂ, ਆਉਣ ਲੱਗਦਾ ਹੈ; ਪਰ ਆਉਂਦਾ ਆਉਂਦਾ ਤਰਸ ਵਿਚ ਬਦਲ ਜਾਂਦਾ ਹੈ। ਇਸ ਸਥਿਤੀ 'ਤੇ ਆਤਮ-ਘਿਰਣਾ ਜਨਮਦੀ ਹੈ; ਆਤਮ-ਗਿਲਾਨੀ। ਲਿਜ਼ਲਿਜ਼ਾਪਨ ! ਕਚਿਆਣ। ਕਰਹਿਤ। ਕਰੀਚਕ। ਜਿਵੇਂ ਇਕ ਵਾਰ ਮੇਰੇ ਬੇਟੇ ਨੂੰ ਅਚਾਨਕ ਘਰ 'ਚੋਂ ਮਰੀ ਮਛਲੀ ਦੀ ਬਦਬੂ ਆਉਣ ਲੱਗ ਪਈ ਸੀ। ਸਕੂਲ ਤੋਂ ਆਉਂਦਾ ਹੀ ਉਹ ਅਕਸਰ ਸ਼ਿਕਾਇਤ ਕਰਦਾ : ਪਾਪਾ ! ਮੇਰੇ ਸਾਹਾਂ ਨੂੰ ਕੀ ਹੋ ਗਿਆ ਹੈ ਬਾਹਰੋਂ ਚੰਗਾ ਭਲਾ ਆਉਂਦਾ ਹਾਂ। ਅੰਦਰ ਵੜਦਿਆਂ ਹੀ ਜਿਵੇਂ ਗਲੀ-ਸੜੀ ਮੱਛੀ ਨਾਲ ਵਾਹ ਪੈ ਗਿਆ ਹੋਵੇ !...ਖੈਰ, ਇਹ ਬੱਚੇ ਦੀ ਸਮੱਸਿਆ ਹੈ। ਟਾਲੀ ਜਾ ਸਕਦੀ ਹੈ। ਟਰਕਾਈ ਜਾ ਸਕਦੀ ਹੈ। ਅੱਗੇ ਪਾਈ ਜਾ ਸਕਦੀ ਹੈ। ਪਰ ਜਦੋਂ ਬੰਦਾ ਆਪ ਕਸੂਤੇ ਹਾਲਾਤ ਵਿਚ ਫਸ ਜਾਏ ਤਾਂ ਕੀ ਕਰੇ ! ਲੋਕੀਂ ਸਿਫਤ ਕਰ ਰਹੇ ਹਨ; ਬੰਦਾ ਪਾਣੀ ਪਾਣੀ ਹੋ ਰਿਹਾ ਹੈ। ਲੋਕੀਂ ਸਨਮਾਨਿਤ ਕਰਨਾ ਚਾਹੁੰਦੇ ਹਨ; ਬੰਦਾ ਖੁਦ ਨੂੰ ਅਪਮਾਨਿਤ ਮਹਿਸੂਸ ਕਰ ਰਿਹਾ ਹੈ। ਲੋਕੀਂ ਵਾਹ ਵਾਹ ਆਖ ਰਹੇ ਹਨ, ਬੰਦਾ ਮਿੱਟੀ ਹੋ ਰਿਹਾ ਹੈ।...ਉਹ ਸੋਚਦਾ ਹੈ ਕਿ ਆਖਿਰ ਉਸਨੇ ਕੀਤਾ ਕੀ ਹੈ ? ਜੋ ਵੀ ਕੀਤਾ ਹੈ, ਮਰਜ਼ੀ ਦੇ ਉਲਟ ਕੀਤਾ ਹੈ। ਅਣ-ਚੁਣਿਆ ਅਖਤਿਆਰ ਕੀਤਾ ਹੈ। ਅਣ-ਪੁਣਿਆ ਪੀਤਾ ਹੈ।

ਇਹ ਮਨੋਸਥਿਤੀ ਦੋ-ਚਿੱਤੀ ਵਾਲੀ ਹੁੰਦੀ ਹੈ। ਜਾਂ ਤਾਂ ਬੰਦਾ ਸਮਝੌਤਾ ਕਰੇ ਅਤੇ ਇਸੇ ਤਰ੍ਹਾਂ ਉਮਰ-ਭਰ ਜੀਂਦਾ ਰਹੇ। ਜਾਂ ਫਿਰ ਬਗਾਵਤ ਕਰੇ;...ਤੇ ਮਰੇ !

ਸਮਝੌਤੇ ਦੀ ਵੀ ਇਕ ਅਉਧ ਹੁੰਦੀ ਹੈ। ਬੰਦਾ ਇਕ ਦਿਨ ਸਮਝੌਤੇ ਤੋਂ ਵੀ ਅੱਕ ਜਾਂਦਾ ਹੈ। ਜਾਂ ਫਿਰ ਬਿਨਾਂ ਕੁਝ ਕੀਤਿਆਂ ਹੀ ਥੱਕ ਜਾਂਦਾ ਹੈ। ਉਸਨੂੰ ਯਾਦ ਆਉਂਦਾ ਹੈ ਕਿ ਉਹ ਸੋਚਦਾ ਵੀ ਹੈ ! ਉਹ ਮਹਿਸੂਸ ਵੀ ਕਰਦਾ ਹੈ।...ਪਰ ਲੋੜੀਂਦੀ ਪ੍ਰਤਿ-ਕਿਰਿਆ ਨਹੀਂ ਕਰਦਾ। ਉਹ 'ਪਹਿਲ' ਨੂੰ ਪਹਿਲ ਨਹੀਂ ਦੇਂਦਾ ਸਗੋਂ ਪਹਿਲਾਂ ਫ਼ਜ਼ੂਲ ਦੇ ਲਾਗ-ਲਪੇਟ ਨੂੰ ਨਿਪਟਾਉਣਾ ਚਾਹੁੰਦਾ ਹੈ। ਉਹ ਭੌਂਕ ਰਹੇ ਕੁੱਤੇ ਨੂੰ ਟੁੱਕ ਪਾਉਣਾ ਚਾਹੁੰਦਾ ਹੈ; ਤੇ ਉਸ ਤੋਂ ਪਿੱਛੋਂ ਆਰਾਮ ਨਾਲ ਸੌਣਾ ਚਾਹੁੰਦਾ ਹੈ। ਇਹ ਭਾਂਜ-ਵਾਦੀ



ਅਥਵਾ ਅਵਸਰਵਾਦੀ ਕਿਰਿਆ ਹੈ।...ਕੰਮ ਕਦੋਂ ਕਰਨਾ ਹੈ ?...ਅਸਲੀ ਕੰਮ ਕਦੋਂ ਕਰਨਾ ਹੈ ?? ਇਸ ਪਾਣੀ ਵਿਚ ਸਿਰਫ ਤਰਨਾ ਹੈ ਕਿ ਇਸਨੂੰ ਪਾਰ ਵੀ ਕਰਨਾ ਹੈ !...ਇਮਤਿਹਾਨ ਤਾਂ ਦੇਣਾ ਹੈ;...ਪਰ ਦਾਖ਼ਲਾ ਫ਼ਾਰਮ ਕਦੋਂ ਭਰਨਾ ਹੈ !

ਮੈਨੂੰ ਪਤਾ ਹੈ ਕਿ ਸਮਾਲੋਚਨਾ ਦੀ ਸ਼ਬਦਾਵਲੀ ਵਿਚ ਕਹਾਣੀ ਨਹੀਂ ਕਹਿਣੀ ਚਾਹੀਦੀ। ਪਰ ਸ਼ਬਦਾਵਲੀ ਨੂੰ ਤਾਂ ਵਿਸ਼ਾ ਨਿਰਧਾਰਤ ਕਰਦਾ ਹੈ। ਲੇਖਕ ਇਹ ਗੱਲ ਨਾ ਮੰਨੇ ਤਾਂ ਮਰਦਾ ਹੈ। (ਉਨ੍ਹਾਂ ਦੀ ਗੱਲ ਹੋਰ ਹੈ, ਜਿਨ੍ਹਾਂ ਦਾ ਬਿਨਾਂ ਮੰਨਿਆਂ ਵੀ ਸਰਦਾ ਹੈ !) ਜ਼ਰਾ ਸੋਚੋ, ਕਹਾਣੀ ਤਾਂ ਕਹਾਣੀ ਹੈ, ਉਸ ਵਿਚ ਕਹਾਣੀਕਾਰ ਕੀ ਕਰਦਾ ਹੈ। ਬੱਸ ਕਿਤੇ ਕਿਤੇ ਖਾਲੀ ਥਾਂ ਛੱਡਦਾ ਹੈ; ਬਹੁਤੀ ਵਾਰ ਖਾਲੀ ਥਾਵਾਂ ਭਰਦਾ ਹੈ। ਕਹਾਣੀ ਤਾਂ ਬ-ਜ਼ਾਤੇ-ਖੁਦ ਨੁਮਾਇਆਂ ਹੁੰਦੀ ਹੈ। ਬੱਸ ਉਹ ਜ਼ਾਹਿਰ ਕਿਸੇ ਦੇ ਆਇਆਂ ਹੁੰਦੀ ਹੈ। ਜਿਵੇਂ ਹਨੇਰੇ ਵਿਚ ਹਨੇਰੇ ਦੇ ਬਿਨਾਂ ਕੁਝ ਨਹੀਂ ਹੁੰਦਾ ਅਤੇ ਚਾਨਣ ਵਿਚ ਹਨੇਰੇ ਦੇ ਬਿਨਾਂ ਸਭ ਕੁਝ ਹੁੰਦਾ ਹੈ।...ਇਸ ਸਥਿਤੀ ਵਿਚ ਮੇਰੀ ਭੂਮਿਕਾ ਸਿਰਫ ਏਨੀ ਹੈ ਕਿ ਮੈਂ ਇਕ ਬਟਨ ਦਬਾ ਕੇ ਲਾਂਭੇ ਹੋ ਜਾਣਾ ਹੈ। ਬਾਕੀ ਸਭ ਕੁਝ ਤੁਹਾਡੇ ਸਾਹਮਣੇ ਹੋਵੇਗਾ। ਬਾਕੀ ਸਭ ਕੁਝ ਤੁਹਾਡੇ ਸਾਹਮਣੇ ਵਾਪਰੇਗਾ। ਮਿਹਰਬਾਨੀ ਕਰਕੇ ਬਟਨ ਦਬਾਉਣ ਤਕ ਮੇਰਾ ਸਾਥ ਦਿਉ, ਬਾਕੀ ਸਭ ਕੁਝ ਮੈਂ ਤੁਹਾਡੇ ਨਾਲ ਵੇਖਾਂਗਾ। ਇਹ ਕਿਰਿਆ ਹੈ, ਪ੍ਰਤਿਕਿਰਿਆ ਵੀ ਅਤੇ ਪ੍ਰਕਿਰਿਆ ਵੀ। ਇਹ ਕੁਝ ਇਕ ਦਿਲਚਸਪ ਘੜੀਆਂ ਹਨ; ਪੂਰੇ ਜੀਵਨ ਦੀਆਂ ਕੁਝ ਇਕ ਦਿਲਚਸਪ ਘੜੀਆਂ। ਬਾਕੀ ਸਭ ਕੁਝ ਬੀਤ ਜਾਂਦਾ ਹੈ, ਸਿਰਫ ਵਕਤ ਨਹੀਂ ਬੀਤਦਾ। ਵਕਤ ਹਮੇਸ਼ਾਂ ਵਰਤਮਾਨ ਹੈ। ਇਹ ਕੁਦਰਤ ਦਾ ਬੰਦੇ ਦੇ ਸਿਰ ਬਹੁਤ ਵੱਡਾ ਅਹਿਸਾਨ ਹੈ।...ਪਰ ਇਨਸਾਨ ਤਾਂ ਆਖਰ ਇਨਸਾਨ ਹੈ !...

ਇਨਸਾਨ ਭਲਾ ਕਿਸੇ ਹੋਰ ਦੀ ਕਹਾਣੀ ਕਿਉਂ ਸੁਣੇ ? ਹਰ ਇਨਸਾਨ ਦੀ ਆਪਣੀ ਕਹਾਣੀ ਹੈ। ਹਰ ਇਨਸਾਨ ਆਪਣੀ ਕਹਾਣੀ ਕਹਿਣਾ ਚਾਹੁੰਦਾ ਹੈ; ਸੁਣਾਉਣਾ ਚਾਹੁੰਦਾ ਹੈ। ਮਾਧਿਅਮ ਕੋਈ ਵੀ ਹੋਵੇ, ਬੰਦਾ ਆਪਣਾ ਯੋਗਦਾਨ ਪਾਉਣਾ ਚਾਹੁੰਦਾ ਹੈ। ਕਿਸੇ ਗਿਣਤੀ ਵਿਚ ਆਉਣਾ ਚਾਹੁੰਦਾ ਹੈ।...ਜੇ ਸਾਰੇ ਹੀ ਸੁਣਾਉਣ ਵਾਲੇ ਹੋਣ, ਸੁਣੇਗਾ ਕੌਣ ? ਜੇ ਸਾਰੇ ਹੀ ਝਾੜਨ ਵਾਲੇ ਹੋਣ, ਚੁਣੇਗਾ ਕੌਣ ? ਜੇ ਸਾਰੇ ਹੀ ਡੋਲ੍ਹਣ ਵਾਲੇ ਹੋਣ, ਪੁਣੇਗਾ ਕੌਣ ?...

ਅਸੀਂ ਕਿਸੇ ਵਿਵਾਦ ਵਿਚ ਨਹੀਂ ਪੈਣਾ ਚਾਹੁੰਦੇ। ਇਕੱਲੇ ਲਿਖਣ ਵਾਲੇ ਦਾ ਭਲਾ ਕੀ ਮੁੱਲ ਹੈ ?...ਪੜ੍ਹਨ ਵਾਲੇ ਨੂੰ ਖੁੱਲ੍ਹ ਹੈ ! ਪਹਿਲਾਂ ਉਹ ਕਹੇ। ਸਾਡੀ ਕਹਾਣੀ ਜਿਥੇ ਹੈ, ਉਥੇ ਹੀ ਰਹੇ ! ਖੁੱਲ੍ਹ ਹੈ, ਕੋਈ ਕੁਝ ਵੀ ਕਹੇ। ਪਰ ਸ਼ਰਤ ਇਹ ਹੈ ਕਿ ਵੇਖਣ, ਸੁਣਨ ਜਾਂ ਪੜ੍ਹਨ ਵੇਲੇ ਸਾਡੇ ਨਾਲ ਹੀ ਰਹੇ। ਹਾਲਾਤ ਦਾ ਰੱਦ-ਏ-ਅਮਲ ਸਾਡੇ ਨਾਲ ਹੀ ਸਹੇ ! ਕਹੇ ਬਾਰੇ ਕੋਈ ਕੁਝ ਵੀ ਕਹਿ ਸਕਦਾ ਹੈ। ਕੁਝ ਨਾ ਕੁਝ ਅਣਕਿਹਾ ਵੀ ਰਹਿ ਸਕਦਾ ਹੈ। ਕੀ ਇਹ ਸਭ ਕੁਝ, ਹਰ ਕੋਈ ਸਹਿ ਸਕਦਾ ਹੈ ?

ਅਸੀਂ ਹੁਣ 'ਮੈਂ' ਨੂੰ ਮਾਈਕ ਦੇਂਦੇ ਹਾਂ। ਮੈਂ, ਮੇਰੀ ਵੀ ਹੈ ਤੇ ਤੇਰੀ ਵੀ। ਉਸਦੀ ਵੀ। ਹੁਣੇ ਹੁਣੇ ਸਮੇਂ ਦੇ ਸਕੱਤਰ ਨੇ ਦੱਸਿਆ ਹੈ; ਪਹਿਲਾਂ ਉਹ ਬੋਲੇ ਜਿਸਦੀ ਸਭ ਤੋਂ ਵੱਡੀ ਸਮੱਸਿਆ ਹੈ। ਤੇ ਸਮੱਸਿਆ ਨੂੰ ਕਹਾਣੀ ਵਿਚ ਬਦਲਣਾ ਕੋਈ ਖੇਡ ਨਹੀਂ,

ਸਮੱਸਿਆ ਹੈ ।.. ਇਹ ਐਲਾਨ ਸੁਣ ਕੇ, ਜਾਪਦਾ ਹੈ, ਹਰ ਕੋਈ ਹੱਸਿਆ ਹੈ ।

ਜੇ ਕਹਿਣਾ ਜਾਣਦੇ ਹੋ ਤਾਂ ਕਹੋ, ਨਹੀਂ ਤਾਂ ਚੁੱਪ ਰਹੋ ਅਤੇ ਸੁਣੋ ਕਿ ਤੁਹਾਡੀ ਗੱਲ ਕੌਣ ਕਹਿੰਦਾ ਹੈ । ਮਾਹੌਲ ਬਣਾਈ ਰੱਖਣਾ ਵੀ ਸਾਹਿੱਤ ਰਚਣ ਵਰਗਾ ਅਮਲ ਹੁੰਦਾ ਹੈ । ਗੱਲ ਗੱਲ 'ਤੇ ਰੌਲਾ ਪਾਉਣਾ ਤਾਂ ਐਵੇਂ ਕਮਲ ਹੁੰਦਾ ਹੈ । ਤੁਸੀਂ ਇਸ ਵਕਤ ਬਹੁਤ ਵੱਡੇ ਸੱਚ ਦੇ ਗਵਾਹ ਹੋ। ਕੌਣ ਕਹਿੰਦਾ ਹੈ ਕਿ ਤੁਸੀਂ ਖਾ-ਮ-ਖਾਹ ਹੋ ! . ਜੇਕਰ ਇਹ ਕਹਾਣੀ ਜ਼ਿੰਦਾ ਹੈ ਤਾਂ ਤੁਸੀਂ ਇਸਦੇ ਸਾਹ ਹੋ ! ਕਹਾਣੀਕਾਰ ਦੀ ਗਤ ਤੁਹਾਡੇ ਹੱਥ ਹੈ ; ਪੱਤ ਤੁਹਾਡੇ ਹੱਥ ਹੈ । ਤੁਸੀਂ 'ਗੁਰੂ' ਹੋ, ਤੁਸੀਂ 'ਸ਼ਾਹ' ਹੋ ।

ਕਹਾਣੀ ਸਿਰਫ਼ ਏਨੀ ਹੈ ਕਿ ਕਵਿਤਾ ਦੀ ਇੱਕ ਪਾਂਡੂਲਿਪੀ ਮੇਰੇ ਹੱਥ ਆਈ ਹੈ । 'ਕਵੀ' ਦੀ ਜ਼ਿੱਦ ਹੈ ਕਿ ਉਸਨੇ ਭੂਮਿਕਾ ਮੈਥੋਂ ਅਤੇ ਸਿਰਫ਼ ਮੈਥੋਂ ਹੀ ਲਿਖਵਾਉਣੀ ਹੈ । ਕਾਫੀ ਅਰਸੇ ਤੋਂ ਮੈਂ ਇਸ ਕੰਮ ਨੂੰ ਟਾਲਦਾ ਆਇਆ ਹਾਂ । ਕਵੀ ਤੋਂ ਉੱਚਾ ਹੋਣ ਦਾ ਭਰਮ ਪਾਲਦਾ ਆਇਆ ਹਾਂ । ਪਰ ਸੱਚ ਇਹ ਹੈ ਕਿ ਮੈਂ 'ਪਹਿਲ' ਨੂੰ ਟਰਕਾਉਂਦਾ ਰਿਹਾ ਹਾਂ । ਬਹੁਤ ਹੀ ਜ਼ਰੂਰੀ ਕੰਮ ਨੂੰ ਅੱਗੇ ਪਾਉਂਦਾ ਰਿਹਾ ਹਾਂ । ਐਵੇਂ ਵਕਤ ਨੂੰ ਧੱਕਾ ਦੇ ਕੇ ਆਪਣੀ ਜਾਚੇ, ਸੁਖ ਦੀ ਨੀਂਦੇ ਸੌਂਦਾ ਰਿਹਾ ਹਾਂ ।... ਉਂਜ ਭਟਕਦਾ ਰਿਹਾ ਹਾਂ, ਭਾਉਂਦਾ ਰਿਹਾ ਹਾਂ । ਲਿਖਦਾ ਰਿਹਾ ਹਾਂ, ਲਿਖਾਉਂਦਾ ਰਿਹਾ ਹਾਂ । ਪੜ੍ਹਦਾ ਰਿਹਾ ਹਾਂ, ਪੜ੍ਹਾਉਂਦਾ ਰਿਹਾ ਹਾਂ...ਆਪਣੀ ਤੇ ਆਪਣੇ ਟੱਬਰ ਦੀ ਖੈਰ ਮਨਾਉਂਦਾ ਰਿਹਾ ਹਾਂ । ... ਬੱਸ, ਗਲ ਪਿਆ ਢੋਲ ਵਜਾਉਂਦਾ ਰਿਹਾ ਹਾਂ ।

ਹੁਣ ਮੈਂ ਇਹ ਪਾਂਡੂਲਿਪੀ ਪੜ੍ਹੀ ਹੈ । ਇਸਦੀ ਹਰ ਸਤਰ ਮੇਰੀਆਂ ਅੱਖੀਆਂ ਦੇ ਸਾਹਵੇਂ, ਐਨ ਤੁਹਾਡੇ ਵਾਂਗ, ਖੜ੍ਹੀ ਹੈ । ਇਹ ਵੀ ਸੱਚ ਹੈ ਕਿ ਨਾਲਾਇਕੀ 'ਤੇ ਅਣਗਹਿਲੀ ਤਾਂ ਮੇਰੀ ਹੈ ਪਰ ਮੈਂ ਹਾਲਾਤ ਦੇ ਸਿਰ ਮੜ੍ਹੀ ਹੈ । ਆਤਮ-ਘਿਟਣਾ ਦੀ ਤਸਵੀਰ, ਖ਼ੂਬਸੂਰਤ ਚੌਖਟੇ ਵਿੱਚ ਜੜੀ ਹੈ । . ਪਰ...

...ਪਰ ਕਹਾਣੀ ਤਾਂ ਜਿੱਥੇ ਸੀ ਓਥੇ ਹੀ ਖੜ੍ਹੀ ਹੈ !... ...

ਕੀ ਅਜਿਹੀ ਕਹਾਣੀ, ਪਹਿਲਾਂ ਕਿਸੇ ਨੇ ਸੁਣੀ ਜਾਂ ਪੜ੍ਹੀ ਹੈ ??

ਤੁਹਾਨੂੰ ਦੱਸਾਂ ਕਿ ਕਹਾਣੀ ਅੱਗੇ ਕਿਉਂ ਨਹੀਂ ਤੁਰਦੀ ?

ਕਿਉਂਕਿ ਕਹਿਣ ਵਾਲੇ ਨੂੰ ਕੋਈ ਗੱਲ ਨਹੀਂ ਫੁਰਦੀ । ਕਹਾਣੀ ਕਹਿਣ ਵਾਲੇ ਨੂੰ ਤੁਹਾਡੇ ਵਕਤ ਦਾ ਖਿਆਲ ਹੈ । ਉਹ ਤੁਹਾਡੇ ਦੁੱਖ-ਸੁਖ ਦਾ ਭਾਈਵਾਲ ਹੈ ।...ਜ਼ਰਾ ਧਿਆਨ ਨਾਲ ਵੇਖੋ, ਇਸ ਵਕਤ ਵੀ ਉਹ ਤੁਹਾਡੇ ਨਾਲ ਹੈ ।

ਉਂਜ ਇਹ ਵੀ ਕਹਾਣੀ ਨੂੰ ਅੱਗੇ ਤੋਰਨ ਦੀ ਇੱਕ ਚਾਲ ਹੈ ।

ਸਿਰਫ ਮੇਰਾ ਹੀ ਨਹੀਂ, ਸਮੁੱਚੀ ਕਹਾਣੀ ਦਾ ਇਹ ਹਾਲ ਹੈ ।

ਕਹਾਣੀ ਦੇ ਤਾਣੇ-ਪੇਟੇ ਲਈ ਵਿਛਾਇਆ ਗਿਆ ਇੱਕ ਜਾਲ ਹੈ ।

ਕਿਰਿਆ, ਪ੍ਰਤਿਕਿਰਿਆ ਤੇ ਪ੍ਰਕਿਰਿਆ...ਸਭ ਕੁਝ ਨਾਲੋ ਨਾਲ ਹੈ ।

ਆਪਣੀ ਗੱਲ ਕਹਿਣ ਲਈ, ਬੱਸ, ਸਹੀ ਵਕਤ ਦੀ ਭਾਲ ਹੈ !

ਕੱਲ੍ਹ ਰਾਤੀਂ ਮੈਂ ਸੌਣ ਤੋਂ ਪਹਿਲਾਂ ਆਪਣੀ ਡਾਇਰੀ 'ਤੇ ਇਕੋ ਫਿਕਰਾ ਲਿਖਿਆ ਸੀ :



ਕੱਲ੍ਹ ਦਾ ਦਿਨ ਮੈਂ ਕੁਛ ਨਹੀਂ ਕਰਨਾ, ਸਿਰਫ ਭੂਮਿਕਾ ਲਿਖਣੀ ਹੈ ।

ਤੇ ਅੱਜ ਦਾ ਦਿਨ ਬੀਤਣ 'ਤੇ ਆ ਗਿਆ ਹੈ । ਮੈਂ ਅਜੇ ਤਕ 'ਭੂਮਿਕਾ' ਦੇ ਚੱਕਰ ਵਿੱਚ ਹੀ ਹਾਂ !

ਦਰ-ਅਸਲ ਏਨੀ ਬੰਦਸ਼ ਮੈਂ ਆਪਣੇ ਆਪ 'ਤੇ ਪਹਿਲਾਂ ਕਦੇ ਨਹੀਂ ਸੀ ਲਗਾਈ ।
ਇਸ ਕਿਤਾਬ ਦੀ ਭੂਮਿਕਾ ਲਿਖਣ ਲਈ ਮੈਨੂੰ ਜ਼ਿੰਦਗੀ ਤੋਂ ਟੁੱਟਣਾ ਪਵੇਗਾ ਜ਼ਿੰਦਗੀ
ਤੋਂ ਨਹੀਂ, ਜ਼ਿੰਦਗੀ ਦੇ ਰੁਟੀਨ ਤੋਂ ਟੁੱਟਣਾ ਹੀ ਪਵੇਗਾ !

ਕੋਈ ਕੋਈ ਕਿਤਾਬ ਅਜਿਹੀ ਹੁੰਦੀ ਹੈ ਜਿਸਨੂੰ ਲਿਖਦਾ ਲਿਖਦਾ ਲੇਖਕ ਟੁੱਟ
ਜਾਂਦਾ ਹੈ ਪਰ ਕੋਈ ਵੀ ਕਿਤਾਬ ਅਜਿਹੀ ਨਹੀਂ ਹੁੰਦੀ ਜਿਸਨੂੰ ਖਰੀਦਣ ਵਾਲੇ ਟੁੱਟ ਕੇ
ਪੈ ਜਾਣ । ਨਾਲੇ ਕੋਈ ਵੀ ਲੇਖਕ ਕਦੇ ਵੀ ਕਿਤਾਬ ਨਹੀਂ ਲਿਖਦਾ, ਉਹ ਤਾਂ ਬੱਸ
ਲਿਖਦਾ ਰਹਿੰਦਾ ਹੈ ਤੇ ਕਿਤਾਬ ਬਣ ਜਾਂਦੀ ਹੈ । ਸ਼ਾਇਦ ਇਹ ਪਾਂਡੂਲਿਪੀ ਵੀ ਕਿਤਾਬ
ਬਣ ਜਾਏ । ਮੈਂ ਇਸਦੀ ਭੂਮਿਕਾ ਲਿਖਣੀ ਹੈ, ਬੱਸ । ਬਾਕੀ ਕਿਤਾਬ ਮੁਕੰਮਲ ਹੈ ਉਂਜ
ਤਾਂ ਬਿਨਾਂ ਭੂਮਿਕਾ ਤੋਂ ਵੀ ਕਿਤਾਬ ਨਾ-ਮੁਕੰਮਲ ਨਹੀਂ ਹੁੰਦੀ ਪਰ ਐਵੇਂ ਜ਼ਿੱਦ ਜਿਹੀ
ਹੁੰਦੀ ਹੈ ਲੇਖਕ ਦੀ, ਕਿ ਭੂਮਿਕਾ ਵੀ ਹੋ ਹੀ ਜਾਏ ਤਾਂ ਠੀਕ ਹੈ । ਤੇ ਫਿਰ ਕਿਸੇ ਖਾਸ
ਵਿਅਕਤੀ ਕੋਲੋਂ ਹੀ ਭੂਮਿਕਾ ਲਿਖਵਾਉਣੀ, ਇਹ ਵੀ ਇੱਕ ਤਰ੍ਹਾਂ ਦੀ ਜ਼ਿੱਦ ਹੈ ਜੋ ਮੇਰੇ
ਲਈ ਵੰਗਾਰ ਬਣੀ ਪਈ ਹੈ; ਇੱਕ ਅਰਸੇ ਤੋਂ । ਜਦੋਂ ਤੀਕ ਮੈਂ ਭੂਮਿਕਾ ਨਹੀਂ ਲਿਖਾਂਗਾ,
ਕਿਤਾਬ ਨਹੀਂ ਛਪੇਗੀ । ਜਿਵੇਂ ਮੇਰੇ ਦੁਆਰਾ ਕੁਝ ਸ਼ਬਦ ਲਿਖੇ ਜਾਣ ਨਾਲ ਕਿਤਾਬ ਨੂੰ
ਖੰਭ ਲੱਗ ਜਾਣੇ ਹੋਣ ! ਕੁੜੀਆਂ ਬਹੁਤ ਜ਼ਿੱਦੀ ਹੁੰਦੀਆਂ ਹਨ ਤੇ ਜੇਕਰ ਕੁੜੀ ਕਵਿਤਾ
ਲਿਖਦੀ ਹੋਏ ਤਾਂ ਉਹਦੀ ਜ਼ਿਦ ਵੀ ਕਾਵਿਕ ਹੋ ਜਾਂਦੀ ਹੈ । ਨਾਂਹ ਕਰਨ ਦਾ ਹੀਆ ਨਹੀਂ
ਪੈਂਦਾ । ਨਾਂਹ ਕਰਨ ਨੂੰ ਜੀਅ ਵੀ ਨਹੀਂ ਕਰਦਾ । ਆਖ਼ਰ ਇਹ ਵੀ ਤਾਂ ਇਕ ਸਨਮਾਨ
ਵਰਗੀ ਹੀ ਚੀਜ਼ ਹੈ । ਜੇ ਕਿਤਾਬ ਚੱਲ ਨਿਕਲੀ ਤਾਂ ਭੂਮਿਕਾ ਦਾ ਜ਼ਿਕਰ ਵੀ ਜ਼ਰੂਰ
ਹੋਵੇਗਾ । ਛਪਣ ਤੋਂ ਪਹਿਲਾਂ ਕਿਸੇ ਕਿਤਾਬ ਦਾ ਪਾਠਕ ਹੋਣਾ ਵੀ ਕੋਈ ਘੱਟ ਮਾਣ ਵਾਲੀ
ਗੱਲ ਨਹੀਂ;... ਸਭ ਕੁਝ ਠੀਕ ਹੈ । ਮੈਂ ਇਸ ਪਾਂਡੂਲਿਪੀ ਨੂੰ ਕਈ ਵਾਰ ਪੜ੍ਹ ਚੁੱਕਾ ਹਾਂ ।
ਇਸ ਵਿਚ ਇਕੋ ਨਜ਼ਮ ਹੈ, ਪੂਰੀ ਕਿਤਾਬ ਜਿੱਡੀ ਲੰਮੀ । ਕੋਈ ਤਤਕਰੇ ਦਾ ਰੌਲਾ ਨਹੀਂ ।
ਕੋਈ ਤਰਤੀਬ ਦਾ ਮਸਲਾ ਨਹੀਂ । ਮਸਲਾ ਸਿਰਫ ਭੂਮਿਕਾ ਦਾ ਹੈ ।

ਪਹਿਲਾਂ ਕਈ ਵਾਰ ਇੰਜ ਹੋਇਆ ਹੈ ਕਿ ਅਜਿਹੇ ਮੌਕਿਆਂ 'ਤੇ ਮੈਂ ਕਿਸੇ ਵੱਡੇ ਆਲੋਚਕ
ਜਾਂ ਨਾਮਵਰ ਲੇਖਕ ਦਾ ਨਾਂ ਤਜਵੀਜ਼ ਕਰ ਦਿਆ ਕਰਦਾ ਹਾਂ । ਅਗਲਾ ਮੰਨ ਵੀ ਜਾਂਦਾ
ਹੈ । ਭੂਮਿਕਾ ਲਿਖੀ ਵੀ ਜਾਂਦੀ ਹੈ । ਪਰ ਮੌਜੂਦਾ ਮਸਲਾ ਜ਼ਰਾ ਹੋਰ ਤਰ੍ਹਾਂ ਦਾ ਹੈ ।
ਕਿਤਾਬ ਮੇਰੇ ਕੋਲ ਇੱਕਲੀ ਆਈ ਹੈ, ਜਿਸ ਉਤੇ ਲੇਖਕ ਦਾ ਕੁੜੀਆਂ ਵਰਗਾ ਨਾਂ ਹੈ,
ਸਿਰਨਾਵਾਂ ਕੋਈ ਨਹੀਂ । ਚਿੱਠੀ ਵਿਚ ਏਨਾ ਹੀ ਲਿਖਿਆ ਸੀ ਕਿ ਫਲਾਣੀ ਤਰੀਕ ਨੂੰ
ਖ਼ੁਦ ਆ ਕੇ ਭੂਮਿਕਾ ਸਮੇਤ ਪਾਂਡੂਲਿਪੀ ਲੈ ਜਾਵਾਂਗੀ । ਅੱਜ ਉਹ ਆਏਗੀ । ਪਰ ਭੂਮਿਕਾ
ਤਾਂ ਲਿਖੀ ਹੀ ਨਹੀਂ ਗਈ । ਲੱਗਦਾ ਹੈ, ਸ਼ਾਮ ਤਕ ਲਿਖੀ ਵੀ ਨਹੀਂ ਜਾਏਗੀ । ਕੀ
ਜਵਾਬ ਦਿਆਂਗਾ ! ਕਿਵੇਂ ਜਵਾਬ ਦਿਆਂਗਾ ! ਇਸ ਉਲਝਣ ਅਤੇ ਨਮੋਸ਼ੀ 'ਚੋਂ ਨਿਕਲਣ
ਦਾ ਇਕੋ ਇਕ ਰਾਹ ਹੈ ਕਿ ਇਸ ਲੰਬੀ ਨਜ਼ਮ ਬਾਰੇ ਆਪਣੀ ਰਾਏ ਲਿਖ ਹੀ ਦਿੱਤੀ ਜਾਏ ।

ਵਕਤ ਬਹੁਤ ਥੋੜਾ ਹੈ । ਕੋਸ਼ਿਸ਼ ਕਰ ਵੇਖਦਾ ਹਾਂ ।

ਹਾ, ਤੇ ਇਸ ਹੋਣ-ਵਾਲੀ-ਕਿਤਾਬ ਦੀ ਜੋ ਰੂਪ-ਰੇਖਾ ਤਿਆਰ ਕੀਤੀ ਗਈ ਹੈ, ਉਸ ਉਤੇ ਸਮਰਪਣ ਦੇ ਸ਼ਬਦ ਇਸ ਤਰ੍ਹਾਂ ਹਨ :

ਤੂੰ ਮੋਹਣ, ਮੈਂ ਸੋਹਣ, ਸਿੰਘਾ ! ਤੂੰ ਮਾਹਿਰ, ਮੈਂ ਮੀਸ਼ਾ ।
ਸਣੇ ਚੌਖਟੇ ਮੂਰਤ ਟੁੱਟੀ, ਕਾਇਮ-ਦਾਇਮ ਸ਼ੀਸ਼ਾ ।।

ਜ਼ਿੰਦਗੀ ਤੇ ਮੌਤ ਦੀ ਫ਼ਿਲਾਸਫੀ ਬੜੇ ਨਵੇਂ ਅਤੇ ਵਧੀਆ ਢੰਗ ਨਾਲ ਪੇਸ਼ ਕੀਤੀ ਗਈ ਹੈ । ਇਥੇ 'ਸ਼ੀਸ਼ਾ' ਸ਼ਬਦ ਦਾ ਪ੍ਰਯੋਗ ਵਧੇਰੇ ਧਿਆਨ ਮੰਗਦਾ ਹੈ। ਸ਼ੀਸ਼ਾ ਜੋ ਕਿ ਖ਼ਾਲੀ ਹੈ, ਸ਼ੀਸ਼ਾ ਜੋ ਕਿ ਪਾਰਦਰਸ਼ੀ ਹੈ । ਇੰਜ ਇਹ ਪੁਸਤਕ ਪੰਜਾਬੀ ਦੇ ਦੋ ਆਧੁਨਿਕ ਮਹਾ-ਰਥੀਆਂ ਨੂੰ ਸਮਰਪਿਤ ਹੈ ਅਰਥਾਤ ਪੰਜਾਬੀ ਕਵਿਤਾ ਦੇ ਅੱਜ ਨੂੰ ਸਮਰਪਿਤ ਹੈ । ਜ਼ਾਹਿਰ ਹੈ ਕਿ ਕਲਮਵਾਨ ਹੱਥ ਅਤੇ ਦਰਦਵੰਦ ਅੱਖ ਕੋਲ ਰਵਾਨੀ ਅਤੇ ਨਜ਼ਰ ਦੇ ਨਾਲ ਨਾਲ ਆਧੁਨਿਕ ਚੇਤਨਾ ਵੀ ਹੈ। ਚੇਤਨਾ ਪ੍ਰਗਟਾਉਣ ਲਈ ਢੁਕਵੀਂ ਸ਼ਬਦਾਵਲੀ ਅਤੇ ਆਕਰਸ਼ਕ ਸ਼ੈਲੀ ਵੀ ਹੈ ।

ਇਹ ਸ਼ਬਦਾਵਲੀ ਅਤੇ ਸ਼ੈਲੀ ਪੂਰੀ ਨਜ਼ਮ ਵਿਚ ਵਿਦਮਾਨ ਹੈ। ਲੰਬੀ ਨਜ਼ਮ ਦੀਆਂ ਸ਼ੁਰੂ ਦੀਆਂ ਸਤਰਾਂ ਹਨ :

ਜਿਸ 'ਸ਼ਖ਼ਸ' ਨੇ ਪਹਿਲੀ ਵਾਰੀ 'ਬੋਲ' ਕਹਿਆ ਹੋਏਗਾ
ਜਿਸ ਸ਼ਖ਼ਸ ਨੇ ਬੋਲ ਨੂੰ ਫਿਰ 'ਸ਼ਬਦ' ਕਹਿਆ ਹੋਏਗਾ
ਜਿਸ ਸ਼ਖ਼ਸ ਨੇ ਸ਼ਬਦ ਨੂੰ ਫਿਰ 'ਕਾਵਿ' ਕਹਿਆ ਹੋਏਗਾ
ਉਹ 'ਬੋਲ' ਕੇਹਾ ਹੋਏਗਾ, ਉਹ 'ਸ਼ਬਦ' ਕੇਹਾ ਹੋਏਗਾ
ਉਹ 'ਕਾਵਿ' ਕੇਹਾ ਹੋਏਗਾ, ਉਹ 'ਸ਼ਖ਼ਸ' ਕੇਹਾ ਹੋਏਗਾ

ਖ਼ੂਬੀ ਇਹ ਹੈ ਕਿ ਨਜ਼ਮ ਸਵਾਲ ਨਹੀਂ ਕਰਦੀ, ਸਿਰਫ਼ ਜਾਇਜ਼ਾ ਲੈਂਦੀ ਹੈ। ਆਪਣੀ ਗੱਲ ਕਹਿੰਦੀ ਹੈ ਤੇ ਤੁਰੀ ਰਹਿੰਦੀ ਹੈ :

ਜਿਸ ਕਿਸੇ ਨੇ ਵਸਤੂਆਂ ਦੇ ਨਾਮ ਰੱਖੇ ਹੋਣਗੇ
ਪਹਿਲੀ ਵਾਰੀ ਵਸਤੂਆਂ ਦੇ ਸਵਾਦ ਚੱਖੇ ਹੋਣਗੇ
ਤੇ ਜਿਨ੍ਹਾਂ ਨੇ ਹੋਰਨਾਂ ਨੂੰ ਨਾਮ ਦੱਸੇ ਹੋਣਗੇ
ਤੇ ਸਵਾਦ ਦੱਸੇ ਹੋਣਗੇ, ਉਹ ਸ਼ਖ਼ਸ ਕੇਹੇ ਹੋਣਗੇ

ਸਭ ਤੋਂ ਪਹਿਲਾਂ ਜਿਸ ਕਿਸੇ ਨੇ, ਰੱਬ ਘੜਿਆ ਹੋਏਗਾ
ਸਭ ਤੋਂ ਪਹਿਲਾਂ ਜਿਸਨੇ ਉਸਦਾ, ਪੱਲਾ ਫੜਿਆ ਹੋਏਗਾ
ਉਸਦਾ ਨਾਂ ਲੈ ਕੇ ਜਿਹੜਾ, ਤੋੜ ਚੜ੍ਹਿਆ ਹੋਏਗਾ
ਉਹ ਸ਼ਖ਼ਸ ਕੇਹਾ ਹੋਏਗਾ

ਜਿਸ ਕਿਸੇ ਨੇ ਸਭ ਤੋਂ ਪਹਿਲਾਂ, ਸ਼ਬਦ ਵਾਹਿਆ ਹੋਏਗਾ
ਸਭ ਤੋਂ ਪਹਿਲਾਂ ਖੰਭ ਨੂੰ, ਕਾਨੀ ਬਣਾਇਆ ਹੋਏਗਾ
ਜਿਸ ਕਿਸੇ ਨੇ ਸ਼ਬਦ ਉਹ, ਪੜ੍ਹ ਕੇ ਸੁਣਾਇਆ ਹੋਏਗਾ



ਉਹ ਸ਼ਖ਼ਸ ਕੇਹਾ ਹੋਏਗਾ, ਉਹ ਸ਼ਬਦ ਕੇਹਾ ਹੋਏਗਾ

ਮੈਂ ਤਾਂ ਹੈਰਾਨ ਹਾਂ ਕਿ ਇਹ ਅੰਤਰ-ਸੰਵਾਦ ਇੰਜ ਨਿਰਵਿਘਨ ਤੇ ਅਤੋਲ ਕਿਵੇਂ ਵਾਪਰਦਾ ਜਾ ਰਿਹਾ ਹੈ ਜਿਵੇਂ ਇਸਨੂੰ ਕੋਈ ਬੋਲ ਨਾ ਰਿਹਾ ਹੋਵੇ । ਜਿਵੇਂ ਇਸਨੂੰ ਕੋਈ ਲਿਖ ਨਾ ਰਿਹਾ ਹੋਵੇ । ਜਿਵੇਂ ਇਸਨੂੰ ਕੋਈ ਰਚ ਨਾ ਰਿਹਾ ਹੋਵੇ ।...ਇਹ ਸਿਰਫ਼ ਵਾਪਰ ਰਿਹਾ ਹੋਵੇ ! ਹੈਰਾਨੀ ਦੀ ਗੱਲ ਇਹ ਵੀ ਹੈ ਕਿ ਅਜਿਹਾ ਭਾਣਾ ਇਸ ਸਦੀ ਦੌਰਾਨ 'ਸਾਡੇ ਸਾਹਿਤ' ਵਿਚ ਪਹਿਲਾਂ ਕਦੇ ਨਹੀਂ ਵਾਪਰਿਆ । ਅਸੀਂ ਕਹੇ ਹੋਏ ਸ਼ਬਦਾਂ ਨੂੰ ਦੁਹਰਾਉਂਦੇ ਹੀ ਰਹੇ ਹਾਂ । ਦਰ-ਅਸਲ ਅਸੀਂ ਲੋਕ 'ਕਵੀ' ਪਹਿਲਾਂ ਬਣ ਜਾਂਦੇ ਹਾਂ ਤੇ 'ਕਵਿਤਾ' ਬਾਅਦ ਵਿਚ ਲਿਖਣੀ ਸ਼ੁਰੂ ਕਰਦੇ ਹਾਂ । ਅਸਲ ਗੱਲ ਓਦੋਂ ਬਣਦੀ ਹੈ; ਤੁਸੀਂ ਕੁਝ ਲਿਖੋ, ਲੋਕੀਂ ਉਸਨੂੰ ਕਵਿਤਾ ਕਹਿਣ : ਤੇ ਹੌਲੀ ਹੌਲੀ ਤੁਹਾਨੂੰ ਕਵੀ ਕਹਿਣ ਲੱਗ ਪੈਣ । ਜਿਵੇਂ ਇਸ ਕੁੜੀ ਨੇ ਸਿਰਫ਼ ਲਿਖਿਆ ਹੈ । ਨਜ਼ਮ ਤਾਂ ਇਸ ਲਿਖਤ ਨੂੰ ਮੈਂ ਕਹਿ ਰਿਹਾ ਹਾਂ ।

ਇਸ 'ਲਗਾਤਾਰ ਨਜ਼ਮ' ਦਾ ਇਕ ਵੱਖਰਾਪਨ ਇਹ ਹੈ ਕਿ ਇਸਨੂੰ ਅਧਿਆਵਾਂ, ਕਾਂਡਾਂ ਜਾਂ ਸਰਗਾਂ ਵਿਚ ਨਹੀਂ ਵੰਡਿਆਂ ਗਿਆ । ਨਜ਼ਮ ਦਾ ਅੰਗ-ਭੰਗ ਬਿਲਕੁਲ ਨਹੀਂ ਕੀਤਾ ਗਿਆ । ਸਮੁੱਚੀ ਨਜ਼ਮ 'ਚੋਂ ਕੋਈ ਸਤਰ ਕਿਤੋਂ ਵੀ ਉਤਾਰ ਲਵੋ, ਲੱਗੇਗਾ ਜਿਵੇਂ ਪਹਿਲੀ ਵਾਰ ਕਿਸੇ ਅਛੋਹ ਵਸਤੂ ਨੂੰ ਛੋਹਿਆ ਹੋਵੇ । ਇਕ ਅਜਿਹਾ ਅਹਿਸਾਸ ਹੋਵੇਗਾ, ਜੋ ਪਹਿਲਾਂ ਕਦੀ ਨਾ ਹੋਇਆ ਹੋਵੇ ! ਇਹ ਅਜਿਹੀ ਨਜ਼ਮ ਹੈ ਜਿਸਨੂੰ ਆਲੋਚਕ ਦੀ ਲੋੜ ਨਹੀਂ, ਸਿਰਫ਼ ਸੁਹਿਰਦ ਪਾਠਕ ਅਥਵਾ ਸਰੋਤੇ ਦੀ ਲੋੜ ਹੈ; ਨਜ਼ਮ ਜਿਸਦਾ ਸ਼ਿਕਾਰ ਨਹੀਂ, ਨਜ਼ਮ ਜਿਸਦੀ ਲੋੜ ਹੈ। ਇਸਦੇ ਕੋਲ ਖਾਲੀ ਹੱਥ ਆਉ, ਇਹ ਤੁਹਾਨੂੰ ਭਰਪੂਰ ਕਰ ਦੇਵੇਗੀ। ਬੱਸ ਸ਼ਰਤ ਏਨੀ ਹੈ ਕਿ ਇਸਨੂੰ ਮਿਲਣ ਲਈ ਆਉ, ਉਧਾਲਣ ਲਈ ਨਹੀਂ !

ਇਹ ਵੀ ਸੁਣ ਲਉ ਕਿ ਨਜ਼ਮ ਮੈਂ ਆਰਾਮ ਨਾਲ ਪੜ੍ਹੀ ਸੀ, ਬਾਰ ਬਾਰ ਪੜ੍ਹੀ ਸੀ, ਤੇ ਭੂਮਿਕਾ ਕਾਹਲੀ ਵਿਚ ਲਿਖੀ ਹੈ। 'ਉਸਨੇ' ਲੈਣ ਜੁ ਆਉਣਾ ਹੈ ! ਇਸ ਤਰ੍ਹਾਂ ਦੀ ਨਜ਼ਮ ਲਿਖਣ ਵਾਲੀ ਕੁੜੀ ਆਏ ਤੇ ਉਸਦਾ ਕੰਮ ਨਾ ਹੋਇਆ ਹੋਵੇ ; ਸ਼ੋਭਾ ਨਹੀਂ ਦੇਂਦਾ । ਭੂਮਿਕਾ ਪੜ੍ਹਕੇ ਭਾਵੇਂ ਯਾਰ ਲੋਕ ਕਈ ਕਹਾਣੀਆਂ ਘੜਨਗੇ; ਸਤਰਾਂ ਦੇ ਵਿਚਕਾਰਲੀਆਂ ਖਾਲੀ ਥਾਵਾਂ ਵੀ ਪੜ੍ਹਨਗੇ; ਪਰ ਮੈਨੂੰ ਸੰਤੁਸ਼ਟੀ ਹੈ ਕਿ ਝੂਠਾ ਨਹੀਂ ਪਵਾਂਗਾ । ਮੈਂ ਉਸਦੀ ਨਜ਼ਮ ਦੀ ਪ੍ਰਸ਼ੰਸਾ ਕੀਤੀ ਹੈ ਤੇ ਪ੍ਰਸ਼ੰਸਾ ਵੀ ਝੂਠੀ ਨਹੀਂ ਕੀਤੀ । ਭੂਮਿਕਾ ਉਸਨੂੰ ਪਸੰਦ ਆਉਣੀ ਹੀ ਚਾਹੀਦੀ ਹੈ । ਉਹ ਕੁੜੀ ਅੱਜ ਆਉਣੀ ਹੀ ਚਾਹੀਦੀ ਹੈ ।

ਕੰਮ ਤਾਂ ਤਕਰੀਬਨ ਹੋ ਹੀ ਗਿਆ ਹੈ । ਜਦੋਂ ਤੀਕ 'ਉਹ' ਨਹੀਂ ਆਉਂਦੀ, ਟਾਈ-ਪਰਾਈਟਰ ਦਾ ਰਿਬਨ ਹੀ ਬਦਲ ਲੈਂਦਾ ਹਾਂ । ਕਈ ਦਿਨਾਂ ਤੋਂ ਘੋਲ ਕਰ ਰਿਹਾ ਸਾਂ । ਫਟੇ ਤੇ ਘਸੇ ਹੋਏ ਰਿਬਨ ਨੂੰ ਚਲਾਈ ਜਾ ਰਿਹਾ ਸਾਂ । ਕੋਈ ਅੱਖਰ ਅੱਧਾ, ਕੋਈ ਪੌਣਾ ! ਕੋਈ ਸਟਰੋਕ ਅੜ ਗਈ, ਕੋਈ ਛੜੱਪਾ ਮਾਰ ਗਈ । ਪ੍ਰੈਸ ਕਾਪੀ ਤਿਆਰ ਕਰਦਿਆਂ ਮੇਰੀ ਤਾਂ ਜਿੰਦ ਹਾਰ ਗਈ ।...ਪਰ ਅੱਜ ਫ਼ੁਰਸਤ ਹੈ । ਫ਼ੁਰਸਤ ਦੇ ਦੌਰਾਨ ਵੀ ਤਾਂ ਕੁਝ ਨਾ ਕੁਝ ਕਰਨਾ ਹੀ ਹੁੰਦਾ ਹੈ । ਚਲੋ, ਰਿਬਨ ਹੀ ਬਦਲ ਲੈਂਦੇ ਹਾਂ । ਉਰਿਜਿਨਲ ਕਾਪੀ ਉਤੇ ਇੰਪਰੈਸ਼ਨ ਠੀਕ ਰਹੇਗਾ । ਆਉਣ ਵਾਲੀ 'ਤੇ ਇੰਪਰੈਸ਼ਨ ਵੀ ਠੀਕ ਪਵੇਗਾ !

ਪਰ ਉਹ ਅਜੇ ਤਕ ਨਹੀਂ ਆਈ। ਆਏਗੀ ਜ਼ਰੂਰ ਜਦੋਂ ਤਕ ਨਹੀਂ ਆਉਂਦੀ ਕੋਈ ਹੋਰ ਗੱਲ ਕਰ ਲੈਂਦੇ ਹਾਂ। ਪਹਿਲਾਂ ਲਿਖੇ ਸਫੇ ਹੀ ਪੜ੍ਹ ਲੈਂਦੇ ਹਾਂ। ਲਗ-ਮਾਤਰ-ਕੌਮਾ ਦਰੁੱਸਤ ਕਰ ਲੈਂਦੇ ਹਾਂ। ਮੈਂ ਅੱਜ 'ਭੂਮਿਕਾ' ਨੂੰ ਆਪਣੀ ਜ਼ਿੰਦਗੀ ਦਾ ਸਭ ਤੋਂ ਜ਼ਰੂਰੀ ਕੰਮ ਸਮਝਿਆ ਸੀ। ਅੱਜ ਦੀ ਤਾਰੀਖ 'ਡੈੱਡ ਲਾਈਨ' ਸੀ। ਮੈਂ ਤਾਂ ਆਪਣੇ ਵੱਲੋਂ ਸੁਰਖਰੂ ਹਾਂ। ਉਂਜ ਸੁਰਖਰੂ ਓਦੋਂ ਹੋਵਾਂਗਾ ਜਦੋਂ ਭੂਮਿਕਾ ਉਸਨੂੰ ਪਸੰਦ ਆਵੇਂਗੀ; ਤੇ ਉਹ ਇਸ ਭੂਮਿਕਾ ਨੂੰ, ਪਾਂਡੂਲਿਪੀ ਸਮੇਤ, ਮੇਰੇ ਕੋਲੋਂ ਲੈ ਜਾਵੇਗੀ।...ਉਹ ਜ਼ਰੂਰ ਆਵੇਗੀ।

ਇੰਤਜ਼ਾਰ ਯਾਨਿ ਫੁਰਸਤ ਦੇ ਛਿਣਾਂ ਵਿਚ ਮੈਂ ਸੋਚ ਰਿਹਾਂ ਹਾਂ ਕਿ ਕੁੜੀ ਨੇ ਤਾਂ ਕਵਿਤਾ ਲਿਖੀ ਤੇ ਮੈਂ ਕਹਾਣੀ ਬਣਾ ਧਰੀ। ਭਲਾ ਕਵਿਤਾ ਤੇ ਕਹਾਣੀ ਦਾ ਕੀ ਰਿਸ਼ਤਾ। ਮੈਂ ਦੋ ਬੰਦਿਆਂ ਨੂੰ ਚੰਗੀ ਤਰ੍ਹਾਂ ਜਾਣਦਾ ਹਾਂ; ਤੇ ਉਹ ਨੇ ਕੁਲਵੰਤ ਸਿੰਘ ਵਿਰਕ ਤੇ ਪ੍ਰੇਮ ਪ੍ਰਕਾਸ਼। ਇਹ ਦੋਵੇਂ ਕਹਾਣੀਕਾਰ ਨੇ; ਤੇ ਵਧੀਆ ਕਹਾਣੀਕਾਰ ਨੇ। ਪਰ ਕਵਿਤਾ ਦੀ ਇਨ੍ਹਾਂ ਨੂੰ ਕੋਈ ਸਮਝ ਨਹੀਂ। ਇਨ੍ਹਾਂ ਦੋਹਾਂ ਨੂੰ ਕਵਿਤਾ ਚੰਗੀ ਨਹੀਂ ਲੱਗਦੀ, ਸਿਰਫ਼ ਓਦੋਂ ਚੰਗੀ ਲੱਗਦੀ ਹੈ ਜਦੋਂ ਕਿਸੇ ਕੁੜੀ ਨੇ ਲਿਖੀ ਹੋਈ ਹੋਵੇ...ਇਸ ਕਥਨ ਦਾ ਸਾਧਾਰਨੀਕਰਨ ਨਹੀਂ ਕਰਨਾ ਚਾਹੀਦਾ, ਕਿਉਂਕਿ ਇਸ ਪਸੰਦ ਵਾਲੇ ਹੋਰ ਵੀ ਅਨੇਕ ਕਹਾਣੀਕਾਰ ਦੋਸਤ ਨੁਮਾਇਆਂ ਹੋ ਜਾਣਗੇ। ਗੁਲਜ਼ਾਰ ਸੰਧੂ ਤਾਂ ਹੁਣੇ ਅੱਖਾਂ ਵਿਖਾ ਰਿਹਾ ਹੈ...ਉਨ੍ਹਾਂ ਕਹਾਣੀਕਾਰਾਂ ਤੋਂ ਖਿਮਾ ਮੰਗਣ ਨੂੰ ਜੀਅ ਕਰਦਾ ਹੈ ਜਿਹੜੇ ਕਵਿਤਾ ਦੇ ਖੇਤਰ 'ਚੋਂ ਅਸਫਲ ਹੋ ਕੇ ਕਹਾਣੀ ਵੱਲ ਆਏ ਹਨ। ਉਹ ਭਾਵੇਂ ਵਰਿਆਮ ਸੰਧੂ ਹੋਵੇ; ਰਾਮ ਸਰੂਪ ਅਣਖੀ ਹੋਵੇ ਜਾਂ ਫ਼ਿਰ ਕਰਤਾਰ ਸਿੰਘ ਦੁੱਗਲ।... ਵਕਤ ਲੰਘਾਉਣ ਲਈ ਕੁਝ ਨਾ ਕੁਝ ਤਾਂ ਕਰਨਾ ਹੀ ਹੈ। ਇਸ ਵੇਲੇ ਮੇਰਾ ਮੋਹਨ ਭੰਡਾਰੀ ਨੂੰ ਯਾਦ ਕਰਨ ਨੂੰ ਜੀਅ ਕਰ ਰਿਹਾ ਹੈ। ਉਸਨੇ ਵੀ ਕਹਾਣੀ ਤੋਂ ਪਹਿਲਾਂ ਕਵਿਤਾ ਲਿਖਣ ਲਈ ਪੈਂਤੜਾ ਲਿਆ ਸੀ, ਪਰ...। ਵੇਰਵੇ ਵਿੱਚ ਨਹੀਂ ਜਾਂਦਾ, ਨਰਾਜ਼ ਹੋ ਜਾਏਗਾ। ਉਸਦੀ ਨਾਰਾਜ਼ਗੀ ਮੈਂ ਸਹਾਰ ਨਹੀਂ ਸਕਦਾ। ਬੱਸ, ਉਹ ਕਹਾਣੀਆਂ ਲਿਖਦਾ ਰਹੇ; 'ਸਾਂਝ' ਵਰਗੀਆਂ ਵਧੀਆ ਕਹਾਣੀਆਂ ਲਿਖਦਾ ਰਹੇ!

ਦੋਸਤੋ! ਤੁਸੀਂ ਕਦੇ ਇੰਤਜ਼ਾਰ ਕੀਤੀ ਹੈ; ਜਾਂ ਕੀਤਾ ਹੈ? ਜੇ ਕੀਤਾ ਹੈ ਤਾਂ ਇੰਤਜ਼ਾਰ ਦੇ ਦੌਰਾਨ ਕੀ ਕੀਤਾ ਹੈ? ਮੈਂ ਤਾਂ ਥੋੜ੍ਹੀ ਜਿਹੀ ਦੇਰ ਵਿੱਚ ਹੀ ਬੌਖਲਾ ਗਿਆ ਹਾਂ। ਤੁਹਾਡੀ ਹਾਜ਼ਰੀ ਵਿੱਚ ਵੀ ਉਕਤਾ ਗਿਆ ਹਾਂ। ਮੇਰੀ ਮਦਦ ਕਰੋ। ਜੇ ਕੁਝ ਹੋਰ ਨਹੀਂ ਕਰ ਸਕਦੇ ਤਾਂ ਔਖੇ ਸੌਖੇ ਹੋ ਕੇ, ਹੁੰਗਾਰਾ ਜ਼ਰੂਰ ਭਰੋ।

ਅਸੀਂ ਵੇਖਣਾ ਹੈ ਸਥਿਤੀ ਕਿਵੇਂ ਤਣਦੀ ਹੈ
ਅਸੀਂ ਵੇਖਣਾ ਹੈ ਕਹਾਣੀ ਕਿਵੇਂ ਬਣਦੀ ਹੈ

ਤੁਸੀਂ ਮੋਹਣ ਸਿੰਘ ਦੀਵਾਨਾ ਦੀ ਕੋਈ ਕਹਾਣੀ ਪੜ੍ਹੀ ਹੈ?.. ਤੁਸੀਂ ਮੋਹਣ ਸਿੰਘ ਦੀਵਾਨਾ ਦਾ ਕੁਛ ਵੀ ਪੜ੍ਹਿਆ ਹੈ?... ਤੁਸੀਂ ਮੋਹਣ ਸਿੰਘ ਦੀਵਾਨਾ ਦਾ ਨਾਂ ਸੁਣਿਆ ਹੈ?...ਜੇ ਨਹੀਂ, ਤਾਂ ਸ਼ਾਇਦ ਤੁਸੀਂ ਦੀਵਾਨ ਸਿੰਘ ਕਾਲੇ ਪਾਣੀ ਬਾਰੇ ਵੀ ਕੁਝ ਨਹੀਂ ਜਾਣਦੇ।...ਆਪਣੇ ਪੂਰਨ ਸਿੰਘ ਬਾਰੇ ਵੀ ਨਹੀਂ ਜਾਣਦੇ। ...ਤੁਸੀਂ ਤਾਂ ਤਾਰਾ ਸਿੰਘ ਦਾ ਨਾਂ ਵੀ ਪਹਿਲਾਂ ਕਦੇ ਨਹੀਂ ਸੁਣਿਆ ਹੋਣਾ! ਹਰਿਭਜਨ ਸਿੰਘ ਬਾਰੇ ਤਾਂ ਜਾਣਦੇ ਹੋਵੋਗੇ?... ਸਤਿਆਰਥੀ ਬਾਰੇ ਤਾਂ ਪਤਾ ਹੋਵੇਗਾ?...ਅੰਮ੍ਰਿਤਾ ਪ੍ਰੀਤਮ, ਬਲਵੰਤ ਗਾਰਗੀ, ਨੌਰੰਗ ਸਿੰਘ, ਅਜੀਤ ਕੌਰ, ਸੰਤੋਖ ਸਿੰਘ ਧੀਰ...ਕਿਹੜਾ ਕਿਹੜਾ ਨਾ ਲਵਾਂ? ਤੁਸੀਂ ਆਪ ਹੀ ਦੱਸ ਦੇਵੋ ਕਿ ਕੀਹਦੇ ਬਾਰੇ ਗੱਲ ਕਰਾਂ। ਅੱਜ ਮੇਰੇ ਕੋਲ ਗੱਲ ਕਰਨ ਦੀ ਵਿਹਲ ਹੈ। ਤੇ ਮੈਂ ਗੱਲ ਉਹ ਕਰਨਾ ਚਾਹੁੰਦਾ ਹਾਂ, ਜਿਹੜੀ ਤੁਹਾਨੂੰ ਵੀ ਦਿਲਚਪਸ ਲੱਗੇ।... ਸ਼ਿਵਕੁਮਾਰ ਬਾਰੇ ਗੱਲ ਕਰਾਂ? ਸ਼ਿਵਕੁਮਾਰ ਬਾਰੇ ਮੈਂ 'ਗੱਲ' ਨਹੀਂ 'ਗੱਲਾਂ' ਕਰ ਸਕਦਾ ਹਾਂ। ਪੁੱਛੋ, ਕੀ ਪੁੱਛਦੇ ਹੋ?... ਕੀ ਪੁੱਛਦੇ ਹੋ ਹਾਲ ਫਕੀਰਾਂ ਦਾ...

'ਉਹ' ਅਜੇ ਤੱਕ ਨਹੀਂ ਆਈ। ਕਹਾਣੀ ਉਲਝਦੀ ਲੱਗਦੀ ਹੈ। ਕਹਾਣੀ ਵਿਗੜਦੀ ਲੱਗਦੀ ਹੈ। ਨਾਟਕ ਕਦੋਂ ਦਾ ਸ਼ੁਰੂ ਹੈ; ਤੇ ਨਾਇਕਾ ਹੁਣ ਤੱਕ ਗੈਰਹਾਜ਼ਰ ਹੈ!

ਗੈਰਹਾਜ਼ਰ ਨੂੰ ਥੋੜ੍ਹੀ ਦੇਰ ਭੁਲਾਉਂਦੇ ਹਾਂ। ਲਗਾਤਾਰ ਹਾਜ਼ਰ ਨੂੰ ਬੁਲਾਉਂਦੇ ਹਾਂ। ਉਹ ਰੌਲੇ ਤੋਂ ਪਰ੍ਹਾਂ ਹੈ, ਅਟੰਕ ਹੈ। ਕਹਾਣੀਕਾਰ ਨਹੀਂ, ਵਿਸ਼ੇਸ਼-ਕਹਾਣੀ-ਅੰਕ ਹੈ। ਉਹਦੇ ਕੋਲ ਹੁਨਰ ਹੈ; ਤਸੱਵਰ ਹੈ। ਉਹ ਸ਼ਾਇਰ ਹੈ, ਮੁਸੱਵਰ ਹੈ। ਉਹ ਕਿਸੇ ਵੀ ਵਾਦ ਤੋਂ ਬਾਹਰਵਾਰ ਹੈ। ਉਹ ਮਹਾਂਨਗਰ ਦਾ ਉਪਨਿਆਸਕਾਰ ਹੈ। ਨਾ ਖਿਝਦਾ ਹੈ; ਨਾ ਲੜਦਾ ਹੈ। ਬੱਸ ਲਿਖਦਾ ਹੈ ਤੇ ਪੜ੍ਹਦਾ ਹੈ। ਉਹ ਸਹਿਜ ਹੈ, ਅਡੋਲ ਹੈ। ਇਸ ਵਕਤ ਸਾਡੇ ਕੋਲ ਹੈ। ਉਹ ਸਭ ਦਾ ਨਿੱਕਾ ਵੱਡਾ ਵੀਰ ਹੈ। ਉਸਦਾ ਨਾਂ?...ਉਸਦਾ ਨਾਂ ਸੁਖਬੀਰ ਹੈ।...

ਬਈ, ਇਹ ਤਾਂ ਬੋਰੀਅਤ ਦੀ ਅਖ਼ੀਰ ਹੈ!

ਕਹਾਣੀ ਲੰਬੀ ਹੁੰਦੀ ਜਾ ਰਹੀ ਹੈ
'ਉਹ' ਸਾਡੇ ਸਬਰ ਨੂੰ ਅਜ਼ਮਾ ਰਹੀ ਹੈ
ਲਉ, ਲੱਗਦਾ ਹੈ, ਕਿ ਉਹ ਆ ਰਹੀ ਹੈ...

ਨਹੀਂ ਇਹ ਤਾਂ ਗੋਦੋ ਦੀ ਉਡੀਕ ਹੈ। ਕੀ ਇਹ ਉਡੀਕ ਨਾਟਕ ਮੁੱਕਣ ਤੀਕ ਹੈ? ਨਹੀਂ, ਇਹ ਉਡੀਕ ਤਾਂ ਨਾਟਕ ਮੁੱਕਣ ਤੋਂ ਬਾਅਦ ਵੀ ਰਹੇਗੀ। ਪਰ ਸਾਨੂੰ ਇਹ 'ਆਡੀਐਂਸ' ਕੀ ਕਹੇਗੀ!

ਕੀ ਸਭ ਕੁਝ ਕਹਾਣੀਕਾਰ ਦੇ ਵੱਸ ਹੁੰਦਾ ਹੈ?
ਨਹੀਂ ਹਰ ਕਹਾਣੀ ਦਾ ਇੱਕ ਰਹੱਸ ਹੁੰਦਾ ਹੈ...
ਜੋ ਨਾ ਲੁਕੋਅ ਹੁੰਦਾ ਤੇ ਨਾ ਹੀ ਦੱਸ ਹੁੰਦਾ ਹੈ।
ਹੁਣ ਜ਼ੇ ਕਹੋ ਤਾਂ, ਪਿਛਲੇ ਕਹੇ ਨੂੰ ਦੁਹਰਾਅ ਦਿਆਂ
ਜਾਂ ਕਲਾਬਾਜ਼ੀ ਨਾਲ ਗੱਲ ਨੂੰ ਲਮਕਾਅ ਦਿਆਂ
...ਤੇ ਜਾਂ ਫਿਰ ਕਲਮ ਦੇ ਇੱਕੋ ਝਟਕੇ ਨਾਲ ਗੱਲ ਮੁਕਾ ਦਿਆਂ!

ਜ਼ਰਾ ਦੇਖੋ. ਅੰਤ ਤਾਂ ਹਰ ਸ਼ੈਅ ਦਾ ਹੋਣਾ ਹੈ। ਅੰਤ ਕੁਦਰਤੀ ਵੀ ਹੋ ਸਕਦਾ ਹੈ ਤੇ ਗੈਰ-ਕੁਦਰਤੀ ਵੀ। ਸਾਡੇ ਪੰਜਾਬੀਆਂ ਲਈ, ਅੱਜਕੱਲ੍ਹ, ਕੁਝ ਵੀ ਗੈਰ ਕੁਦਰਤੀ ਨਹੀਂ ਰਿਹਾ। ਇਸ ਲਈ ਵਕਤ ਲੈ ਰਿਹਾ ਹਾਂ ਕਿ ਸ਼ਾਇਦ 'ਉਹ' ਹੁਣ ਵੀ ਆ ਜਾਏ। ਅਸੀਂ ਉਸਦੀ ਰਚਨਾ ਨੂੰ ਜਾਣਿਆ ਹੈ, ਮਾਣਿਆ ਹੈ। ਰਚਨਾ 'ਚੋਂ ਉਸਦਾ ਵਿਅਕਤਿੱਤਵ ਪਛਾਣਿਆ ਹੈ। ਗੱਲ ਐਵੇਂ ਸੁੱਟ ਪਾਉਣ ਵਾਲੀ ਤਾਂ ਨਹੀਂ। ਗੱਲ ਐਵੇਂ ਕਾਹਲੀ ਵਿਚ

ਮੁਕਾਉਣ ਵਾਲੀ ਤਾਂ ਨਹੀਂ ।

ਮੇਰੇ ਯਾਰੋ ! ਮੇਰੀ ਸਲਾਹ ਹੈ ਕਿ ਮੂਸਾ ਵਾਂਗ ਜ਼ਿੱਦ ਨਾ ਕਰੀਏ
ਦੁਖਦੇ ਗੋਡਿਆਂ ਨਾਲ ਕੋਹਤੂਰ 'ਤੇ ਨਾ ਚੜ੍ਹੀਏ
ਯਾਨਿ ਕਿ ਉਸ ਕੁੜੀ ਦਾ ਹੋਰ ਇੰਤਜ਼ਾਰ ਨਾ ਕਰੀਏ

ਗੁਸਤਾਖ਼ੀ ਮੁਆਫ਼ ! ਮੈਂ ਤੁਹਾਨੂੰ ਪਹਿਲਾਂ ਨਹੀਂ ਸੀ ਦੱਸਿਆ । ਕਿਉਂਕਿ ਹੁਣ ਤੱਕ ਤਾ, ਹੈ ਮੈਂ ਮਸਾਂ ਆਪਣੇ ਧਨੁਸ਼ ਦੀ ਡੋਰ ਨੂੰ ਕੱਸਿਆ ।

ਮੇਰੀ ਨਾ-ਅਹਿਲੀ 'ਤੇ, ਤੁਹਾਡੇ 'ਚੋਂ ਕਿਹੜਾ ਨਹੀਂ ਹੱਸਿਆ ?

ਹੱਸੋ, ਹੱਸੋ, ਖ਼ੂਬ ਹੱਸੋ । ਤੇ ਹੋਰਨਾਂ ਨੂੰ ਵੀ ਦੱਸੋ ਕਿ ਇੱਕ 'ਕੁੜੀ' ਇੱਕ 'ਬੁੜ੍ਹੀ' ਤੋਂ ਆਪਣੀ ਕਿਤਾਬ ਦੀ ਭੂਮਿਕਾ ਲਿਖਵਾਉਣ ਵਿੱਚ ਕਾਮਯਾਬ ਹੋ ਗਈ ਹੈ ।

ਹੇ ਮੇਰੇ ਵੀਹਵੀਂ ਸ਼ਤਾਬਦੀ ਦੇ, ਲੇਖਕੋ ! ਤੁਸੀਂ ਇਸ ਸਾਜ਼ਿਸ਼ ਨੂੰ ਜਾਣ ਕੇ ਵੀ ਇਸ ਦਾ ਕੁਝ ਨਹੀਂ ਕਰ ਸਕੋਗੇ । ਸ਼ੇਸ਼-ਸ਼ਤਾਬਦੀ ਨੂੰ ਕਿਸੇ ਵੀ ਤਰ੍ਹਾਂ ਦੀ ਮੌਲਿਕਤਾ ਨਾਲ ਨਹੀਂ ਭਰ ਸਕੋਗੇ ।

ਇੱਕੀਵੀਂ ਸਦੀ ਨੇ ਤਾਂ ਆਉਣਾ ਹੈ ।

ਜ਼ਰੂਰ-ਬਰ-ਜ਼ਰੂਰ ਆਉਣਾ ਹੈ ।

ਤੇ ਉਸ ਸਦੀ ਦੇ ਲੋਕ ਇਹ ਵੇਖਣਗੇ ਕਿ ਵੀਹਵੀਂ ਸਦੀ ਦੇ ਲੇਖਕਾਂ ਨੇ ਕਿਹੜੀ ਜਾਂ ਕਿਹੋ ਜਿਹੀ ਭੂਮਿਕਾ ਨਿਭਾਈ ।

ਕੀ ਉਹਨਾਂ ਨੂੰ ਭੂਮਿਕਾ ਲਿਖਣ ਦੀ ਜਾਚ ਆਈ ?
ਤੇ ਲਉ, ਮੇਰੀ ਭੂਮਿਕਾ ਤਾਂ ਹਾਜ਼ਰ ਹੈ ।
ਤਹਾਡੀ ਕੀ ਭੂਮਿਕਾ ਰਹੀ ਹੈ ?

[ਏ, 15, ਅਫ਼ਸਰ ਕਲੋਨੀ, ਰੋਪੜ-140001]

□

## ਚੇਤਨਾ ਬਨਾਮ ਰਚਨਾ/ਅਮਰਦੀਪ ਗਿੱਲ

ਮੈਂ ਕਿਉਂ ਲਿਖਦਾ—ਵਿਲਕਦੇ ਅਰਥਾਂ ਵਾਲੇ ਦਰਦ-ਪਰੁੱਚੇ ਗੀਤ
ਜੇ ਸ਼ਹਿਰ ਦੀਆਂ ਸੜਕਾਂ 'ਤੇ ਤੁਰਦਿਆਂ, ਲਹੂ-ਲੁਹਾਣ ਨਾ ਹੁੰਦੇ ਮੇਰੇ ਸ਼ਬਦ
ਜੇ ਨਾ ਮਾਰੇ ਜਾਂਦੇ ਬੱਸਾਂ ਵਿਚੋਂ ਲਾਹ ਕੇ ਮੇਰੇ ਬਿੰਬ
ਜੇ ਨਾ ਜਿਉਂਦੇ ਸਾੜੇ ਜਾਂਦੇ, ਦਿੱਲੀ ਦੀਆਂ ਸੜਕਾਂ 'ਤੇ ਮੇਰੇ ਅਲੰਕਾਰ
ਮੈਂ ਕਿਉਂ ਸਿਰਜਦਾ—ਦਹਿਸ਼ਤਜ਼ਦਾ ਮਾਹੌਲ ਦਾ ਰੁਦਨ ਚਿਤਰਦੀ,
ਕੋਈ ਨਜ਼ਮ, ਕੋਈ ਗ਼ਜ਼ਲ
ਜੇ ਮੇਰੀ ਬੱਚੀ ਨਾ ਤ੍ਰਹਿੰਦੀ ਹੁੰਦੀ, ਮੂੰਹ-ਹਨ੍ਹੇਰੇ ਹੁੰਦੀ ਹਰ ਦਸਤਕ ਤੋਂ
ਜੇ ਨਾ ਡਰਦੀ ਹੁੰਦੀ ਮੇਰੀ ਬੀਵੀ, ਟੀ. ਵੀ. ਦੀਆਂ ਖਬਰਾਂ ਦੇ ਚਿਹਰਿਆਂ ਤੋਂ



ਜੇ ਮੇਰੇ ਗੁਆਂਢੀ ਸ਼ਾਮ ਲਾਲ ਦਾ ਪਰਿਵਾਰ, ਹਿਜਰਤ ਨਾ ਕਰਦਾ ਪੰਜਾਬੋਂ
ਜੇ ਦਿੱਲੀ ਰਹਿੰਦੇ ਮੇਰੇ ਭਰਾ ਦੀ ਹਰ ਚਿੱਠੀ 'ਚ ਜ਼ਿਕਰ ਨਾ ਹੁੰਦਾ
ਦੰਗਈਆਂ ਦੇ ਡਰ ਕਾਰਨ ਜਾਗ ਕੇ ਲੰਘਾਈਆਂ ਰਾਤਾਂ ਦਾ
ਜੇ ਅਖਬਾਰਾਂ ਦੀਆਂ ਖਬਰਾਂ ਸੁਣ ਬਾਪੂ ਡੂੰਘੇ ਹੌਂਕੇ ਲੈ ਕੇ ਨਾ ਸੁਣਾਉਂਦਾ
ਸੰਨ ਸੰਤਾਲੀ ਦੇ "ਹਲਚਲੇ" ਦੀਆਂ ਗੱਲਾਂ

ਮੈਂ ਕਿਸ ਲਈ ਲਿਖਣੇ ਸਨ ਹਾਲਾਤ ਦੀ ਬੇਹਾਲੀ ਦੇ ਗੀਤ
ਮੈਂ ਕਿਉਂ ਕਹਿੰਦਾ—ਦਿੱਲੀ ਦਰਬਾਰ ਦੇ ਕਿਸੇ ਮੁਕੱਦਮ ਨੂੰ ਕੁੱਤਾ
ਮੈਂ ਕਿਉਂ ਭੰਡਦਾ ਵਿਚ ਚੁਰਾਹੇ—ਰਾਜਨੀਤੀ ਦੇ ਗਰਭ 'ਚ ਪਲਦੀ ਦੋਗਲੀ ਚਾਲ ਨੂੰ
ਜੇ ਮੇਰੇ ਸ਼ਹਿਰ ਦੀ ਪੌਣ—ਜ਼ਹਿਰੀਲੀ ਨਾ ਹੁੰਦੀ ਇੰਝ ਫਿਰਕੂ ਨਾਹਰਿਆਂ ਦੇ ਜਨੂੰਨ ਨਾਲ
ਤੇ ਕੁਰਸੀ ਲਈ ਨੇਤਾਵਾਂ ਦੀ ਚੂਹੇ-ਦੌੜ 'ਚ ਨਾ ਦਰੜੀਆਂ ਜਾਂਦੀਆਂ ਸਾਡੀਆਂ ਹਿੱਕਾਂ
ਮੈਂ ਕਿਉਂ ਰਚਦਾ ਕੋਈ ਅਜਿਹੀ ਨਜ਼ਮ—ਜੋ ਪ੍ਰਗਟ ਕਰਦੀ ਹੁੰਦੀ
ਪਾਰਲੀਮੈਂਟ ਹਾਊਸ ਤੋਂ ਲੈ ਕੇ ਵਾਈਟ-ਹਾਊਸ ਤੱਕ ਦੇ
ਵਿਰੁੱਧ ਮੇਰੇ ਉੱਬਲਦੇ ਤੇਜ਼ਾਬੀ-ਰੋਹ ਨੂੰ
ਜੋ ਕਹਿੰਦੀ ਹੁੰਦੀ ਸੰਵਿਧਾਨ ਨੂੰ ਹਿਜੜਾ,
ਜੇ ਵੋਟਾਂ ਦੀਆਂ ਪਰਚੀਆਂ 'ਤੇ ਤਰ ਕੇ
ਜਿਉਂਦੇ ਬਚਣਾ ਕਿਸੇ ਨਾਗਰਿਕ ਦੀ ਮਜਬੂਰੀ ਨਾ ਹੁੰਦਾ
ਮੇਰੀ ਰਚਨਾ ਦੀਆਂ ਤਸਬੀਹਾਂ ਇੰਨੀਆਂ ਭੱਦੀਆਂ ਕਿਉਂ ਹੋਣੀਆਂ ਸਨ ?

ਜੇ ਜ਼ਿੰਦਗੀ ਦਾ ਚਿਹਰਾ ਖ਼ੂਬਸੂਰਤ ਹੁੰਦਾ
ਮੇਰੇ ਅਲੰਕਾਰ, ਮੇਰੇ ਬਿੰਬ ਇੰਨੇ ਨੰਗੇ ਨਾ ਹੁੰਦੇ
ਜੇ ਕਿਸੇ ਸਫੇਦਪੋਸ਼ ਦਾ ਕਿਰਦਾਰ—ਇੰਨਾ ਦੋਗਲਾ ਨਾ ਹੁੰਦਾ
ਜਾਂ ਕਿਸੇ ਚੋਲੇ ਵਿਚੋਂ ਨਾ ਝਾਕਦੀ ਹੁੰਦੀ—ਵਿਕਾਊ ਨੀਤੀਆਂ ਦੀ ਅਸ਼ਲੀਲਤਾ
ਮੈਂ ਇੰਨਾ ਸੱਚ ਕਦੇ ਨਾ ਲਿਖਦਾ ਜੇ ਸਰਕਾਰੀ ਅੰਕੜੇ ਇੰਨੇ ਝੂਠੇ ਨਾ ਹੁੰਦੇ
ਮੇਰੀ ਕਲਮ ਵੀ ਨੈਤਿਕਤਾ ਦੇ ਅੰਦਰ-ਵਾਰ ਰਹਿੰਦੀ
ਜੇ ਸਾਰਾ ਨਿਜ਼ਾਮ ਇੰਨਾ ਲੱਚਰ ਨਾ ਹੁੰਦਾ
ਮੈਂ ਅਜਿਹਾ ਸਭ ਕਿਸ ਲਈ ਲਿਖਦਾ ਯਾਰੋ ? ਮੈਨੂੰ ਕੀ ਮਜਬੂਰੀ ਸੀ ?

ਇਹ ਤਾਂ ਵਕਤ ਦਾ ਤਕਾਜ਼ਾ ਹੈ, ਇਹ ਤਾਂ ਇਤਿਹਾਸ ਦੀ ਦਸਤਕ ਹੈ
ਇਹ ਤਾਂ ਜ਼ਰੂਰਤ ਹੈ ਭਵਿੱਖ ਤੇ ਵਰਤਮਾਨ ਦੀ
ਕਿ ਰੂੰ ਵਾਂਗ ਪਿੰਜਿਆ ਗਿਆ ਮੇਰਾ ਅਹਿਸਾਸ
ਤੇ ਇਹ ਸਭ ਕਹਿਣਾ—ਮੇਰੀ ਮਜਬੂਰੀ ਹੋ ਗਿਆ
ਇਹ ਸਭ ਲਿਖਣਾ—ਮੇਰਾ ਫਰਜ਼ ਹੋ ਗਿਆ । □

[ਮਾਰਫਤ ਨਿਊ ਫਰੈਂਡਜ਼ ਟੇਲਰਜ਼, ਕਿਲਾ ਰੋਡ, ਬਠਿੰਡਾ-151 001]

# ਸੁਤੰਤਰਤਾ ਸੰਗਰਾਮ ਤੇ ਪੰਜਾਬੀ ਲੇਖਕ

ਰਘਬੀਰ ਸਿੰਘ

ਸੁਤੰਤਰਤਾ ਸੰਗਰਾਮ ਇਸ ਸਦੀ ਦੇ ਪਹਿਲੇ ਅੱਧ ਵਿਚ ਭਾਰਤ ਦੇ ਇਤਿਹਾਸ ਵਿਚ ਇਕ ਅਜਿਹਾ ਵਿਆਪਕ ਅੰਦੋਲਨ ਸੀ ਜਿਸਨੇ ਸਾਡੇ ਦੇਸ਼ ਦੇ ਜਨਜੀਵਨ ਦੇ ਸਭਨਾਂ ਪੱਖਾਂ ਨੂੰ ਆਪਣੇ ਕਲਾਵੇ ਵਿਚ ਲੈ ਰੱਖਿਆ ਸੀ। ਸਮਾਜ ਦੇ ਹਰ ਤਬਕੇ ਵਿਚ ਤੇ ਦੇਸ਼ ਦੇ ਹਰ ਕੋਣੇ ਵਿਚ ਨਾ ਕੇਵਲ ਰਾਜਨੀਤਕ ਪੱਖ ਤੋਂ ਸਗੋਂ ਆਰਥਿਕ ਤੇ ਸਾਸਕ੍ਰਿਤਕ ਪੱਖ ਤੋਂ ਵੀ ਹਰ ਦਿਸ਼ਾ ਵਿਚ ਸੁਤੰਤਰਤਾ ਸੰਗਰਾਮ ਦਾ ਪਰੋਖ ਜਾਂ ਅਪਰੋਖ ਪ੍ਰਭਾਵ ਨਜ਼ਰ ਆਉਂਦਾ ਸੀ। ਇਸ ਵਿਆਪਕ ਅੰਦੋਲਨ ਦੇ ਅਨੇਕਾਂ ਪਾਸਾਰ ਸਨ, ਜਿਸ ਵਿਚ ਰਾਸ਼ਟਰ ਪੱਧਰ ਉਤੇ ਕਾਂਗਰਸ ਦੇ ਸੰਗਠਨ ਤੋਂ ਬਿਨਾਂ ਅਨੇਕਾਂ ਹੀ ਹੋਰ ਸੰਗਠਨ ਤੇ ਅੰਦੋਲਨ ਸੁਤੰਤਰਤਾ ਦੀ ਪ੍ਰਾਪਤੀ ਦੇ ਵਡੇਰੇ ਉਦੇਸ਼ ਦੀ ਪੂਰਤੀ ਲਈ ਆਪਣਾ ਯੋਗਦਾਨ ਪਾ ਰਹੇ ਸਨ। ਖੁਦ ਕਾਂਗਰਸ ਇਕ ਅਜਿਹਾ ਸੰਗਠਨ ਸੀ ਜਿਸ ਵਿਚ ਵੱਖ ਵੱਖ ਵਿਚਾਰਾਂ ਵਾਲੇ, ਇਥੋਂ ਤਕ ਕਿ ਅਸਲੋਂ ਹੀ ਵਿਰੋਧੀ ਵਿਚਾਰਾਂ ਵਾਲੇ, ਵੱਖ ਵੱਖ ਖੇਤਰਾਂ ਤੇ ਧਾਰਮਿਕ ਵਿਸ਼ਵਾਸਾਂ ਵਾਲੇ ਲੋਕ ਸ਼ਾਮਲ ਸਨ, ਜੋ ਕਈ ਹਾਲਤਾਂ ਵਿਚ ਇਕ ਦੂਜੇ ਨਾਲ ਟਕਰਾਉਂਦੇ ਵੀ ਰਹਿੰਦੇ ਸਨ। ਪਰ ਜੋ ਸੁਤੰਤਰਤਾ ਦੀ ਪ੍ਰਾਪਤੀ ਦੇ ਵਡੇਰੇ ਉਦੇਸ਼ ਲਈ ਸਭ ਪ੍ਰਕਾਰ ਦੇ ਵਖਰੇਵਿਆਂ ਤੋਂ ਉਪਰ ਉਠਕੇ ਇਕ ਹੋ ਜਾਂਦੇ ਸਨ। ਗਰਮ, ਨਰਮ ਤੇ ਕੁਝ ਵਿਚ-ਵਿਚਾਲੇ ਦੇ ਸੁਭਾਅ ਵਾਲੇ ਅਨੇਕਾਂ ਸੰਗਠਨ ਆਪਣੀ ਨਿਵੇਕਲੀ ਹੋਂਦ ਨੂੰ ਕਾਇਮ ਰੱਖਦਿਆਂ ਹੋਇਆਂ, ਜਾਂ ਕਾਂਗਰਸ ਦੇ ਵਿਚ ਸਮਾਕੇ ਵੀ, ਸੁਤੰਤਰਤਾ ਦੀ ਪ੍ਰਾਪਤੀ ਦੇ ਉਦੇਸ਼ ਹਿਤ ਆਪੋ ਆਪਣੇ ਖੇਤਰ ਵਿਚ ਜੂਝ ਰਹੇ ਸਨ। ਦੇਸ਼ ਦੇ ਬਾਕੀ ਹਿੱਸਿਆਂ ਵਿਚ ਵੀ ਸੁਤੰਤਰਤਾ ਦੇ ਉਦੇਸ਼ ਨੂੰ ਪਰਨਾਏ ਅਜਿਹੇ ਸੰਗਠਨ ਤੇ ਅੰਦੋਲਨ ਕਾਫੀ ਗਿਣਤੀ ਵਿਚ ਸਨ। ਪਰ ਜਿਥੋਂ ਤਕ ਪੰਜਾਬ ਦਾ ਸੰਬੰਧ ਹੈ ਨਾਮਧਾਰੀ ਲਹਿਰ, ਗਦਰ ਲਹਿਰ, ਅਕਾਲੀ ਲਹਿਰ, ਬੱਬਰ ਅਕਾਲੀ ਲਹਿਰ, ਨੌਜਵਾਨ ਭਾਰਤ ਸਭਾ, ਕਿਰਤੀ ਕਿਸਾਨ ਲਹਿਰ ਆਦਿ ਕਈ ਪ੍ਰਮੁੱਖ ਰਾਜਸੀ ਅੰਦੋਲਨ ਗਿਣਾਏ ਜਾ ਸਕਦੇ ਹਨ, ਜਿਨ੍ਹਾਂ ਨੇ ਸੁਤੰਤਰਤਾ ਦੀ ਪ੍ਰਾਪਤੀ ਨੂੰ ਜਾਂ ਤਾਂ ਸਿੱਧੇ ਤੌਰ 'ਤੇ ਆਪਣਾ ਨਿਸ਼ਾਨਾ ਮਿਥਿਆ ਤੇ ਜਾਂ ਵਿਵਿਹਾਰਕ ਰੂਪ ਵਿਚ ਇਸ ਨਿਸ਼ਾਨੇ ਦੀ ਪੂਰਤੀ ਲਈ ਸਰਗਰਮੀ ਨਾਲ ਕੰਮ ਕੀਤਾ। ਇਨ੍ਹਾਂ ਰਾਜਸੀ ਅੰਦੋਲਨਾਂ ਤੋਂ ਬਿਨਾਂ ਆਰੀਆ ਸਮਾਜ ਤੇ ਸਿੰਘ ਸਭਾ ਲਹਿਰ ਵਰਗੇ ਧਾਰਮਿਕ-ਸੁਧਾਰਕ ਅੰਦੋਲਨਾਂ ਨੇ ਵੀ ਸੁਤੰਤਰਤਾ ਸੰਗਰਾਮ ਲਈ ਇਕ ਹੱਦ ਤਕ ਰਾਹ ਪੱਧਰਾ ਕੀਤਾ ਅਤੇ ਦੇਸ਼ ਦੀ ਆਜ਼ਾਦੀ ਨੂੰ ਨੇੜੇ ਲਿਆਉਣ ਵਿਚ ਆਪਣਾ ਯੋਗਦਾਨ ਦਿੱਤਾ।

ਅਜਿਹੇ ਵਿਆਪਕ ਅੰਦੋਲਨ ਦਾ, ਜਿਸਨੇ ਜੀਵਨ ਦੇ ਸਭਨਾਂ ਖੇਤਰਾਂ ਉਤੇ ਆਪਣਾ



ਪ੍ਰਭਾਵ ਛੱਡਿਆ ਹੋਵੇ, ਸਾਹਿਤਕ ਗਤੀ-ਵਿਧੀਆਂ ਉਤੇ ਪ੍ਰਭਾਵ ਪੈਣਾ ਵੀ ਬੜਾ ਕੁਦਰਤੀ ਹੈ। ਗੁਮਨਾਮ ਰਚਣਹਾਰਿਆਂ ਵੱਲੋਂ ਵੱਡੀ ਗਿਣਤੀ ਵਿਚ ਰਚੇ ਗਏ ਲੋਕ-ਗੀਤਾਂ, ਦੋਹੜਿਆਂ ਤੇ ਟੱਟਕਿਆਂ ਵਿਚ ਦੇਸ਼ ਦੀ ਆਜ਼ਾਦੀ ਦਾ ਅਤੇ ਆਜ਼ਾਦੀ ਦੇ ਸੰਗਰਾਮ ਵਿਚ ਜੂਝਣ ਵਾਲੇ ਨਾਇਕਾਂ ਦਾ ਪ੍ਰਸ਼ੰਸਾਮਈ ਜ਼ਿਕਰ ਮਿਲਦਾ ਹੈ। ਲੋਕ ਸਾਹਿਤ ਦਾ ਇਹ ਗੌਰਵਮਈ ਵਿਰਸਾ ਇਸ ਤੱਥ ਨੂੰ ਪੁਸ਼ਟ ਕਰਦਾ ਹੈ ਕਿ ਅੰਗਰੇਜ਼ ਦੀ ਗੁਲਾਮੀ ਤੋਂ ਦੇਸ਼ ਨੂੰ ਸੁਤੰਤਰ ਕਰਾਉਣ ਦਾ ਵਿਚਾਰ ਬਹੁਤ ਵਿਆਪਕ ਪੱਧਰ ਉਤੇ ਫੈਲਿਆ ਹੋਇਆ ਸੀ। ਇਸ ਪਿਛੋਕੜ ਵਿਚ ਪੰਜਾਬੀ ਦੀ ਮੌਲਿਕ ਸਾਹਿਤ-ਰਚਨਾ ਵਿਚ ਇਸ ਅੰਦੋਲਨ ਦੀ ਕਨਸੋ ਆਉਣੀ ਸੁਭਾਵਕ ਹੈ। ਵੀਹਵੀਂ ਸਦੀ ਦੇ ਪਹਿਲੇ ਅੱਧ ਵਿਚ ਹੋਈ ਸਮੁੱਚੀ ਸਾਹਿਤਕ ਰਚਨਾ ਦੀ ਵੱਥ ਸੁਤੰਤਰਤਾ ਸੰਗਰਾਮ ਨਾਲ ਸੰਬੰਧਿਤ ਹੋਵੇ ਅਜਿਹੀ ਗੱਲ ਤਾਂ ਨਹੀਂ, ਪਰ ਇਹ ਇਕ ਤੱਥ ਹੈ ਕਿ ਸਾਹਿਤਕ ਰਚਨਾ ਦੀ ਸਮੁੱਚਤਾ ਵਿਚ ਸੁਤੰਤਰਤਾ ਸੰਗਰਾਮ ਦੇ ਸਰੋਕਾਰਾਂ ਦੀ ਟੋਹ ਅਵੱਸ਼ ਮਿਲਦੀ ਹੈ।

'ਸੁਤੰਤਰਤਾ ਸੰਗਰਾਮ ਤੇ ਪੰਜਾਬੀ ਲੇਖਕ' ਦੇ ਵਿਸ਼ੇ ਉਤੇ ਚਰਚਾ ਦੇ ਪ੍ਰਸੰਗ ਵਿਚ ਸ਼ੁਰੂ ਵਿਚ ਹੀ ਇਕ ਮਹੱਤਵਪੂਰਨ ਨਿਖੇੜਾ ਕਰਨਾ ਯੋਗ ਹੈ। ਕੁਝ ਲੇਖਕ ਉਹ ਹਨ ਜੋ ਸੁਤੰਤਰਤਾ ਸੰਗਰਾਮੀ ਹੋਣ ਦੇ ਨਾਲ ਨਾਲ ਲੇਖਕ ਵੀ ਹਨ ਜਾਂ ਜੋ ਆਪਣੀ ਸਾਹਿਤਕ ਰਚਨਾ ਨੂੰ ਸੁਤੰਤਰਤਾ ਸੰਗਰਾਮ ਲਈ ਸਰਗਰਮੀ ਦੇ ਇਕ ਅੰਗ ਵਜੋਂ ਹੀ ਵਖਦੇ ਹਨ। ਦੂਜੇ ਉਹ ਲੇਖਕ ਹਨ ਜੋ ਮੂਲ ਤੌਰ 'ਤੇ ਸਾਹਿਤਕਾਰੀ ਦੇ ਆਪਣੇ ਕਰਤੱਵ ਨੂੰ ਨਿਭਾਉਂਦੇ ਹੋਏ, ਜਨ-ਸਮੂਹ ਦੇ ਬਾਕੀ ਅੰਸ਼ਾਂ ਵਾਂਗ, ਸੁਤੰਤਰਤਾ ਸੰਗਰਾਮ ਤੋਂ ਪ੍ਰਭਾਵਤ ਹੋ ਕੇ, ਉਸ ਦੇ ਉਦੇਸ਼ ਨੂੰ ਹਮਦਰਦੀ ਦੀ ਭਾਵਨਾ ਨਾਲ ਆਪਣੀ ਰਚਨਾ ਵਿਚ ਸਮੋਂਦੇ ਹਨ, ਜਾਂ ਘੱਟੋ ਘੱਟ ਪ੍ਰਾਪਤ ਜੀਵਨ ਦੇ ਯਥਾਰਥ ਦੇ ਪ੍ਰਗਟਾ ਦੇ ਪੱਖ ਤੋਂ ਜਿਨ੍ਹਾਂ ਦੀ ਰਚਨਾ ਵਿਚ ਇਸ ਸੰਗਰਾਮ ਜਾਂ ਇਸਦੇ ਕਿਸੇ ਪਹਿਲੂ ਦਾ ਉਲੇਖ ਮਿਲਦਾ ਹੈ। ਪਹਿਲੀ ਪ੍ਰਕਾਰ ਦੇ ਲੇਖਕ ਯਾਨੀ ਉਹ ਲੇਖਕ ਜੋ ਲੇਖਕ ਹੋਣ ਤੋਂ ਪਹਿਲਾਂ ਸੁਤੰਤਰਤਾ ਸੰਗਰਾਮੀ ਹਨ, ਸ਼ਿਲਪ ਜਾਂ ਕਲਾਤਮਕਤਾ ਦੀ ਥਾਂ ਰਚਨਾ ਦੀ ਵਸਤ ਉਤੇ, ਇਸ ਵਿਚਲੇ ਸੰਦੇਸ਼ ਉਤੇ, ਬਲ ਦਿੰਦੇ ਹਨ। ਜਦ ਕਿ ਨਿਰੋਲ ਸਾਹਿਤਕਾਰਾਂ ਦੀ ਕੋਟੀ ਵਿਚ ਆਉਣ ਵਾਲੇ ਤੇ ਸੁਤੰਤਰਤਾ ਸੰਗਰਾਮ ਨੂੰ ਸਮਕਾਲੀ ਜੀਵਨ ਦੇ ਸੱਚ ਵਜੋਂ ਗ੍ਰਹਿਣ ਕਰਨ ਤੇ ਇਸਨੂੰ ਆਪਣੀ ਰਚਨਾ ਵਿਚ ਸਮੋਣ ਵਾਲੇ ਕਲਾਤਮਕਤਾ ਨੂੰ ਵਧੇਰੇ ਮਹੱਤਵ ਦਿੰਦੇ ਹਨ। ਅੱਜ ਦੇ ਕਈ ਸਾਹਿਤ-ਪਾਰਖੂ ਪਹਿਲੀ ਪ੍ਰਕਾਰ ਦੇ ਲੇਖਕਾਂ ਦੀਆਂ ਕਿਰਤਾਂ ਨੂੰ ਸਾਹਿਤ ਦੇ ਘੇਰੇ ਤੋਂ ਬਾਹਰ ਰੱਖਕੇ ਦੂਜੀ ਪ੍ਰਕਾਰ ਦੇ ਲੇਖਕਾਂ ਦੀ ਰਚਨਾ ਉਤੇ ਹੀ ਆਪਣਾ ਧਿਆਨ ਕੇਂਦਰਤ ਕਰਨਾ ਉਚਿਤ ਸਮਝਣਗੇ। ਪਰ 'ਗਦਰ ਗੂੰਜਾਂ' ਦਾ ਅਤੇ 'ਕਿਰਤੀ' ਰਿਸਾਲੇ ਵਿਚ ਪ੍ਰਕਾਸ਼ਿਤ ਰਚਨਾਵਾਂ ਦਾ ਅਧਿਐਨ ਦਰਸਾਉਂਦਾ ਹੈ ਕਿ ਪਹਿਲੀ ਕੋਟੀ ਵਿਚ ਆਉਣ ਵਾਲੇ ਲੇਖਕਾਂ ਦੀਆਂ ਲਿਖਤਾਂ ਵੀ ਕਲਾਤਮਕ ਪੱਖ ਤੋਂ ਕੋਈ ਏਨੀਆਂ ਊਣੀਆਂ ਨਹੀਂ ਕਿ ਇਨ੍ਹਾਂ ਨੂੰ ਅਣਗੌਲਿਆਂ ਕੀਤਾ ਜਾਵੇ ਜਾਂ ਐਵੇਂ ਹੀ ਸੁੱਟ ਪਾਇਆ ਜਾਵੇ।

ਜੇ 'ਹਿੰਦੁਸਤਾਨ ਗਦਰ ਪਾਰਟੀ' ਇਕ ਅਜਿਹਾ ਅੰਦੋਲਨ ਸੀ ਜਿਸਨੇ ਪਹਿਲੀ ਵਾਰ ਦੇਸ਼ ਦੀ ਰਾਜਸੀ ਸੁਤੰਤਰਤਾ ਨੂੰ ਆਪਣੇ ਏਜੰਡੇ ਉਤੇ ਲਿਆਂਦਾ ਤਾਂ ਇਸ ਵੱਲੋਂ

ਪ੍ਰਕਾਸ਼ਤ 'ਗਦਰ' ਅਖ਼ਬਾਰ ਪਹਿਲਾ ਪੱਤਰ ਹੈ ਜਿਸਦੇ ਪੰਨਿਆਂ ਵਿਚ ਪਹਿਲੀ ਵਾਰ ਰਾਸ਼ਟਰਵਾਦੀ ਭਾਵਨਾਵਾਂ ਨਾਲ ਓਤ-ਪੋਤ ਕਾਵਿ-ਰਚਨਾਵਾਂ ਵੇਖਣ ਨੂੰ ਮਿਲਦੀਆਂ ਹਨ। 'ਗਦਰ' ਅਖ਼ਬਾਰ ਵਿਚ ਛਪੀਆਂ, ਰਵਾਇਤੀ ਛੰਦਾਬੰਦੀ ਵਿਚ ਲਿਖੀਆਂ, ਕਾਵਿ-ਕਿਰਤੀਆਂ, ਜੋ ਮਗਰੋਂ 'ਗਦਰ ਗੂੰਜ' ਦੀ ਲੜੀ ਵਿਚ ਪ੍ਰਕਾਸ਼ਤ ਹੁੰਦੀਆਂ ਰਹੀਆਂ, ਅੱਜ ਵੀ ਪਾਠਕਾਂ ਨੂੰ ਜੋਸ਼ ਦੁਆਉਣ ਤੇ ਦੇਸ਼ ਲਈ ਕੁਰਬਾਨੀ ਦੀ ਭਾਵਨਾ ਉਭਾਰਨ ਦੀ ਸਮਰੱਥਾ ਰੱਖਦੀਆਂ ਹਨ। ਬੈਂਤ, ਕੋਰੜੇ, ਡਿਉਢ ਛੰਦ ਵਿਚ ਲਿਖੀਆਂ ਹੋਈਆਂ 'ਗਦਰ ਗੂੰਜਾਂ' ਵਿਚ ਛਪੀਆਂ ਜ਼ਰਾ ਇਹਨਾਂ ਪੰਕਤੀਆਂ ਨੂੰ ਵੇਖੋ :

ਸਾਰੀ ਖ਼ਲਕ ਖ਼ੁਦਾਇ ਬੇਦਾਰ ਬੈਠੀ, ਸੁੱਤਾ ਜਾਗਦਾ ਤੂੰ ਹਿੰਦੁਸਤਾਨ ਕਿਉਂ ਨਹੀਂ।
ਪਾਟੇ ਕਪੜੇ ਜਿਸਮ ਕਮਜ਼ੋਰ ਹੋਇਆ, ਜੁੱਸੇ ਜੋਸ਼ ਤੇ ਜਿਗਰ ਦਾ ਤਾਨ ਕਿਉਂ ਨਹੀਂ।
ਕਾਲਾ ਚੋਰ ਆਖੇ ਸਾਰਾ ਜੱਗ ਤੈਨੂੰ, ਸੁੱਖੀ ਵਸਦੀ ਤੇਰੀ ਸੰਤਾਨ ਕਿਉਂ ਨਹੀਂ।
ਨਾ ਉਹ ਰੰਗ ਤੇਰਾ ਨਾ ਉਹ ਰੂਪ ਤੇਰਾ, ਨਾ ਉਹ ਸ਼ਾਨ ਤੇ ਨਾਲੇ ਗੁਮਾਨ ਕਿਉਂ ਨਹੀਂ।

ਸਾਰਾ ਜੱਗ ਨਿਹਾਲ ਖ਼ੁਸ਼ਹਾਲ ਬੈਠਾ ਗਸ਼ੀ ਤੁੱਧ ਨੂੰ ਕਿਉਂ ਹਿੰਦੁਸਤਾਨ ਚੜ੍ਹ ਗਈ।
ਹਰ ਇਕ ਫਿਰੇ ਦਿਲਬਾਗ ਆਜ਼ਾਦ ਹੋਕੇ, ਫੰਦੇ ਜ਼ਾਲਮਾਂ ਤੇਰੀ ਸੰਤਾਨ ਚੜ੍ਹ ਗਈ।
ਦੁੱਖਾਂ ਚਾਰ ਚੁਫੇਰਿਉਂ ਘੇਰ ਲੀਤੇ, ਵੀਰੋ ਵਿਚ ਕੁੜਿੱਕੀ ਦੇ ਜਾਨ ਚੜ੍ਹ ਗਈ।
ਰੱਤੀ ਰੱਤ ਨਾ ਰਹੀ ਸਰੀਰ ਅੰਦਰ, ਐਸੀ ਵਿਚ ਸ਼ਿਕੰਜੇ ਦੇ ਜਾਨ ਚੜ੍ਹ ਗਈ।

ਕੱਲੇ ਕੱਲੇ ਮਾਰਿਆਂ ਨਾ ਵੈਰੀ ਮੁੱਕਣੇ, ਤਿਪਕਿਆਂ ਨਾਲ ਨਹੀਂ ਬੰਨ੍ਹ ਟੁੱਟਣੇ,
ਪੈਦਲਾਂ ਤੋਂ ਜਿੱਤੀ ਜਾਣੀ ਘੋੜ-ਦੌੜ ਨਾ, ਕੱਲੀ ਕੱਲੀ ਬੱਦਲੀ ਹਟਾਵੇ ਔੜ ਨਾ।
ਜਥੇਬੰਦ ਵੈਰੀ ਹੋ ਅਤੁੱਟ ਮਾਰਨਾ, ਇਕ ਬਾਰ ਜੜ੍ਹੋਂ ਰੋਗ ਪੁੱਟ ਮਾਰਨਾ,
ਜਥੇਬੰਦੀ ਆਪਾਂ ਪਹਿਲਾਂ ਕੱਠੀ ਕਰ ਲਓ, ਬੱਦਲਾਂ ਦੀ ਕਾਲੀ ਘਟਾ ਕੱਠੀ ਕਰ ਲਓ।

ਪੂਰੀ ਆਜ਼ਾਦੀ ਤੋੜ ਨਿਸ਼ਾਨਾ ਥੱਲੇ ਕਿਸੇ ਨਹੀਂ ਰਹਿਣਾ।
ਇਹ ਲੈਣੀ ਹੈ ਖ਼ੂਨ ਡੋਹਲਕੇ, ਨਾਲ ਦੁਸ਼ਮਣਾਂ ਖਹਿਣਾ-ਸਭ ਕੁਝ ਸਹਿਣਾ।
ਕਿਰਤੀ ਆਜ਼ਾਦੀ ਭਾਵ ਏਸਦਾ, ਸਮਝ ਹੋਰ ਨਾ ਲੈਣਾ, ਇਸਦਾ ਮਾਇਨਾ।
ਗਦਰ ਪਾਰਟੀ ਦਾ ਗੁਰਮੰਤਰ, ਘੋਲ ਜ਼ਰੂਰੀ ਲਹਿਣਾ, ਢਾਹੁਣਾ ਢਹਿਣਾ।

'ਗਦਰ ਗੂੰਜਾਂ' ਵਿਚ ਛਪੀਆਂ ਰਵਾਇਤੀ ਛੰਦਾਂ ਵਿਚ ਰਚੀਆਂ ਗਈਆਂ ਲੋਕ-ਮੁਹਾਵਰੇ ਦੇ ਨੇੜੇ ਦੀਆਂ ਇਹ ਕਵਿਤਾਵਾਂ ਅਜਿਹੇ ਗੁੰਮਨਾਮ ਕਵੀਆਂ ਦੀਆਂ ਰਚਨਾਵਾਂ ਹਨ, ਜਿਨ੍ਹਾਂ ਨੇ ਉਂਜ ਫਾਂਸੀਆਂ ਦੇ ਰੱਸੇ ਚੁੰਮਕੇ, ਜਾਂ ਕਾਲੇ ਪਾਣੀਆਂ ਦੀਆਂ ਕੈਦਾਂ ਭੁਗਤਕੇ ਭਾਰਤ ਦੇ ਸੁਤੰਤਰਤਾ ਅੰਦੋਲਨ ਵਿਚ ਬਹੁਤ ਵੱਡਾ ਨਾਉਂ ਬਣਾਇਆ ਹੈ। ਪਰ ਕਾਵਿ-ਰਚਨਾਵਾਂ ਵਿਚ ਉਹਨਾਂ ਨੇ ਕਿਸੇ ਉਪਨਾਮ ਦੀ ਵਰਤੋਂ ਕਰਕੇ ਆਪਣੇ ਨਾਉਂ ਨੂੰ ਗੁੰਮਨਾਮ ਰੱਖਣਾ ਹੀ ਉਚਿਤ ਸਮਝਿਆ ਹੈ। ਕਰਤਾਰ ਸਿੰਘ ਸਰਾਭਾ, ਹਰਨਾਮ ਸਿੰਘ ਟੁੰਡੀਲਾਟ, ਗਿਆਨੀ ਭਗਵਾਨ ਸਿੰਘ ਵਰਗੇ ਜਾਣੇ-ਪਛਾਣੇ ਦੇਸ਼ ਭਗਤਾਂ ਬਾਰੇ ਜਦੋਂ ਇਹ ਪਤਾ ਲੱਗਦਾ ਹੈ ਕਿ ਵਾਸਤਵ ਵਿਚ ਦੇਸ਼ ਸੇਵਕ, ਇਕਬਾਲ, ਯਕਦਮ, ਵਰਗੇ ਗੁਪਤ ਨਾਵਾਂ ਹੇਠ ਛਪੀਆਂ ਕਵਿਤਾਵਾਂ ਦੇ ਰਚਣਹਾਰੇ ਇਹਨਾਂ ਵਿਚੋਂ ਹੀ ਹਨ ਤਾਂ ਇਹਨਾਂ ਰਚਨਾਵਾਂ ਵਿਚਲੀ ਕਹੀ



ਗਈ ਗੱਲ ਦੀ ਸੁਚੱਤਾ ਹੋਰ ਵੀ ਉਘੜ ਆਉਂਦੀ ਹੈ।

ਪਹਿਲੀ ਸੰਸਾਰ ਜੰਗ ਸਮੇਂ 'ਗਦਰ' ਦੇ ਪਰਚਿਆਂ ਵਿਚ ਛਪਣ ਵਾਲੀਆਂ ਇਹਨਾਂ ਰਚਨਾਵਾਂ ਦਾ ਪ੍ਰਭਾਵ ਏਨਾ ਵਧੇਰੇ ਸੀ ਕਿ ਭਾਰਤ ਦੀ ਅੰਗਰੇਜ਼ ਸਰਕਾਰ ਨੂੰ ਇਹ ਚਿੰਤਾ ਲੱਗੀ ਹੋਈ ਸੀ ਕਿ ਇਹਨਾਂ ਦਾ ਪ੍ਰਭਾਵ ਦੂਰ ਕਰਨ ਲਈ ਹੋਰ ਮੁਤਬਾਦਲ ਪੜ੍ਹਨ-ਸਮੱਗਰੀ ਕਿਹੋ ਜਿਹੀ ਹੋਵੇ ਤੇ ਕਿਵੇਂ ਮੁਹੱਈਆ ਕੀਤੀ ਜਾਵੇ। 'ਗਦਰ' ਅਖ਼ਬਾਰ ਸੰਸਾਰ ਦੇ ਉਹਨਾਂ ਸਭਨਾਂ ਦੇਸ਼ਾਂ ਵਿਚ ਪੁੱਜਦਾ ਸੀ ਜਿਥੇ ਜਿਥੇ ਵੀ ਭਾਰਤੀ ਵਸੇ ਹੋਏ ਸਨ। ਇਸਦੇ ਪ੍ਰਭਾਵ ਨੂੰ ਖ਼ਤਮ ਕਰਨ ਲਈ ਜਾਂ ਘਟਾਉਣ ਲਈ ਅੰਗਰੇਜ਼ ਸਰਕਾਰ ਨੇ ਅਨੇਕਾਂ ਢੰਗ ਵਰਤੇ ਪਰ 'ਗਦਰ' ਅਖ਼ਬਾਰ ਤੇ 'ਗਦਰ ਗੂੰਜਾਂ' ਦੇ ਪ੍ਰਭਾਵ ਨੂੰ ਖ਼ਤਮ ਕਰਨ ਲਈ ਉਸਨੂੰ ਬਹੁਤੀ ਸਫਲਤਾ ਕਦੇ ਘੱਟ ਹੀ ਨਸੀਬ ਹੋਈ। ਭਾਰਤ ਦੀ ਅੰਗਰੇਜ਼ੀ ਸਰਕਾਰ ਦੇ ਗ੍ਰਹਿ ਵਿਭਾਗ ਦੀਆਂ ਫਾਈਲਾਂ, ਜੋ ਹੁਣ ਰਾਸ਼ਟਰੀ ਪੁਰਾਤੱਤਵ ਸੰਗ੍ਰਹਿਲਿਆ ਦਿੱਲੀ ਵਿਚ ਮੌਜੂਦ ਹਨ, ਇਹ ਦਰਸਾਉਂਦੀਆਂ ਹਨ ਕਿ 'ਗਦਰ' ਅਖ਼ਬਾਰ ਦਾ ਟਾਕਰਾ ਕਰਨ ਲਈ ਅੰਗਰੇਜ਼ ਸਰਕਾਰ ਨੇ 'ਮੌਜੀ' ਵਰਗੇ ਅਖ਼ਬਾਰ ਨੂੰ ਸਰਕਾਰੀ ਸਰਪ੍ਰਸਤੀ ਦੇਣ ਤੇ ਇਸ ਨੂੰ ਖਰੀਦਕੇ ਦੇਸ਼ ਤੇ ਵਿਦੇਸ਼ ਵਿਚ ਪ੍ਰਚਾਉਣ ਦੀ ਕੋਸ਼ਿਸ਼ ਕੀਤੀ ਸੀ, ਪਰ 'ਗਦਰ ਗੂੰਜਾਂ' ਵਿਚ ਪ੍ਰਗਟਾਏ ਆਜ਼ਾਦੀ ਦੇ ਵਲਵਲੇ ਨੂੰ ਠੱਲ ਪਾਉਣ ਵਿਚ ਉਸਨੂੰ ਫੇਰ ਵੀ ਸਫਲਤਾ ਨਾ ਮਿਲੀ। 'ਮੌਜੀ' ਅਖ਼ਬਾਰ ਦੀ ਸਰਕਾਰ ਵੱਲੋਂ ਵਰਤੋਂ ਕਰਨ ਦਾ ਅਰਥ ਇਹ ਵੀ ਨਹੀਂ ਕਿ ਇਹ ਅਖ਼ਬਾਰ ਕਿਸੇ ਤਰ੍ਹਾਂ ਸੁਤੰਤਰਤਾ ਸੰਗਰਾਮ ਦਾ ਵਿਰੋਧੀ ਸੀ। ਇਸ ਵਿਚ ਛਪਣ ਵਾਲੀ ਹਲਕੀ-ਫੁੱਲਕੀ ਸਮੱਗਰੀ ਤੋਂ ਸਰਕਾਰ ਨੂੰ ਸ਼ਾਇਦ ਇਹ ਭਰਮ ਸੀ ਕਿ 'ਗਦਰ' ਦੀ ਥਾਂ ਇਸ ਦੇ ਪਾਠਕ ਬਣਨ ਨਾਲ ਲੋਕਾਂ ਵਿਚ ਆਜ਼ਾਦੀ ਦੀ ਚੇਤਨਾ ਮੱਧਮ ਪੈ ਸਕਦੀ ਹੈ। 'ਮੌਜੀ' ਦੇ ਸੰਪਾਦਕ ਚਰਨ ਸਿੰਘ ਸ਼ਹੀਦ, ਤੇ ਇਉਂ ਹੀ ਭਾਈ ਵੀਰ ਸਿੰਘ, ਬਾਰੇ ਇਹ ਗੱਲ ਤਾਂ ਕਹੀ ਜਾ ਸਕਦੀ ਹੈ ਕਿ ਉਹ ਦੇਸ਼ ਦੇ ਸੁਤੰਤਰਤਾ ਸੰਗਰਾਮ ਪ੍ਰਤੀ ਉਦਾਸੀਨ ਸਨ, ਜਾਂ ਉਹ ਇਸ ਵਿਚ ਉਨੇ ਸਰਗਰਮ ਨਹੀਂ ਸਨ ਜਿੰਨੇ ਉਹ ਸਮਾਜਕ ਸੁਧਾਰ ਜਾਂ ਧਾਰਮਿਕ ਚੇਤਨਾ ਉਭਾਰਨ ਵਿਚ ਸਰਗਰਮ ਰਹੇ, ਪਰ ਉਹ ਸੁਤੰਤਰਤਾ ਸੰਗਰਾਮ ਦੇ ਵਿਰੋਧੀ ਬਿਲਕੁਲ ਨਹੀਂ ਸਨ। ਭਾਈ ਵੀਰ ਸਿੰਘ ਪ੍ਰਤੀ ਸ਼ਰਧਾ-ਭਾਵਨਾ ਵੱਸ ਕੁਝ ਸਾਹਿਤ-ਖੋਜੀਆਂ ਤੇ ਸਮੀਖਿਅਕਾਂ ਵੱਲੋਂ 'ਗੰਗਾ ਰਾਮ' ਵਰਗੀਆਂ ਕਵਿਤਾਵਾਂ ਦਾ ਹਵਾਲਾ ਦੇ ਕੇ ਇਹ ਸਿੱਧ ਕੀਤਾ ਜਾਣਾ ਕਿ ਭਾਈ ਵੀਰ ਸਿੰਘ ਆਪਣੀ ਛਾਇਆਵਾਦੀ ਸ਼ੈਲੀ ਵਿਚ ਇਸ ਤਰ੍ਹਾਂ ਦੀ ਰਚਨਾ ਰਾਹੀਂ ਦੇਸ਼ ਦੀ ਸੁਤੰਤਰਤਾ ਲਈ ਆਪਣੀ ਤੜਪ ਦਾ ਪ੍ਰਗਟਾ ਕਰਦੇ ਸਨ—ਭਾਵੇਂ ਬਹੁਤਾ ਤਰਕ-ਸੰਗਤ ਪ੍ਰਤੀਤ ਨਹੀਂ ਹੁੰਦਾ ਪਰ ਇਹ ਮੰਨਣ ਤੋਂ ਸੰਕੋਚ ਨਹੀਂ ਹੋ ਸਕਦਾ ਕਿ ਆਜ਼ਾਦੀ ਦੇ ਵਿਆਪਕ ਰਾਜਨੀਤਕ ਅੰਦੋਲਨ ਦਾ ਪ੍ਰਭਾਵ ਆਧੁਨਿਕ ਪੰਜਾਬੀ ਕਵਿਤਾ ਦੇ ਮੋਢੀ ਉਤੇ ਵੀ ਅਵੱਸ਼ ਸੀ। ਭਾਈ ਵੀਰ ਸਿੰਘ ਦੇ ਸੁਭਾਅ ਦੇ ਅਨੁਕੂਲ ਰਾਸ਼ਟਰਵਾਦ ਦੀ ਇਹ ਭਾਵਨਾ ਧਾਰਮਿਕ ਸੁਧਾਰ ਤੇ ਪੁਨਰ ਜਾਗ੍ਰਤੀ ਲਈ ਯਤਨਸ਼ੀਲ ਹੋਣ ਅਤੇ ਪੱਛਮੀ ਸਭਿਆਚਾਰ ਦੇ ਵਧਦੇ ਪ੍ਰਭਾਵ ਦੇ ਸਰਗਰਮ ਵਿਰੋਧ ਵਿਚ ਪ੍ਰਗਟ ਹੁੰਦੀ ਹੈ। ਨਾਵਲ 'ਸੁਭਾਗ ਜੀ ਦਾ ਸੁਧਾਰ' ਵਿਚ ਤੇ ਹੋਰ ਕਈ ਰਚਨਾਵਾਂ ਵਿਚ ਪੱਛਮੀ ਸੰਸਕ੍ਰਿਤੀ

ਅਤੇ ਈਸਾਈ ਮੱਤ ਦੇ ਵਿਰੋਧ ਨੂੰ ਭਾਈ ਸਾਹਿਬ ਦੀ ਸੰਪਰਦਾਇਕਤਾ ਵਜੋਂ ਨਹੀਂ ਸਗੋਂ ਰਾਸ਼ਟਰੀਅਤਾ ਦੀ ਦ੍ਰਿਸ਼ਟੀ ਤੋਂ ਵੇਖਿਆ ਜਾ ਸਕਦਾ ਹੈ। ਅੰਗਰੇਜ਼ ਸਰਕਾਰ ਨੂੰ ਇਸ ਬਾਰੇ ਤਾਂ ਕੋਈ ਬਹੁਤ ਵੱਡਾ ਭੁਲੇਖਾ ਨਹੀਂ ਸੀ ਕਿ ਭਾਈ ਵੀਰ ਸਿੰਘ ਆਪਣੇ ਸਮੇਂ ਵਿਚ ਤੇ ਆਪਣੇ ਦੁਆਲੇ ਭੱਖ ਰਹੇ ਸੁਤੰਤਰਤਾ ਸੰਗਰਾਮ ਤੋਂ ਲਗਪਗ ਉਦਾਸੀਨ ਹੀ ਸਨ, ਪਰ ਅੰਗਰੇਜ਼ ਸਰਕਾਰ ਨੂੰ ਇਹ ਚਿੰਤਾ ਅਵੱਸ਼ ਸੀ ਕਿ ਸਾਂਸਕ੍ਰਿਤਕ ਮੁਹਾਜ਼ ਉਤੇ ਭਾਈ ਵੀਰ ਸਿੰਘ ਦੀਆਂ ਗਤੀਵਿਧੀਆਂ ਅੰਤਿਮ ਰੂਪ ਵਿਚ ਸੁਤੰਤਰਤਾ ਸੰਗਰਾਮ ਨੂੰ ਬਲ ਪ੍ਰਦਾਨ ਕਰਦੀਆਂ ਸਨ। ਏਸੇ ਲਈ ਅੰਗਰੇਜ਼ ਸਰਕਾਰ ਦੇ ਗ੍ਰਹਿ ਵਿਭਾਗ ਦੀਆਂ ਫਾਈਲਾਂ ਵਿਚ ਖੁਫੀਆ ਪਲਸ ਵੱਲੋਂ ਭਾਈ ਵੀਰ ਸਿੰਘ ਉਤੇ ਨਿਗਾਹ ਰੱਖਣ ਅਤੇ ਉਸਦੇ ਪ੍ਰਭਾਵ-ਖੇਤਰ ਨੂੰ, ਜਿਥੋਂ ਤਕ ਸੰਭਵ ਹੋ ਸਕੇ, ਸੀਮਤ ਰੱਖਣ ਲਈ ਯਤਨ ਕਰਨ ਦਾ ਜ਼ਿਕਰ ਮਿਲਦਾ ਹੈ।

ਇਸ ਸਦੀ ਦੇ ਦੂਜੇ ਦਹਾਕੇ ਵਿਚ 'ਗਦਰ ਗੂੰਜਾਂ' ਨੇ ਜੋ ਕੌਮੀ ਮੁਕਤੀ ਦੇ ਉਦੇਸ਼ ਨੂੰ ਸਮਰਪਿਤ ਰਾਸ਼ਟਰਵਦੀ ਕਵਿਤਾ ਦਾ ਸ੍ਰੀ ਗਣੇਸ਼ ਕੀਤਾ ਸੀ ਤਾਂ ਭਾਈ ਸੰਤੋਖ ਸਿੰਘ ਦੇ ਯਤਨਾਂ ਨਾਲ ਆਰੰਭ ਹੋਏ ਕਿਰਤੀ' ਅਖਬਾਰ ਨੇ ਇਸ ਕਵਿਤਾ ਦੀ ਪਰੰਪਰਾ ਨੂੰ ਅਗਾਂਹ ਤੋਰਨ ਵਿਚ ਬਹੁਤ ਵੱਡਾ ਯੋਗਦਾਨ ਦਿੱਤਾ। ਮੂਲ ਰੂਪ ਵਿਚ ਰਾਜਨੀਤਕ ਚਰਿੱਤਰ ਵਾਲਾ ਮਾਸਕ 'ਕਿਰਤੀ' ਇਕ ਅਜਿਹਾ ਰਿਸਾਲਾ ਹੈ ਜਿਸਦੇ ਸਾਹਿਤਕ ਮਹੱਤਵ ਨੂੰ ਪਛਾਨਣ ਲਈ ਵਧੇਰੇ ਖੋਜ ਤੇ ਮਿਹਨਤ ਦਰਕਾਰ ਹੈ। ਇਸ ਪਰਚੇ ਵਿਚ ਛਪਣ ਵਾਲੀ ਸਮੱਗਰੀ ਨੇ ਭਵਿੱਖ ਵਿਚ ਪੰਜਾਬੀ ਸਾਹਿਤ ਦੇ ਪ੍ਰਗਤਿਵਾਦੀ ਮੁਹਾਣ ਨੂੰ ਨਿਰਧਾਰਿਤ ਕਰਨ ਵਿਚ ਅਹਿਮ ਭੂਮਿਕਾ ਨਿਭਾਈ ਹੈ। ਗਦਰ ਪਾਰਟੀ ਦੇ ਰਹਿ ਚੁੱਕੇ ਸਕੱਤਰ ਅਤੇ ਇਸਦੇ ਇਕ ਮੁਖੀ ਆਗੂ ਭਾਈ ਸੰਤੋਖ ਸਿੰਘ ਨੇ ਸਮਾਜਵਾਦੀ ਵਿਚਾਰਾਂ ਦੇ ਪ੍ਰਸਾਰ ਲਈ ਅਤੇ ਰਾਸ਼ਟਰੀ ਮੁਕਤੀ ਅੰਦੋਲਨ ਵਿਚ ਸਮਾਜਵਾਦੀ ਧਿਰ ਨੂੰ ਮਜ਼ਬੂਤ ਕਰਨ ਅਤੇ ਸੇਧ ਦੇਣ ਦੇ ਇਰਾਦੇ ਨਾਲ 1926 ਵਿਚ ਮਾਸਕ 'ਕਿਰਤੀ' ਜਾਰੀ ਕੀਤਾ ਸੀ। ਪਤਾ ਨਹੀਂ ਇਹ ਭਾਈ ਸੰਤੋਖ ਸਿੰਘ ਦੀ ਸ਼ਖਸੀਅਤ ਦਾ ਕ੍ਰਿਸ਼ਮਾ ਸੀ ਜਾਂ ਹਾਲਾਤ ਹੀ ਏਨੇ ਸਾਜ਼ਗਾਰ ਸਨ ਕਿ ਉਹ ਹਰ ਤਰ੍ਹਾਂ ਦੇ ਰਾਸ਼ਟਰਵਾਦੀ ਨੂੰ 'ਕਿਰਤੀ' ਰਿਸਾਲੇ ਅਤੇ ਕਿਰਤੀ ਸੰਗਠਨ ਦੇ ਲਾਗੇ ਲਿਆਉਣ ਵਿਚ ਸਫਲ ਰਹੇ। ਇਸ ਤਰ੍ਹਾਂ ਜਿਥੇ ਸੁਤੰਤਰਤਾ ਸੰਗਰਾਮ ਵਿਚ ਜੂਝਦੇ ਵੱਖ ਵੱਖ ਧੜੇ 'ਕਿਰਤੀ' ਨਾਲ ਜੁੜੇ, ਉਥੇ ਉਸ ਸਮੇਂ ਦੇ ਪ੍ਰਮੁਖ ਲੋਕ-ਪ੍ਰਿਯ ਕਵੀ ਵੀ 'ਕਿਰਤੀ' ਵਿਚ ਛਪਣ ਲੱਗ ਸਨ ਅਤੇ ਸੁਤੰਤਰਤਾ ਸੰਗਰਾਮ ਤੇ ਆਰਥਿਕ ਸਮਾਨਤਾ ਦੀ ਵੱਥ ਵਾਲੀਆਂ ਕਵਿਤਾਵਾਂ ਦੀ ਰਚਨਾ ਕਰਨ ਲੱਗੇ ਸਨ। 'ਕਿਰਤੀ' ਵਿਚ ਜੇ ਇਕ ਬੰਨੇ ਮਾਸਟਰ ਤਾਰਾ ਸਿੰਘ ਦੇ ਲੇਖ ਛਪਦੇ ਸਨ ਤਾਂ ਦੂਜੇ ਬੰਨੇ, ਬਾਅਦ ਵਿਚ ਸ਼ਹੀਦੇ ਆਜ਼ਮ ਵਜੋਂ ਜਾਣਿਆ ਜਾਣ ਵਾਲਾ ਨੌਜਵਾਨ, ਭਗਤ ਸਿੰਘ ਵੀ ਕਿਸੇ ਉਪਨਾਮ ਹੇਠ ਲੇਖ ਲਿਖਦਾ ਸੀ। ਇਹਨਾਂ ਆਗੂਆਂ ਦੀ ਰਾਜਨੀਤਕ ਆਰਥਿਕ ਨੌਈਅਤ ਦੀ ਵਾਰਤਕ - ਰਚਨਾ ਦੇ ਨਾਲ ਹੀ 'ਕਿਰਤੀ' ਵਿਚ ਗਿਆਨੀ ਗੁਰਮੁਖ ਸਿੰਘ ਮੁਸਾਫਰ, ਵਿਧਾਤਾ ਸਿੰਘ ਤੀਰ ਅਤੇ ਫੀਰੋਜ਼ਦੀਨ ਸ਼ਰਫ ਵਰਗੇ ਆਪਣੇ ਸਮੇਂ ਦੇ ਪ੍ਰਸਿੱਧ ਸਟੇਜੀ ਕਵੀਆਂ ਦੀਆਂ ਦੇਸ਼-ਭਗਤੀ ਦੇ ਜਜ਼ਬੇ ਨਾਲ ਸਰਸ਼ਾਰ ਕਵਿਤਾਵਾਂ



ਵੀ ਵੇਖਣ ਨੂੰ ਮਿਲਦੀਆਂ ਹਨ। ਭਾਈ ਸੰਤੋਖ ਸਿੰਘ ਨੇ ਜੋ 'ਕਿਰਤੀ' ਸ਼ੁਰੂ ਕੀਤਾ ਸੀ ਤਾਂ
ਇਸਨੂੰ ਭਰਪੂਰਤਾ ਦੁਆਈ ਸੋਹਣ ਸਿੰਘ ਜੋਸ਼ ਤੇ ਅਰਜਨ ਸਿੰਘ ਗੜਗੱਜ ਵਰਗੀਆਂ
ਸ਼ਖਸੀਅਤਾਂ ਨੇ, ਜਿਹਨਾਂ ਨੇ ਸਮੇਂ ਸਮੇਂ ਇਸ ਪਰਚੇ ਦੀ ਸੰਪਾਦਨਾ ਤੇ ਪ੍ਰਬੰਧ ਦਾ ਕੰਮ
ਸੰਭਾਲਿਆ। ਸਾਹਿਤਕ ਚੇਟਕ ਵਾਲੇ ਇਹਨਾਂ ਦੋਨਾਂ ਦੇਸ਼-ਭਗਤਾਂ ਦੇ 'ਕਿਰਤੀ' ਨਾਲ
ਜੁੜਨ ਕਰਕੇ ਇਹ ਪਰਚਾ ਰਾਜਨੀਤੀ ਦੇ ਨਾਲ ਨਾਲ ਸਾਹਿਤਕ ਪੱਖ ਤੋਂ ਵੀ ਕਾਫੀ
ਮੁੱਲਵਾਨ ਬਣਦਾ ਗਿਆ ਅਤੇ ਇਸ ਵਿਚ ਛਪਣ ਵਾਲੀ, ਸੁਤੰਤਰਤਾ ਸੰਗਰਾਮ ਨਾਲ
ਸੰਬੰਧਤ ਸਿਰਜਣਾਤਮਕ ਸਮੱਗਰੀ ਵਿਚ ਵੀ ਨਿਖਾਰ ਆਉਂਦਾ ਗਿਆ।

'ਕਿਰਤੀ' ਵੱਲੋਂ ਪਾਈ ਪਿਰਤ ਨੂੰ ਹੀ ਗਿਆਨੀ ਹੀਰਾ ਸਿੰਘ ਦਰਦ ਦੁਆਰਾ
ਸੰਪਾਦਿਤ 'ਫੁਲਵਾੜੀ' ਅਤੇ ਮੁਣਸ਼ਾ ਸਿੰਘ ਦੁਖੀ ਦੁਆਰਾ ਸੰਪਾਦਿਤ ਤੇ ਕਵੀ ਕੁਟੀਆ
ਕਲੱਕਤਾ ਦੁਆਰਾ ਪ੍ਰਕਾਸ਼ਤ ਪੱਤਰ 'ਕਵੀ' ਨੇ ਅਗਾਂਹ ਤੋਰਿਆ। ਹੀਰਾ ਸਿੰਘ ਦਰਦ
ਅਤੇ ਮੁਣਸ਼ਾ ਸਿੰਘ ਦੁਖੀ ਦੋਵੇਂ ਹੀ ਅਰਜਨ ਸਿੰਘ ਗੜਗੱਜ ਤੇ ਸੋਹਣ ਸਿੰਘ ਜੋਸ਼ ਵਾਂਗ
ਮੁਖ ਤੌਰ 'ਤੇ ਸੁਤੰਤਰਤਾ ਸੰਗਰਾਮੀਏ ਸਨ ਪਰ ਉਹਨਾਂ ਦੀ ਸਿਰਜਣਾਤਮਕ ਸਾਹਿਤਕ
ਸ਼ਖਸੀਅਤ ਵੀ ਕਿਸੇ ਪੱਖੋਂ ਊਣੀ ਨਹੀਂ ਸੀ। ਆਪਣੇ ਵਡੇਰੇ ਕਾਜ਼ ਦੀ ਪੂਰਤੀ ਲਈ
ਉਹ ਕਵਿਤਾ ਤੇ ਦੂਜੀ ਸਾਹਿਤ-ਸਿਰਜਣਾ ਦੇ ਮਹੱਤਵ ਤੋਂ ਪੂਰੀ ਤਰ੍ਹਾਂ ਸੁਚੇਤ ਸਨ,
ਇਸ ਲਈ ਇਹਨਾਂ ਦੁਆਰਾ ਸੰਪਾਦਤ ਪਰਚਿਆ ਨੇ ਵੀ ਪੰਜਾਬੀ ਸਾਹਿਤ ਦੇ ਰਾਸ਼ਟਰ-
ਵਾਦੀ ਰੁਝਾਨ ਨੂੰ ਮਜ਼ਬੂਤ ਕਰਨ ਵਿਚ ਬਹੁਤ ਵੱਡਾ ਯੋਗਦਾਨ ਦਿੱਤਾ। ਮੁਣਸ਼ਾ ਸਿੰਘ
ਦੁਖੀ ਗਦਰ ਪਾਰਟੀ ਨਾਲ ਵੀ ਸੰਬੰਧਤ ਰਿਹਾ ਸੀ ਤੇ ਉਸ ਦੀਆਂ ਰਚਨਾਵਾਂ 'ਗਦਰ
ਗੂੰਜਾਂ' ਵਿਚ ਵੀ ਅੰਕਿਤ ਸਨ। ਸੁਤੰਤਰਤਾ ਸੰਗਰਾਮ ਨੂੰ ਆਪਣਾ ਮੁਢਲਾ ਉਦੇਸ਼ ਮਿੱਥਣ
ਵਾਲੇ ਕੁਝ ਹੋਰ ਕਵੀ ਤੇ ਸਾਹਿਤਕਾਰ ਮਗਰੋਂ ਸਾਹਿਤ-ਮੰਚ ਉਤੇ ਆਏ ਜਿਹਨਾਂ ਦਾ
ਉਲੇਖ ਥੋੜਾ ਅਗਾਂਹ ਜਾ ਕੇ ਕੀਤਾ ਜਾਵੇਗਾ। ਇਥੇ ਪਹਿਲੀ ਪੀਹੜੀ ਦੇ ਇਹਨਾਂ ਲੇਖਕਾਂ
ਦਾ ਹੀ ਕੁਝ ਹੋਰ ਜ਼ਿਕਰ ਕਰਨ ਦੀ ਲੋੜ ਪ੍ਰਤੀਤ ਹੁੰਦੀ ਹੈ।

ਸੋਹਣ ਸਿੰਘ ਜੋਸ਼, ਗੁਰਮੁਖ ਸਿੰਘ ਮੁਸਾਫਰ ਤੇ ਮਾਸਟਰ ਤਾਰਾ ਸਿੰਘ ਕਮਿਊਨਿਸਟ,
ਕਾਂਗਰਸ ਤੇ ਅਕਾਲੀ ਪਾਰਟੀ ਦੇ ਪਹਿਲੀ ਕਤਾਰ ਦੇ ਆਗੂਆਂ ਵਜੋਂ ਪ੍ਰਵਾਨ ਚੜ੍ਹੇ ਹਨ;
ਪਰ ਇਹ ਤਿੰਨੇ ਹੀ ਆਪਣੇ ਅਸਲੀ ਸੁਭਾਅ ਵਜੋਂ ਸਾਹਿਤਕਾਰ ਸਨ। ਗਿਆਨੀ ਗੁਰਮੁਖ
ਸਿੰਘ ਮੁਸਾਫ਼ਰ ਨੇ ਤਾਂ ਆਪਣੀਆਂ ਕੁਝ ਕਵਿਤਾਵਾਂ ਰਾਹੀਂ ਇਹ ਅਫਸੋਸ ਪ੍ਰਗਟ ਵੀ
ਕੀਤਾ ਹੈ ਕਿ ਰਾਜਨੀਤਕ ਸਰਗਰਮੀ ਦੇ ਰੁਝੇਵਿਆਂ ਨੇ ਉਸ ਵਿਚਲੇ ਕਵੀ ਨੂੰ ਵਧੇਰੇ
ਪਨਪਣ ਦਾ ਮੌਕਾ ਨਹੀਂ ਦਿੱਤਾ। ਮਾਸਟਰ ਤਾਰਾ ਸਿੰਘ ਤੇ ਸੋਹਣ ਸਿੰਘ ਜੋਸ਼ ਬਾਰੇ ਵੀ
ਇਹ ਗੱਲ ਉਨੀ ਹੀ ਸਹੀ ਹੈ ਕਿ ਜੇ ਰਾਜਨੀਤਕ ਸਰਗਰਮੀ ਉਹਨਾਂ ਦਾ ਵਧੇਰੇ ਸਮਾਂ ਨਾ
ਲੈਂਦੀ ਤਾਂ ਉਹ ਹੁਣ ਨਾਲੋਂ ਕਿਤੇ ਵਧੇਰੇ ਯੋਗਦਾਨ ਸਾਹਿਤ ਨੂੰ ਦੇ ਸਕਦੇ। ਤਦ ਵੀ
ਇਹਨਾਂ ਦੀ ਰਚਨਾ ਪੰਜਾਬੀ ਸਾਹਿਤ ਦੀ ਤਤਕਾਲੀਨ ਸਥਿਤੀ ਦੇ ਪ੍ਰਸੰਗ ਵਿਚ ਕਾਫੀ
ਉਚੀ ਪੱਧਰ ਦੀ ਹੈ। ਗਿਆਨੀ ਹੀਰਾ ਸਿੰਘ ਦਰਦ ਤੇ ਗਿਆਨੀ ਗੁਰਮੁਖ ਸਿੰਘ ਮੁਸਾਫਰ
ਨੇ ਸੁਤੰਤਰਤਾ ਸੰਗਰਾਮ ਦੌਰਾਨ ਕਈ ਵਾਰ ਜੇਲ੍ਹ ਯਾਤਰਾ ਕੀਤੀ ਤੇ ਜੇਲ੍ਹ ਯਾਤਰਾ ਦੌਰਾਨ
ਹੀ ਉਹਨਾਂ ਜੋ ਢੇਰ ਸਾਰੀਆਂ ਕਵਿਤਾਵਾਂ ਦੀ ਰਚਨਾ ਕੀਤੀ ਉਹਨਾਂ ਲਈ ਪੰਜਾਬੀ

ਸਾਹਿਤ ਦੇ ਇਤਿਹਾਸ ਵਿਚ 'ਬੰਦੀ ਕਾਵਿ' ਦਾ ਵਿਸ਼ੇਸ਼ਣ ਜੁੜ ਗਿਆ ਹੈ। ਆਜ਼ਾਦੀ ਦੀ ਤਾਂਘ ਪ੍ਰਗਟਾਉਂਦੀਆ, ਦੇਸ਼-ਭਗਤਾਂ ਦੇ ਸਮਾਚਾਰਾਂ ਤੇ ਜੇਲ੍ਹ-ਜੀਵਨ ਨੂੰ ਵਿਸ਼ੇ ਵਜੋਂ ਨਿਭਾਉਂਦੀਆਂ ਇਹ ਕਵਿਤਾਵਾਂ ਪੰਜਾਬੀ ਕਾਵਿ-ਸਾਹਿਤ ਦੀ ਇਕ ਨਿਵੇਕਲੀ ਪ੍ਰਾਪਤੀ ਹਨ। ਮੀਆਂਵਾਲੀ ਜੇਲ੍ਹ ਵਿਚ ਲਿਖੀ ਹੀਰਾ ਸਿੰਘ ਦਰਦ ਦੀ ਕਵਿਤਾ 'ਯਾਦ ਰਹਿਣਗੇ ਸਦਾ ਚੁਮਾਸੇ ਇਹਨਾਂ ਸ਼ਰੀਂਹ ਦੀਆਂ ਛਾਵਾਂ ਦੇ' ਅਤੇ 'ਅੱਗੇ ਹੀ ਅੱਗੇ ਜਾਂਗੇ, ਪਿਛੇ ਨਾ ਪੈਰ ਪਾਂਗੇ' ਵਰਗੀਆਂ ਕਵਿਤਾਵਾਂ ਸੁਤੰਤਰਤਾ ਅੰਦੋਲਨ ਨਾਲ ਸੰਬੰਧਤ ਕਾਵਿ ਦਾ ਪ੍ਰਤੀਨਿਧ ਨਮੂਨਾ ਹਨ। ਦੋਹਾਂ ਹੀ ਆਗੂਆਂ ਨੇ ਕਵਿਤਾ ਦੇ ਨਾਲ ਨਾਲ ਕਹਾਣੀਆਂ ਦੀ ਰਚਨਾ ਵੀ ਕੀਤੀ ਅਤੇ ਦੋਹਾਂ ਦੀਆਂ ਕਹਾਣੀਆਂ ਦੇ ਵਿਸ਼ੇ ਵਧੇਰੇ ਕਰਕੇ ਸੁਤੰਤਰਤਾ ਸੰਗਰਾਮ ਨਾਲ ਹੀ ਸੰਬੰਧਤ ਹਨ। ਦਰਦ ਦੇ ਕਹਾਣੀ ਸੰਗ੍ਰਹਿ 'ਕਿਸਾਨ ਦੀਆਂ ਆਹੀਂ' ਅਤੇ ਮੁਸਾਫਰ ਦੀਆਂ ਪੁਸਤਕਾਂ 'ਗੁਟਾਰ', 'ਸਸਤਾ ਤਮਾਸ਼ਾ' ਆਦਿ ਵਿਚਲੀਆਂ ਮੁਢਲੇ ਦੌਰ ਦੀ ਪੰਜਾਬੀ ਕਹਾਣੀ ਦਾ ਪਰਿਚਯ ਦੇਣ ਵਾਲੀਆਂ ਕਥਾ-ਰਚਨਾਵਾਂ ਆਜ਼ਾਦੀ ਲਈ ਲੜਨ ਵਾਲਿਆਂ ਦੇ ਨਿਜੀ ਤੇ ਪਰਿਵਾਰਕ ਜੀਵਨ ਦੀਆਂ ਦੁਖਾਂ-ਤਕਲੀਫਾਂ ਦਾ ਵਿਉਰਾ ਦੇਣ ਦੇ ਨਾਲ ਨਾਲ ਉਹਨਾਂ ਦੀ ਦ੍ਰਿੜਤਾ ਸਾਹਸ ਤੇ ਕੁਰਬਾਨੀ ਦੀ ਬਾਤ ਵੀ ਪਾਉਂਦੀਆਂ ਹਨ। ਮੁਸਾਫਰ ਦੀ ਕਹਾਣੀ 'ਬਾਗੀ ਦੀ ਧੀ' ਏਸ ਵਿਸ਼ੇ-ਵਸਤੂ ਵਾਲੀ ਕਹਾਣੀ ਦਾ ਸ੍ਰੇਸ਼ਟ ਨਮੂਨਾ ਆਖੀ ਜਾ ਸਕਦੀ ਹੈ। ਰਾਸ਼ਟਰੀ ਮੁਕਤੀ ਅੰਦੋਲਨ ਦੇ ਨਾਇਕਾਂ ਨੂੰ ਉਭਾਰਨ ਲਈ ਵਾਰਤਕ ਰਚਨਾ ਕਰਨ ਵਿਚ ਵੀ ਹੀਰਾ ਸਿੰਘ ਦਰਦ ਤੇ ਗੁਰਮੁਖ ਸਿੰਘ ਮੁਸਾਫਰ ਨੇ ਬਰਾਬਰ ਯੋਗਦਾਨ ਦਿੱਤਾ ਹੈ। ਮਾਸਟਰ ਤਾਰਾ ਸਿੰਘ ਨੇ ਵੀ ਇਸੇ ਵਿਸ਼ੇ-ਵਸਤੂ ਵਾਲੀ ਚੋਖੀ ਵਾਰਤਕ ਰਚਨਾ ਕੀਤੀ ਹੈ, ਜਿਸਨੂੰ ਪੱਤਰਕਾਰੀ ਦੇ ਘੇਰੇ ਵਿਚ ਹੀ ਰੱਖਿਆ ਜਾਵੇਗਾ। ਪਰ ਉਸਦਾ ਨਾਵਲ 'ਬਾਬਾ ਤੇਗਾ ਸਿੰਘ' ਅਕਾਲੀ ਲਹਿਰ ਨਾਲ ਸੰਬੰਧਤ ਇਕ ਦਸਤਾਵੇਜ਼ ਹੋਣ ਦੇ ਨਾਲ ਨਾਲ ਪੰਜਾਬੀ ਨਾਵਲ ਦੇ ਵਿਕਾਸ-ਕ੍ਰਮ ਦੇ ਮੁੱਢਲੇ ਪੜਾਅ ਨੂੰ ਜਾਨਣ ਲਈ ਵੀ ਇਕ ਦਸਤਾਵੇਜ਼ ਤੋਂ ਕਿਤੇ ਵੱਧ ਮਹੱਤਵ ਵਾਲੀ ਰਚਨਾ ਹੈ। ਸੋਹਣ ਸਿੰਘ ਜੋਸ਼ ਨੇ ਮਗਰੋਂ ਜਾਕੇ ਇਕ ਨਾਵਲ ਦੀ ਵੀ ਰਚਨਾ ਕੀਤੀ ਜੋ ਪੁਸਤਕ ਰੂਪ ਵਿਚ ਤਾਂ ਨਹੀਂ, ਦੈਨਿਕ 'ਨਵਾਂ ਜ਼ਮਾਨਾ' ਵਿਚ ਕਿਸ਼ਤਵਾਰ ਛਪਿਆ ਸੀ, ਪਰ ਜੋਸ਼ ਦੀ ਸਿਰਜਣਾਤਮਕ ਪ੍ਰਤਿਭਾ ਕਵਿਤਾ ਦੀ ਰਚਨਾ ਰਾਹੀਂ ਵੀ ਪ੍ਰਗਟ ਹੁੰਦੀ ਰਹੀ ਤੇ ਸੁਤੰਤਰਤਾ ਸੰਗਰਾਮ ਦੌਰਾਨ ਲਿਖੀਆਂ ਗਈਆਂ ਇਨ੍ਹਾਂ ਕਵਿਤਾਵਾਂ ਦਾ ਵਿਸ਼ਾ ਵੀ ਰਾਸ਼ਟਰਵਾਦੀ ਜਜ਼ਬੇ ਨੂੰ ਉਭਾਰਨਾ ਹੀ ਹੁੰਦਾ ਸੀ। 'ਪ੍ਰਭਾਤ' ਰਿਸਾਲਾ ਜਾਰੀ ਕਰਕੇ ਅਤੇ ਉਸ ਰਾਹੀਂ ਸੰਤ ਸਿੰਘ ਸੇਖੋਂ ਵਰਗੇ ਲੇਖਕਾਂ ਦਾ ਪੰਜਾਬੀ ਸਾਹਿਤ-ਜਗਤ ਨਾਲ ਪਰਿਚਯ ਕਰਵਾਕੇ, ਅਨੇਕਾਂ ਲੇਖਕਾਂ ਨੂੰ ਹਲਾਸ਼ੇਰੀ ਦੇਕੇ ਸੋਹਣ ਸਿੰਘ ਜੋਸ਼ ਨੇ ਵੀ ਪੰਜਾਬੀ ਦੇ ਸਾਹਿਤਕ ਜਗਤ ਵਿਚ ਰਾਸ਼ਟਰਵਾਦੀ ਭਾਵਨਾ ਨੂੰ ਪਰਿਪੱਕ ਕਰਨ ਵਿਚ ਅਹਿਮ ਭੂਮਿਕਾ ਨਿਭਾਈ। ਨਾਮਧਾਰੀ ਲਹਿਰ ਦੇ ਪ੍ਰਵੱਕਤਾ ਵਜੋਂ ਸੰਤ ਇੰਦਰ ਸਿੰਘ ਚਕ੍ਰਵਰਤੀ ਨੇ ਵੀ ਬਾਬਾ ਰਾਮ ਸਿੰਘ ਦੇ ਜੀਵਨ-ਸਮਾਚਾਰਾਂ ਤੇ ਕੂਕਾ ਲਹਿਰ ਦੇ ਉਦੇਸ਼ਾਂ ਨੂੰ ਅਗਾਂਹ ਖੜ੍ਹਨ ਵਿਚ ਵਾਰਤਕ ਤੇ ਕਵਿਤਾ ਰਾਹੀਂ ਸੁਤੰਤਰਤਾ ਸੰਗਰਾਮ ਦੀ ਹੀ ਬਾਤ ਪਾਈ ਹੈ।

ਹੁਣ ਤਕ ਅਸੀਂ ਉਹਨਾਂ ਵਿਅਕਤੀਆਂ ਦਾ ਹੀ ਜ਼ਿਕਰ ਕੀਤਾ ਹੈ ਜਿਨ੍ਹਾਂ ਨੇ,



ਸੁਤੰਤਰਤਾ-ਪ੍ਰਾਪਤੀ ਦੇ ਰਾਜਸੀ ਮਨੋਰਥ ਨੂੰ ਪਹਿਲ ਦਿੰਦਿਆਂ ਹੋਇਆਂ ਸਾਹਿਤ-ਸਿਰਜਣਾ ਵਿਚ ਵੀ ਯੋਗਦਾਨ ਪਾਇਆ ਤੇ ਜਿਨ੍ਹਾਂ ਦੀ ਰਾਜਸੀ ਸ਼ਖਸੀਅਤ ਏਨੀ ਹਾਵੀ ਹੋ ਗਈ ਕਿ ਉਹਨਾਂ ਦੀ ਸਾਹਿਤਕ ਸ਼ਖਸੀਅਤ ਦਾ ਯੋਗ ਭਾਂਤ ਮੁਲਾਂਕਣ ਨਹੀਂ ਹੋ ਸਕਿਆ। ਕਿਰਤੀ ਕਿਸਾਨ ਤੇ ਕਮਿਊਨਿਸਟ ਲਹਿਰ ਨਾਲ ਸੰਬੰਧਤ ਬਹੁਤ ਸਾਰੇ ਹੋਰ ਵਿਅਕਤੀ ਵੀ ਹਨ ਜਿਵੇਂ ਹਰਨਾਮ ਸਿੰਘ ਚਮਕ, ਸਰਦਾਰਾ ਸਿੰਘ ਯੂਥਪ, ਲਾਲ ਸਿੰਘ ਕੰਵਰ, ਰਾਮ ਸਿੰਘ ਦੱਤ, ਜਸਵੰਤ ਸਿੰਘ ਰਾਹੀ, ਪਿਆਰਾ ਸਿੰਘ ਸਹਿਰਾਈ, ਤੇਰਾ ਸਿੰਘ ਚੰਨ, ਜਗਜੀਤ ਸਿੰਘ ਆਨੰਦ ਅਤੇ ਸਥਾਨਕ ਪੱਧਰ ਉਤੇ ਲੋਕਾਂ ਵਿਚ ਪ੍ਰਵਾਨ ਚੜ੍ਹੇ ਕਿੰਨੇ ਹੋਰ ਕਵੀ, ਜਿੰਨਾਂ ਨੇ ਸੁਤੰਤਰਤਾ ਪੂਰਵ ਕਾਲ ਵਿਚ ਆਪਣੇ ਰਾਜਸੀ ਜੀਵਨ ਦੇ ਨਾਲ ਨਾਲ ਸਾਹਿਤ-ਰਚਨਾ ਨੂੰ ਵੀ ਕਾਫੀ ਗੰਭੀਰਤਾ ਨਾਲ ਲਿਆ, ਪਰ ਕੁਝ ਇਕ ਨੂੰ ਛੱਡਕੇ, ਸਾਹਿਤਕਾਰ ਵਜੋਂ ਮਾਨਤਾ ਪ੍ਰਾਪਤ ਕਰ ਸਕਣਾ ਜਿਨ੍ਹਾਂ ਦਾ ਭਾਗ ਨਹੀਂ ਬਣਿਆ। ਪ੍ਰਗਤਿਵਾਦੀ ਸਾਹਿਤਕ ਲਹਿਰ ਦੇ ਪ੍ਰਮੁਖ ਸਿਰਜਕਾਂ ਵਜੋਂ ਪਿਆਰਾ ਸਿੰਘ ਸਹਿਰਾਈ, ਜਸਵੰਤ ਸਿੰਘ ਰਾਹੀ, ਤੇਰਾ ਸਿੰਘ ਚੰਨ, ਤੇ ਜਗਜੀਤ ਸਿੰਘ ਆਨੰਦ ਦੀ ਪ੍ਰਾਪਤੀ ਕਾਫ਼ੀ ਗੌਰਵਸ਼ਾਲੀ ਹੈ ਪਰ ਆਜ਼ਾਦੀ ਸੰਗਰਾਮ ਦੇ ਸਾਹਿਤਕਾਰਾਂ ਵਜੋਂ ਇਹਨਾਂ ਦੀ ਰਚਨਾ ਕੋਈ ਬਹੁਤਾ ਮਹਤੱਵ ਗ੍ਰਹਿਣ ਨਹੀਂ ਕਰ ਸਕੀ। ਰਾਜਸੀ ਪਿੜ ਦੇ ਸਰਗਰਾਮ ਕਾਰਕੁਨ ਉਪਰੋਕਤ ਲੇਖਕਾਂ ਨੇ, ਅਰਜਨ ਸਿੰਘ ਗੜਗੱਜ ਤੇ ਗੁਰਚਰਨ ਸਿੰਘ ਸਹਿੰਸਰਾ ਵਾਂਗ, ਉਤਰ-ਸੁਤੰਤਰਤਾ ਕਾਲ ਵਿਚ ਜੋ ਰਚਨਾ ਕੀਤੀ ਹੈ, ਉਸ ਦਾ ਇਕ ਭਾਗ ਸੁਤੰਤਰਤਾ ਸੰਗਰਾਮ ਨੂੰ ਹੀ ਆਪਣੇ ਵਿਸ਼ੇ ਵਜੋਂ ਲੈਂਦਾ ਹੈ। ਜਿਥੇ ਤੇਰਾ ਸਿੰਘ ਚੰਨ ਦੇ ਪ੍ਰਸਿੱਧ ਗੀਤ-ਨਾਟ 'ਅਮਰ ਪੰਜਾਬ' ਵਿਚ ਇਤਿਹਾਸਕ ਪ੍ਰਸੰਗ ਵਿਚ ਅੰਗ੍ਰੇਜ਼ਾਂ ਦੀ ਗੁਲਾਮੀ ਵਿਚ ਆਉਣ ਤੋਂ ਪਹਿਲਾਂ ਦੇ ਪੰਜਾਬ ਦੇ ਦ੍ਰਿਸ਼ ਤੋਂ ਲੈ ਕੇ ਏਸ ਪ੍ਰਦੇਸ਼ ਵਿਚ ਆਜ਼ਾਦੀ ਦੇ ਸੰਘਰਸ਼ ਦੇ ਮਘਣ ਦਾ ਜ਼ਿਕਰ ਹੈ, ਉਥੇ ਜਗਜੀਤ ਸਿੰਘ ਆਨੰਦ ਦੀਆਂ ਸਵੈਜੀਵਨੀ-ਪਰਕ ਲਿਖਤਾਂ ਵਿਚੋਂ ਸੁਤੰਤਰਤਾ ਸੰਗਰਾਮ ਦੇ ਵਿਚ ਜੂਝਣ ਵਾਲੇ ਨਾਇਕਾਂ ਦੀ ਬੜੀ ਰਸੀਲੀ ਵਾਰਤਕ ਵਿਚ ਗਾਥਾ ਬਿਆਨ ਕੀਤੀ ਗਈ ਹੈ।

ਸੁਤੰਤਰਤਾ ਸੰਗਰਾਮ ਦੇ ਨਾਇਕਾਂ ਦੇ ਜੀਵਨ ਵਿਉਰੇ ਦੇਣ; ਸੰਤੁਤਰਤਾ ਸੰਗਰਾਮ ਦੌਰਾਨ ਆਪਣੇ ਨਿਜ ਉਤੇ ਵਾਪਰੀਆਂ ਘਟਨਾਵਾ ਗਲਪ ਜਾਂ ਵਾਰਤਕ ਵਿਚ ਚਿਤਰਨ ਦੇ ਪੱਖ ਤੋਂ ਅਰਜਨ ਸਿੰਘ ਗੜਗੱਜ ਤੇ ਗੁਰਚਰਨ ਸਿੰਘ ਸਹਿੰਸਰਾ ਦੇ ਨਾਉਂ ਵਿਸ਼ੇਸ਼ ਉਲੇਖ ਦੇ ਅਧਿਕਾਰੀ ਹਨ। ਗੜਗੱਜ ਦੀਆਂ ਦੋ ਪੁਸਤਕਾਂ 'ਦੋ ਪੈਰ ਘੱਟ ਤੁਰਨਾ', ਅਤੇ 'ਸ਼ਹੀਦ ਦੇ ਬੋਲ' ਜੋ ਮਗਰੋਂ ਇਕੋ ਜਿਲਦ ਵਿਚ 'ਮੇਰਾ ਆਪਣਾ ਆਪ' ਸ਼ੀਰਸ਼ਕ ਅਧੀਨ ਵੀ ਛਪੀਆਂ, ਅਤੇ ਗੁਰਚਰਨ ਸਿੰਘ ਸਹਿੰਸਰਾ ਦੀਆਂ ਪੁਸਤਕਾਂ 'ਉਹ ਵੀ ਦਿਨ ਸਨ' ਅਤੇ 'ਡਿੱਠੇ ਸੁਣੇ ਪਠਾਣ' ਸੱਚੀਆਂ ਘਟਨਾਵਾਂ ਉਤੇ ਆਧਰਿਤ, ਗਲਪ ਦੇ ਸੁਆਦ ਵਾਲੀਆਂ ਅਜਿਹੀਆਂ ਨਿਵੇਕਲੀਆਂ ਵਾਰਤਕ ਰਚਨਾਵਾਂ ਹਨ, ਜਿੰਨ੍ਹਾਂ ਵਰਗੀ ਲਿਖਤ ਪੰਜਾਬੀ ਵਿਚ ਹੋਰ ਕਿਧਰੇ ਨਹੀਂ ਮਿਲਦੀ। ਇਹਨਾਂ ਪੁਸਤਕਾਂ ਦਾ ਵਿਸ਼ਾ ਨਿਰੋਲ ਸੁਤੰਤਰਤਾ ਸੰਗਰਾਮ ਹੈ। ਇਸ ਸੰਗਰਾਮ ਵਿਚਲੇ ਉਤਾਰਾਂ-ਚੜ੍ਹਾਵਾਂ ਅਤੇ ਇਸ ਵਿਚ ਜੂਝਣ ਵਾਲੇ ਦੇਸ਼-ਭਗਤਾਂ ਦੇ ਜੀਵਨ-ਸਮਾਚਾਰਾਂ ਨੂੰ ਨਾਟਕੀਅਤਾ ਦਾ ਰੂਪ ਦੇਕੇ ਜਿਸ ਰੌਚਿਕ ਢੰਗ ਨਾਲ

ਸਹਿੰਸਰਾ ਨੇ ਬਿਆਨ ਕੀਤਾ ਹੈ, ਉਸ ਨਾਲ, ਸਾਹਿਤ-ਸਿਰਜਣਾ ਦੇ ਪਿੜ ਵਿਚ ਮੁਕਾਬਲ-ਤਨ ਵਡੇਰੀ ਉਮਰ ਵਿਚ ਕੁੱਦੇ, ਸਹਿੰਸਰਾ ਦੀ ਪ੍ਰੌਢ ਸਾਹਿਤਕ ਚੇਤਨਾ ਦਾ ਪ੍ਰਮਾਣ ਮਿਲਦਾ ਹੈ।

ਕਿਸੇ ਵੀ ਖੇਤਰ ਵਿਚ ਵਡੇਰੀ ਪ੍ਰਾਪਤੀ ਵਾਲੇ ਮਨੁੱਖ ਦੇ ਜੀਵਨ-ਸਮਾਚਾਰ ਜੇ ਲਿਖਤ ਵਿਚ ਆਉਣ ਤਾਂ ਅਵੱਸ਼ ਪਾਠਕ ਦੀ ਦਿਲਚਸਪੀ ਦਾ ਵਿਸ਼ਾ ਬਣਦੇ ਹਨ, ਪਰ ਜੇ ਉਹ ਸਵੈ-ਜੀਵਨੀ ਦਾ ਰੂਪ ਧਾਰਕੇ ਆਉਣ ਤਾਂ ਇਨ੍ਹਾਂ ਪ੍ਰਤੀ ਆਕਰਸ਼ਣ ਹੋਰ ਵੀ ਵਧ ਜਾਂਦਾ ਹੈ। ਕਾਮਾਗਾਟਾ ਮਾਰੂ ਜਹਾਜ਼ ਦੇ ਸਾਕੇ ਦੇ ਨਾਇਕ ਬਾਬਾ ਗੁਰਦਿੱਤ ਸਿੰਘ, ਗਦਰ ਪਾਰਟੀ ਦੇ ਬਾਨੀ ਪ੍ਰਧਾਨ ਬਾਬਾ ਸੋਹਣ ਸਿੰਘ ਭਕਨਾ ਭਾਵੇਂ ਲੇਖਕ ਨਹੀਂ ਪਰ ਉਹਨਾਂ ਦੀਆਂ ਅਤੇ ਕਈ ਹੋਰ ਦੇਸ਼-ਭਗਤਾਂ ਦੀਆਂ ਸਵੈ-ਜੀਵਨੀਆਂ ਸੁਤੰਤਰਤਾ ਸੰਗਰਾਮ ਨਾਲ ਸੰਬੰਧਤ ਸਾਹਿਤ ਦਾ ਇਕ ਮੁੱਲਵਾਨ ਭਾਗ ਹਨ। ਇਸੇ ਤਰ੍ਹਾਂ ਸ਼ਹੀਦ ਭਗਤ ਸਿੰਘ, ਕਰਤਾਰ ਸਿੰਘ ਸਰਾਭਾ ਵਰਗੇ ਸ਼ਹੀਦਾਂ ਦੀਆਂ ਜੀਵਨੀਆਂ ਜਿਥੇ ਸੁਤੰਤਰਤਾ ਸੰਗਰਾਮ ਦੇ ਕਿਸੇ ਇਕ ਜਾਂ ਦੂਜੇ ਕਾਂਡ ਨੂੰ ਪਾਠਕਾਂ ਅੱਗੇ ਖੋਲ੍ਹਦੀਆਂ ਹਨ, ਉਥ ਇਕ ਸਾਹਿਤ-ਰੂਪ ਵਜੋਂ ਜੀਵਨੀ ਦੇ ਪੰਜਾਬੀ ਸਾਹਿਤ ਵਿਚ ਮਹੱਤਵ ਨੂੰ ਵਧਾਉਣ ਵਿਚ ਸਹਾਇਕ ਹੁੰਦੀਆਂ ਹਨ।

ਪੰਜਾਬੀ ਦੇ ਸਾਰੇ ਪ੍ਰਮੁੱਖ ਸਾਹਿਤਕਾਰ, ਜੋ ਵੀਹਵੀਂ ਸਦੀ ਦੇ ਪਹਿਲੇ ਅੱਧ ਵਿਚ ਤੇ ਉਸ ਤੋਂ ਮਗਰੋਂ ਦੇ ਦਹਾਕਿਆਂ ਵਿਚ ਵੀ ਸਾਹਿਤਕ ਮੰਚ ਉਤੇ ਮੂਹਰਲੀਆਂ ਸਫ਼ਾਂ ਵਿਚ ਰਹੇ ਹਨ, ਜਿਵੇਂ ਗੁਰਬਖਸ਼ ਸਿੰਘ, ਨਾਨਕ ਸਿੰਘ, ਮੋਹਨ ਸਿੰਘ, ਸੰਤ ਸਿੰਘ ਸੇਖੋਂ, ਅੰਮ੍ਰਿਤਾ ਪ੍ਰੀਤਮ, ਬਾਵਾ ਬਲਵੰਤ, ਪ੍ਰੀਤਮ ਸਿੰਘ ਸਫੀਰ, ਕਰਤਾਰ ਸਿੰਘ ਦੁੱਗਲ, ਬਲਵੰਤ ਗਾਰਗੀ, ਹਰਚਰਨ ਸਿੰਘ, ਸੁਜਾਨ ਸਿੰਘ, ਸੁਰਿੰਦਰ ਸਿੰਘ ਨਰੂਲਾ, ਅਵਤਾਰ ਸਿੰਘ ਆਜ਼ਾਦ—ਆਪਣੀਆ ਰਚਨਾਵਾਂ ਵਿਚ, ਭਾਵੇਂ ਆਂਸ਼ਕ ਰੂਪ ਵਿਚ ਹੀ, ਸੁਤੰਤਰਤਾ ਸੰਗਰਾਮ ਤੋਂ ਪ੍ਰਭਾਵਤ ਹੋਣ ਦਾ ਪ੍ਰਮਾਣ ਦਿੰਦੇ ਹਨ। ਨਾਨਕ ਸਿੰਘ ਨੇ ਤਾਂ ਅਕਾਲੀ ਲਹਿਰ ਦੌਰਾਨ ਥੋੜ੍ਹੇ ਸਮੇਂ ਲਈ ਜੇਲ੍ਹ ਯਾਤਰਾ ਵੀ ਕੀਤੀ ਸੀ। ਉਸ ਦੇ ਨਾਵਲਾਂ ਵਿਚ ਰਾਸ਼ਟਰਵਾਦੀ ਚੇਤਨਾ ਜਾਂ ਸੁਧਾਰਵਾਦੀ ਪ੍ਰਵਿਤਰੀ ਦਾ ਸਿੱਧਾ ਸੰਬੰਧ ਕਾਂਗਰਸ ਦੇ ਅੰਦੋਲਨ ਨਾਲ ਹੈ, ਜਿਸ ਵਿਚ ਲੋੜੀਂਦੀ ਵਿਗਿਆਨਕ ਸੋਝੀ ਤਾਂ ਨਹੀਂ, ਪਰ ਜੋ ਤਤਕਾ-ਲੀਨ ਸਮਾਜ ਨੂੰ ਸੁਧਾਰਨ ਲਈ ਪੂਰੀ ਤਰ੍ਹਾਂ ਤੱਤਪਰ ਹੈ। 'ਚਿੱਟਾ ਲਹੂ' ਦਾ ਨਾਇਕ ਬਚਨ ਸਿੰਘ ਏਸੇ ਤਰ੍ਹਾਂ ਦਾ ਹੀ ਵਿਅਕਤੀ ਹੈ। ਨਾਨਕ ਸਿੰਘ ਦੇ ਨਾਵਲਾਂ ਵਿਚ ਕਾਂਗਰਸ ਦੇ ਸ਼ਾਂਤਮਈ ਅੰਦੋਲਨ ਅਤੇ ਰਾਸ਼ਟਰੀ ਮੁਕਤੀ ਲਈ ਜੂਝਣ ਵਾਲੇ ਦੂਜੇ ਗਰਮ ਦਲਾਂ ਦੀਆਂ ਸਰਗਰਮੀਆਂ ਦੀ ਕਿਤੇ ਕਿਤੇ ਟੋਹ ਤਾਂ ਲਗਦੀ ਹੀ ਹੈ, ਪਰ 'ਇਕ ਮਿਆਨ ਦੋ ਤਲਵਾਰਾਂ' ਸ਼ੀਰਸ਼ਕ ਵਾਲੇ ਆਪਣੇ ਨਾਵਲ ਨੂੰ ਸ਼ਹੀਦ ਕਰਤਾਰ ਸਿੰਘ ਸਰਾਭਾ ਦੇ ਜੀਵਨ ਸਮਾਚਾਰਾਂ ਅਤੇ ਗਦਰ ਪਾਰਟੀ ਦੇ ਇਨਕਲਾਬ ਕਰਨ ਦੇ ਯਤਨਾਂ ਉਤੇ ਆਧਾਰਿਤ ਕਰਕੇ ਉਸਨੇ ਸੁਤੰਤਰਤਾ ਅੰਦੋਲਨ ਨਾਲ ਆਪਣੇ ਲਗਾਉ ਦਾ ਭਰਪੂਰ ਪਰਿਚਯ ਦਿੱਤਾ ਹੈ।

ਗੁਰਬਖਸ਼ ਸਿੰਘ ਦੀ ਸਮੁੱਚੀ ਰਚਨਾ ਭਾਵੇਂ ਸਿੱਧੇ ਤੌਰ 'ਤੇ ਸੁਤੰਤਰਤਾ ਸੰਗਰਾਮ ਨੂੰ ਆਪਣਾ ਵਿਸ਼ਾ ਨਹੀਂ ਬਣਾਉਂਦੀ, ਪਰ ਮਾਸਕ 'ਪ੍ਰੀਤ ਲੜੀ' ਤੇ ਗੁਰਬਖਸ਼ ਸਿੰਘ ਵੱਲੋਂ



ਕੀਤੇ ਗਏ ਹੋਰ ਸੰਗਠਨਾਤਮਕ ਯਤਨ ਦੇਸ਼ ਦੀ ਆਜ਼ਾਦੀ ਲਈ ਪ੍ਰੇਰਨਾ ਦਾ ਸਰੋਤ ਅੱਵਸ਼ ਸਨ। ਇਸ ਲਈ ਕੋਈ ਹੈਰਾਨੀ ਨਹੀਂ ਕਿ ਗੁਰਬਖਸ਼ ਸਿੰਘ ਦੇ ਪ੍ਰਭਾਵ ਵਿਚ ਆਉਣ ਵਾਲੇ ਅਨੇਕਾਂ ਵਿਅਕਤੀ ਤੇ ਉਸਦੇ ਬਹੁਤ ਸਾਰੇ ਨਿਕਟਵਰਤੀ ਸੁਤੰਤਰਤਾ ਸੰਗਰਾਮ ਵਿਚ ਪੂਰੀ ਤਰ੍ਹਾਂ ਸਰਗਰਮ ਸਨ। 'ਅਣਵਿਆਹੀ ਮਾਂ' ਨਾਵਲ ਦਾ ਵਿਸ਼ਾ ਭਾਵੇਂ ਗੁਰਬਖਸ਼ ਸਿੰਘ ਦੇ ਪ੍ਰੀਤ ਫਲਸਫੇ ਤੇ ਉਸਦੇ ਮਾਨਵਵਾਦ ਦੇ ਸੰਕਲਪ ਦੇ ਘੇਰੇ ਵਿਚ ਹੀ ਆਉਂਦਾ ਹੈ, ਪਰ ਇਹ ਜਾਨਣਾ ਦਿਲਚਸਪੀ ਤੋਂ ਖਾਲੀ ਨਹੀਂ ਕਿ ਨਾਵਲ ਦਾ ਮੁਖ ਪਾਤਰ ਇਕ ਕੈਦੀ ਹੈ। ਤੇ ਜੇਲ੍ਹਾਂ, ਕੈਦਾਂ, ਫਾਂਸੀਆਂ ਸੁਤੰਤਰਤਾ ਸੰਗਰਾਮੀਆਂ ਦੀ ਹੋਣੀ ਸਨ, ਜੋ ਭਾਵੇਂ ਸਿੱਧੇ ਤੌਰ 'ਤੇ ਰਾਜਨੀਤਕ ਦੋਸ਼ ਦੇ ਤਹਿਤ ਹੋਣ ਜਾਂ ਝੂਠੇ ਤੌਰ 'ਤੇ ਘੜੇ ਗਏ ਕਿਸੇ ਹੋਰ ਦੋਸ਼ ਦੇ ਤਹਿਤ।

ਭਾਈ ਵੀਰ ਸਿੰਘ ਤੋਂ ਮਗਰਲੀ ਪੀੜ੍ਹੀ ਦੇ ਪ੍ਰਮੁਖ ਸ਼ਾਇਰਾਂ ਮੋਹਨ ਸਿੰਘ, ਅੰਮ੍ਰਿਤਾ ਪ੍ਰੀਤਮ, ਪ੍ਰੀਤਮ ਸਿੰਘ ਸਫੀਰ, ਬਾਵਾ ਬਲਵੰਤ ਦੀ ਰਚਨਾ ਵਿਚੋਂ ਸਮੇਂ ਸਮੇਂ ਦੇਸ਼ ਦੀ ਏਕਤਾ ਤੇ ਆਜ਼ਾਦੀ ਅਤੇ ਦੇਸ਼-ਭਗਤੀ ਦੀ ਗੂੰਜ ਸੁਣਾਈ ਦਿੰਦੀ ਹੈ। 'ਆਉ ਹਿੰਦੀਓ ਰਲਕੇ ਨੱਚੀਏ ਕੋਈ ਇਸ਼ਕ ਦਾ ਤ੍ਰਿਖੜਾ ਤਾਲ' ਦਾ ਹੋਕਾ ਦੇਣ ਸਮੇਂ ਮੋਹਨ ਸਿੰਘ ਜੇ ਧਰਮਾਂ, ਜਾਤਾਂ ਤੇ ਇਲਾਕਿਆਂ ਦੀਆਂ ਵੰਡੀਆਂ ਖਤਮ ਕਰਕੇ ਸਭਨਾਂ ਦੇਸ਼-ਵਾਸੀਆਂ ਦੇ ਇਕ ਹੋਣ ਦੀ ਕਾਮਨਾ ਕਰਦਾ ਹੈ ਤਾਂ ਉਸਦਾ ਉਦੇਸ਼ ਏਕਤਾ ਰਾਹੀਂ ਦੇਸ਼ ਨੂੰ ਬਦੇਸ਼ੀ ਗੁਲਾਮੀ ਦੀਆਂ ਜ਼ੰਜੀਰਾਂ ਤੋਂ ਮੁਕਤ ਕਰਨਾ ਹੀ ਹੈ। ਏਸੇ ਤਰ੍ਹਾਂ ਹੀ ਪ੍ਰੀਤਮ ਸਿੰਘ ਸਫੀਰ ਤੇ ਬਾਵਾ ਬਲਵੰਤ 'ਕਤਕ ਕੂੰਜਾਂ' ਤੇ 'ਸਮਾਜਵਾਦ' ਵਰਗੀਆਂ ਕਵਿਤਾਵਾਂ ਰਾਹੀਂ ਆਰਥਿਕ ਤੇ ਰਾਜਨੀਤਕ ਪੱਧਰ ਉਤੇ ਦੇਸ਼ ਦੀ ਹਕੀਕੀ ਆਜ਼ਾਦੀ ਦਾ ਸੁਪਨਾ ਹੀ ਲੈਂਦੇ ਹਨ।

ਨਾਨਕ ਸਿੰਘ ਤੋਂ ਬਿਨਾਂ ਜਾਣੇ-ਪਛਾਣੇ ਉਪਨਿਆਸਕਾਰਾਂ ਸੋਹਣ ਸਿੰਘ ਸੀਤਲ; ਕੇਸਰ ਸਿੰਘ, ਸੁਰਿੰਦਰ ਸਿੰਘ ਨਰੂਲਾ ਤੇ ਸੰਤ ਸਿੰਘ ਸੇਖੋਂ ਨੇ ਵੀ ਦੇਸ਼ ਦੀ ਆਜ਼ਾਦੀ ਨਾਲ ਸੰਬੰਧਤ ਵਿਭਿੰਨ ਕਾਂਡਾਂ ਨੂੰ ਆਪਣੀ ਰਚਨਾ ਵਿਚ ਸਮੋਇਆ ਹੈ। ਸੋਹਣ ਸਿੰਘ ਸੀਤਲ ਦੇ ਨਾਵਲ 'ਤੂਤਾਂ ਵਾਲਾ ਖੂਹ' ਦਾ ਨਾਇਕ ਬਾਬਾ ਅਕਾਲੀ ਤਾਂ ਪੰਜਾਬੀ ਗਲਪ ਦਾ ਇਕ ਅਸਲੋਂ ਨਿਵੇਕਲਾ ਪਾਤਰ ਹੈ ਜੋ ਨਾਵਲ ਵਿਚ ਇਕੋ ਸਮੇਂ ਦੋ ਕਾਰਜ ਨਿਭਾਉਂਦਾ ਹੈ। ਜੇ ਇਕ ਸਮੇਂ ਉਹ ਪਿੰਡ ਵਿਚ ਬੈਠੇ ਲੋਕਾਂ ਨੂੰ ਸੁਤੰਤਰਤਾ ਸੰਗਰਾਮ ਤੇ ਉਸਦੇ ਨਾਇਕਾਂ ਦੀਆਂ ਕਹਾਣੀਆਂ ਸੁਣਾਉਂਦਾ ਹੈ; ਇੰਝ ਆਜ਼ਾਦੀ ਦੇ ਸੰਘਰਸ਼ ਵਿਚ ਲੋਕਾਂ ਨੂੰ ਲਾਮਬੰਦ ਕਰਨ ਦਾ ਕੰਮ ਕਰਦਾ ਨਜ਼ਰ ਆਉਂਦਾ ਹੈ ਤੇ ਕਿਸੇ ਹੋਰ ਸਮੇਂ ਉਹ ਖੁਦ ਜੇਲ੍ਹ ਯਾਤਰਾ ਕਰ ਰਿਹਾ ਹੁੰਦਾ ਹੈ। ਸੀਤਲ ਦੇ ਬਹੁਤ ਸਾਰੇ ਨਾਵਲਾਂ ਦੀ ਕਥਾ ਦਾ ਦੇਸ਼ ਦੀ ਆਜ਼ਾਦੀ ਉਤੇ ਆਕੇ ਮੁੱਕਣਾ ਇਹੀ ਦਰਸਾਉਂਦਾ ਹੈ ਕਿ ਸੀਤਲ ਦੀ ਦ੍ਰਿਸ਼ਟੀ ਵਿਚ ਸੁਤੰਤਰਤਾ ਦੀ ਪ੍ਰਾਪਤੀ ਇਕ ਅਜਿਹਾ ਆਦਰਸ਼ ਸੀ, ਜਿਸ ਉਤੇ ਪਹੁੰਚਕੇ ਸਾਰੀ ਗੱਲ ਨੂੰ ਸਮੇਟਣਾ ਹੀ ਬਣਦਾ ਹੈ। ਸੁਰਿੰਦਰ ਸਿੰਘ ਨਰੂਲਾ ਪੰਜਾਬੀ ਦਾ ਇਕ ਅਜਿਹਾ ਨਾਵਲਕਾਰ ਹੈ ਜਿਸਦੀ ਬੌਧਿਕ ਪ੍ਰਤਿਭਾ ਪੰਜਾਬੀ ਸਾਹਿਤ-ਜਗਤ ਵਿਚ ਪ੍ਰਵਾਨ ਚੜ੍ਹੇ ਕਿਸੇ ਵੀ ਹੋਰ ਨਾਵਲਕਾਰ ਦੇ ਟਾਕਰੇ ਜ਼ਿਆਦਾ ਹੈ। ਉਸਨੇ ਆਪਣੇ ਨਾਵਲਾਂ ਵਿਚ ਸੁਤੰਤਰਤਾ

ਸੰਗਰਾਮ ਦੇ ਆਰਥਿਕ ਸਾਂਸਕ੍ਰਿਤਕ ਤੇ ਰਾਜਨੀਤਕ ਪਾਸਾਰਾਂ ਨੂੰ ਆਪਣੇ ਨਾਵਲਾਂ ਵਿਚ ਥਾਂ ਦਿੱਤੀ ਹੈ। 'ਮਿਲ ਅਲੂਣੀ' ਨਾਵਲ ਤਾਂ ਸਿੱਧੇ ਤੌਰ 'ਤੇ ਅਕਾਲੀ ਅੰਦੋਲਨ ਦੇ ਇਕ ਇਤਿਹਾਸਕ ਖੰਡ ਨੂੰ ਆਪਣਾ ਵਿਸ਼ਾ ਬਣਾਉਂਦਾ ਹੈ। ਉਸਦੇ ਕਈ ਹੋਰ ਨਾਵਲਾਂ 'ਪਿਓ ਪੁੱਤਰ', ਰੰਗ ਮੱਹਲ', 'ਦੀਨ ਤੇ ਦੁਨੀਆਂ' ਆਦਿ ਵਿਚ ਵੀ ਸੁਤੰਤਰਤਾ ਸੰਗਰਾਮੀਆਂ ਦੇ ਜਾਂ ਸੁਤੰਤਰਤਾ ਸੰਗਰਾਮ ਨਾਲ ਸੰਬੰਧਤ ਘਟਨਾਵਾਂ ਦੇ ਹਵਾਲੇ ਮਿਲਦੇ ਹਨ। ਸੰਤ ਸਿੰਘ ਸੇਖੋਂ ਦੇ ਨਾਵਲ 'ਬਾਬਾ ਆਸਮਾਨ' ਦੀ ਸਮੁੱਚੀ ਕਥਾ-ਵਸਤੂ ਇਕ ਗਦਰੀ ਦੇਸ਼-ਭਗਤ ਬਾਬਾ ਹਰੀ ਸਿੰਘ ਉਸਮਾਨ ਦੇ ਜੀਵਨ-ਸਮਾਚਾਰਾਂ ਉਤੇ ਆਧਾਰਿਤ ਹੈ। ਗਲਪ ਤੇ ਨਾਟਕ ਵਿਚ ਤਥਾ-ਕਥਿਤ ਆਧੁਨਿਕਤਾ ਤੇ ਊਲ-ਜਲੂਲਤਾ ਦੇ ਅਲੰਬਰਦਾਰ ਸੁਰਜੀਤ ਸਿੰਘ ਸੇਠੀ ਦੀ ਵੀ ਇਕ ਨਾਵਲ ਰਚਨਾ 'ਕੱਲ ਵੀ ਸੂਰਜ ਨਹੀਂ ਚੜ੍ਹੇਗਾ' ਜਲ੍ਹਿਆਂ ਵਾਲੇ ਬਾਗ ਦੇ ਖੂਨੀ ਸਾਕੇ ਉਤੇ ਆਧਾਰਿਤ ਹੈ।

ਨਾਵਲ-ਰਚਨਾ ਦੇ ਖੇਤਰ ਵਿਚ ਇਕ ਹੋਰ ਅਹਿਮ ਨਾਉਂ ਹੈ ਗਿਆਨੀ ਕੇਸਰ ਸਿੰਘ। ਉਸਦਾ ਪ੍ਰਥਮ ਨਾਵਲ 'ਲਹਿਰ ਵਧਦੀ ਗਈ' ਮਲਾਇਆ ਟਾਪੂਆਂ ਵਿਚ ਭਾਰਤੀ ਪਰਵਾਸੀਆਂ ਵੱਲੋਂ ਦੇਸ਼ ਦੀ ਸੁਤੰਤਰਤਾ ਲਈ ਲੜੇ ਜਾ ਰਹੇ ਘੋਲ ਦਾ ਬਹੁਤ ਸੋਹਣਾ ਵਿਊਰਾ ਸੀ। ਮਗਰੋਂ ਇਕ ਵੱਡ-ਆਕਾਰੀ ਨਾਵਲ 'ਜੰਗੀ ਕੈਦੀ' ਵਿਚ ਉਸਨੇ 'ਲਹਿਰ ਵਧਦੀ ਗਈ' ਨਾਵਲ ਦੀਆਂ ਬਹੁਤ ਸਾਰੀਆਂ ਘਟਨਾਵਾਂ ਨੂੰ ਸਮੋਣ ਤੋਂ ਬਿਨਾਂ ਦੂਜੀ ਸੰਸਾਰ ਜੰਗ ਦੌਰਾਨ ਬਦੇਸ਼ਾਂ ਵਿਚਲੇ ਭਾਰਤੀ ਪਰਵਾਸੀਆਂ ਤੇ ਸੈਨਿਕਾਂ ਵੱਲੋਂ ਆਜ਼ਾਦ ਹਿੰਦ ਫੌਜ ਕਾਇਮ ਕਰਨ ਦੀ ਘਟਨਾ ਨੂੰ ਕੁੰਜੀਵਤ ਸਥਾਨ ਦਿੱਤਾ ਸੀ। ਉਸ ਤੋਂ ਮਗਰੋਂ ਗਦਰ ਲਹਿਰ ਨਾਲ ਸੰਬੰਧਿਤ ਅਨੇਕਾਂ ਸ਼ਹੀਦਾਂ ਤੇ ਹੋਰ ਦੇਸ਼-ਭਗਤਾਂ ਦੇ ਜੀਵਨ-ਸਮਾਚਾਰਾਂ ਉਤੇ ਨਾਵਲਾਂ ਦੀ ਰਚਨਾ ਕਰਕੇ ਸੁਤੰਤਰਤਾ-ਸੰਗਰਾਮ ਦੇ ਵਿਸ਼ੇ ਨੂੰ ਲੈ ਕੇ ਰਚਨਾ ਕਰਨ ਵਾਲੇ ਸਾਹਿਤਕਾਰ ਵਜੋਂ ਉਸਨੇ ਆਪਣਾ ਨਿਵੇਕਲਾ ਬਿੰਬ ਸਥਾਪਤ ਕੀਤਾ ਹੈ। ਕੁਝ ਸਮਾਂ ਉਹ ਖੁਦ ਵੀ ਸੁਤੰਤਰਤਾ ਅੰਦੋਲਨ ਵਿਚ ਸਰਗਰਮ ਭਾਈਵਾਲ ਰਿਹਾ ਹੈ। 'ਲਹਿਰ ਵਧਦੀ ਗਈ' ਅਤੇ 'ਜੰਗੀ ਕੈਦੀ' ਨੂੰ ਛੱਡ ਕੇ ਉਸਦੇ ਨਾਵਲ ਸ਼ਿਲਪ ਦੇ ਪੱਖ ਤੋਂ ਕਮਜ਼ੋਰ ਹਨ; ਉਹਨਾਂ ਸਭਨਾਂ ਵਿਚ ਹੀ ਪਾਤਰ, ਘਟਨਾਵਾਂ ਤੇ ਸਥਿਤੀਆਂ ਏਨੇ ਇਕਸਾਰ ਰੂਪ ਵਿਚ ਪ੍ਰਾਪਤ ਹਨ ਕਿ ਮੌਲਿਕ ਨਾਵਲਾਂ ਵਜੋਂ ਉਹਨਾਂ ਦਾ ਮੁੱਲ ਬਹੁਤ ਘੱਟ ਹੋ ਜਾਂਦਾ ਹੈ, ਪਰ ਇਸਦੇ ਬਾਵਜੂਦ ਭਿੰਨ ਭਿੰਨ ਦੇਸ਼-ਭਗਤਾਂ ਦੇ ਜੀਵਨ-ਸਮਾਚਾਰਾਂ ਬਾਰੇ ਦਸਤਾਵੇਜ਼ੀ ਇਤਿਹਾਸਕ ਸਮੱਗਰੀ ਮੁਹੱਈਆ ਕਰਨ ਸਦਕਾ ਸੁਤੰਤਰਤਾ ਸੰਗਰਾਮ ਦੇ ਲੇਖਕ ਵਜੋਂ ਕੇਸਰ ਸਿੰਘ ਦੀਆਂ ਨਾਵਲੀ ਰਚਨਾਵਾਂ ਦਾ ਇਕ ਵਿਸ਼ੇਸ਼ ਸਥਾਨ ਹੈ।

ਰਾਸ਼ਟਰੀ ਮੁਕਤੀ ਅੰਦੋਲਨ ਨਾਲ ਸੰਬੰਧਤ ਇਤਿਹਾਸਕ ਪੁਸਤਕਾਂ ਭਾਵੇਂ ਸ਼ੁੱਧ ਸਿਰਜਣਾਤਮਕ ਸਾਹਿਤ ਦੀ ਕੋਟੀ ਵਿਚ ਨਹੀਂ ਆਉਂਦੀਆਂ ਪਰ 'ਸੁਤੰਤਰਤਾ ਸੰਗਰਾਮ ਤੇ ਪੰਜਾਬੀ ਲੇਖਕ ਦੇ ਪ੍ਰਸੰਗ' ਵਿਚ ਉਹਨਾਂ ਦਾ ਜ਼ਿਕਰ ਕਰਨਾ ਵੀ ਬਣਦਾ ਹੈ। ਵਿਸ਼ੇਸ਼ ਕਰਕੇ ਉਸ ਹਾਲਤ ਵਿਚ ਜਦੋਂ ਇਹਨਾਂ ਇਤਿਹਾਸਕ ਪੁਸਤਕਾਂ ਦੇ ਲੇਖਕ ਖੁਦ ਉਹਨਾਂ ਲਹਿਰਾਂ ਨਾਲ ਜੁੜੇ ਰਹੇ ਹਨ। ਸੋਹਣ ਸਿੰਘ ਜੋਸ਼ ਦੀ ਲਿਖਤ 'ਅਕਾਲੀ ਮੋਰਚਿਆਂ ਦਾ ਇਤਿਹਾਸ' ਅਤੇ ਗੁਰਚਰਨ ਸਿੰਘ ਸਹਿੰਸਰਾ ਦੀ ਰਚਨਾ 'ਗਦਰ ਪਾਰਟੀ ਦਾ ਇਤਿਹਾਸ' ਵਿਚ



ਸੁਤੰਤਰਤਾ ਸੰਗਰਾਮ ਦੇ ਇਹਨਾਂ ਮਹੱਤਵਪੂਰਨ ਕਾਂਡਾਂ ਨਾਲ ਸੰਬੰਧਤ ਪ੍ਰਮਾਣਿਕ ਸਮੱਗਰੀ ਤਾਂ ਉਪਲੱਭਧ ਹੈ ਹੀ, ਇਹਨਾਂ ਦੀ ਵਾਰਤਕ ਸ਼ੈਲੀ ਵੀ ਕਾਫੀ ਦਿਲਚਸਪ ਹੈ। ਗਦਰ ਲਹਿਰ, ਬੱਬਰ ਅਕਾਲੀ ਲਹਿਰ, ਕਿਰਤੀ ਕਮਿਊਨਿਸਟ ਲਹਿਰ ਨੂੰ ਵਿਸ਼ੇ ਵਜੋਂ ਲੈ ਕੇ ਹੋਰ ਬਹੁਤ ਸਾਰੀਆਂ ਪੁਸਤਕਾਂ ਲਿਖੀਆਂ ਗਈਆਂ ਹਨ ਜਿੰਨ੍ਹਾਂ ਵਿਚੋਂ ਜਗਜੀਤ ਸਿੰਘ ਰਚਿਤ 'ਗਦਰ ਲਹਿਰ' ਬਹੁਤ ਮਹੱਤਵਪੂਰਨ ਹੈ।

ਦੇਸ਼ ਨੂੰ ਆਜ਼ਾਦ ਹੋਇਆਂ ਚਾਲੀ ਵਰ੍ਹੇ ਬੀਤ ਗਏ ਹਨ। ਏਨੇ ਸਮੇਂ ਦੌਰਾਨ ਉਹ ਵਿਅਕਤੀ ਹੌਲੀ ਹੌਲੀ ਕਿਰਦੇ ਗਏ ਹਨ ਜਿੰਨ੍ਹਾਂ ਨੇ ਆਪਣੀ ਉਮਰ ਆਜ਼ਾਦੀ ਦੀ ਪ੍ਰਾਪਤੀ ਦੇ ਲੇਖੇ ਲਾਈ ਸੀ। ਏਸੇ ਤਰ੍ਹਾਂ ਹੀ ਹੁਣ ਉਹ ਸਾਹਿਤਕਾਰ ਵੀ ਪ੍ਰਾਪਤ ਨਹੀਂ ਜਿੰਨ੍ਹਾਂ ਨੇ ਸਾਹਿਤਕਾਰੀ ਦੇ ਨਾਲ ਨਾਲ ਆਜ਼ਾਦੀ ਦੇ ਸੰਗਰਾਮ ਵਿਚ ਵੀ ਹਿੱਸਾ ਪਾਇਆ ਸੀ। ਪਰ ਆਜ਼ਾਦੀ ਦਾ ਇਹ ਸੰਗਰਾਮ ਵੀਹਵੀਂ ਸਦੀ ਦੇ ਇਤਿਹਾਸ ਦਾ ਏਨਾ ਵੱਡਾ ਕਾਂਡ ਹੈ ਕਿ ਇਸਦੀ ਕਥਾ ਛੇਤੀ ਕੀਤਿਆਂ ਮੁੱਕਣ ਵਾਲੀ ਨਹੀਂ। ਇਸ ਲਈ ਸੁਤੰਤਰਤਾ ਪ੍ਰਾਪਤੀ ਤੋਂ ਚਾਲੀ ਵਰ੍ਹੇ ਬਾਅਦ ਵੀ, ਦੂਸਰੀਆਂ ਜ਼ਬਾਨਾਂ ਵਾਂਗ ਹੀ, ਸਾਡੀ ਭਾਸ਼ਾ ਵਿਚ ਵੀ ਇਸ ਵਿਸ਼ੇ ਉਤੇ ਸਿਰਜਣਾਤਮਕ ਕਿਰਤਾਂ ਦਾ ਰਚਿਆ ਜਾਣਾ ਜਾਰੀ ਹੈ। ਹਾਲੇ ਪਿੱਛੇ ਜਿਹੇ ਹੀ ਸ਼ਿਵਦੇਵ ਸੰਧਾਂਵਾਲੀਆ ਨੇ ਆਜ਼ਾਦ ਹਿੰਦ ਫੌਜ ਨਾਲ ਸੰਬੰਧਤ ਸਵੈ-ਜੀਵਨੀ-ਪਰਕ ਕਥਾਵਾਂ ਉਤੇ ਆਧਾਰਿਤ ਇਕ ਕਹਾਣੀ-ਸੰਗ੍ਰਹਿ ਪ੍ਰਕਾਸ਼ਿਤ ਕੀਤਾ ਹੈ। ਉਪਰ ਗਿਣਾਈਆਂ ਬਹੁਤ ਸਾਰੀਆਂ ਲਿਖਤਾਂ ਉਤਰ-ਸੁਤੰਤਰਤਾ ਕਾਲ ਦੀ ਹੀ ਉਪਜ ਹਨ। ਪੰਜਾਬੀ ਵਿਚ ਇਸ ਵਿਸ਼ੇ ਉਤੇ ਹੋਈ ਸਾਰੀ ਰਚਨਾ ਨੂੰ ਸੰਗਠਿਤ ਕਰਨ ਤੇ ਇਸਦਾ ਵਰਗੀਕਰਣ ਕਰਕੇ ਇਸਦਾ ਮੁੱਲਾਂਕਣ ਕਰਨ ਦਾ ਕੰਮ ਬਹੁਤ ਵਡੇਰਾ ਹੈ, ਜੋ ਹਾਲੀ ਹੋਣਾ ਬਾਕੀ ਹੈ। ਕਿਉਂਜੁ ਇਸ ਵਿਸ਼ੇ ਉਤੇ ਰਚਨਾ ਦਾ ਕਰਮ ਜਾਰੀ ਰਹਿਣ ਦੀ ਸੰਭਾਵਨਾ ਹੈ, ਇਸ ਲਈ ਮੁੱਲਾਂਕਣ ਦਾ ਇਹ ਕੰਮ ਨੇੜ-ਭਵਿਖ ਵਿਚ ਸੰਪੂਰਨ ਹੋਣਾ ਮੁਮਕਿਨ ਵੀ ਨਹੀਂ।

ਅੱਜ ਜਦੋਂ ਪੰਜਾਬ, ਕਈ ਕਾਰਨਾਂ ਕਰਕੇ, ਇਕ ਗੰਭੀਰ ਸੰਕਟ ਦੀ ਸਥਿਤੀ ਵਿਚੋਂ ਲੰਘ ਰਿਹਾ ਹੈ, ਜਿਸ ਵਿਚ ਦਿੱਖ, ਭਾਸ਼ਾ ਤੇ ਸਭਿਆਚਾਰਕ ਆਧਾਰਾਂ ਉਤੇ ਪੰਜਾਬੀ ਵਸੋਂ ਇਕ ਗੰਭੀਰ ਦੁਫਾੜ ਦਾ ਸ਼ਿਕਾਰ ਹੋ ਰਹੀ ਹੈ, ਉਦੋਂ ਰਾਸ਼ਟਰਵਾਦ ਦੀ ਭਾਵਨਾ ਨਾਲ ਸਭ ਵਿਤਕਰਿਆਂ ਤੋਂ ਉਪਰ ਉੱਠਕੇ ਪੰਜਾਬੀ ਜਨਸਮੂਹ ਨੂੰ ਇਕ ਕਰਨ ਦਾ ਕਾਰਜ ਬਹੁਤ ਮਹੱਤਵ ਗ੍ਰਹਿਣ ਕਰ ਜਾਂਦਾ ਹੈ। ਏਸ ਮਹੱਤਵ ਦੇ ਸਨਮੁਖ ਸੁਤੰਤਰਤਾ ਸੰਗਰਾਮ ਦੌਰਾਨ ਦ੍ਰਿਸ਼ਟੀਗੋਚਰ ਹੋਈ ਲੋਕਾਂ ਦੀ ਏਕਤਾ ਤੇ ਇਸ ਨੂੰ ਉਭਾਰਨ ਵਾਲੀ ਸਾਹਿਤ-ਰਚਨਾ, ਭਾਵੇਂ ਉਹ ਪਿਛਲੇ ਸਮੇਂ ਵਿਚ ਹੋਈ ਹੋਵੇ ਜਾਂ ਸਮਕਾਲ ਵਿਚ ਲਿਖੀ ਜਾ ਰਹੀ ਹੋਵੇ, ਬਹੁਤ ਮੁੱਲਵਾਨ ਹੋ ਨਿਬੜਦੀ ਹੈ।

□

# ਨਿਰਮਲ ਅਰਪਨ ਦੀ 'ਤੂਲਿਕਾ'

ਹਰਭਜਨ ਸਿੰਘ ਹੁੰਦਲ

"ਤੂਲਿਕਾ" ਨਿਰਮਲ ਅਰਪਨ ਦੀ ਦੂਸਰੀ ਕਾਵਿ-ਕ੍ਰਿਤੀ ਹੈ। ਆਪਣੀ ਪਹਿਲੀ ਕਾਵਿ-ਰਚਨਾ "ਖਲਨਾਇਕ" ਸਦਕਾ ਉਹ ਆਧੁਨਿਕ ਪੰਜਾਬੀ ਕਵਿਤਾ ਦੇ ਖੇਤਰ ਵਿਚ ਜ਼ਿਕਰ-ਯੋਗ ਸਥਾਨ ਦਾ ਹੱਕਦਾਰ ਬਣ ਗਿਆ ਸੀ। ਪਹਿਲੇ ਸੰਗ੍ਰਹਿ ਵਿਚ ਛੋਟੀਆਂ ਨਜ਼ਮਾਂ ਸਨ, ਰੂਪ ਦੇ ਪੱਖੋਂ ਪ੍ਰਖਤਾ, ਖੁਲ੍ਹੀਆਂ ਪਰ ਰਿਦਮ-ਭਰਪੂਰ। ਇਹਨਾਂ ਦਾ ਵਡੇਰਾ ਭਾਗ ਬਹੁਤ ਹੀ ਨਿੱਜੀ ਭਾਂਤ ਦੇ ਅੰਤਰਮੁੱਖੀ ਅਨੁਭਵਾਂ ਨਾਲ ਸੰਬੰਧਤ ਸੀ। ਇਹਨਾਂ 'ਚੋਂ ਸਮਕਾਲ ਦੇ ਨੈਣ-ਨਕਸ਼ ਬਹੁਤ ਕੋਸ਼ਿਸ਼ ਨਾਲ ਲੱਭਦੇ ਸਨ ਤੇ ਉਹ ਵੀ ਧੁੰਧਲੇ ਤੇ ਟਾਂਵੇਂ-ਟਾਂਵੇਂ। ਐਪਰ ਉਸ ਦੀ ਹਰ ਕਾਵਿ-ਪੰਗਤੀ ਹੰਢੇ ਹੋਏ ਸ਼ਿਲਪੀ ਹੱਥਾਂ ਦੀ ਰਚਨਾ ਪ੍ਰਤੀਤ ਹੁੰਦੀ ਸੀ। ਇਹਨਾਂ ਕਵਿਤਾਵਾਂ ਵਿਚ ਉਹ ਮੁੱਖ ਤੌਰ 'ਤੇ ਸਮਕਾਲੀ ਹਾਲਾਤ ਨਾਲ ਨਹੀਂ, ਸਗੋਂ ਆਪਣੇ ਆਪ ਨਾਲ ਸੰਵਾਦ ਰਚਾਉਣ ਦੀ ਕੋਸ਼ਿਸ਼ ਕਰਦਾ ਵਿਖਾਈ ਦਿੰਦਾ ਸੀ।

"ਤੂਲਿਕਾ" ਵਿਚ ਉਸ ਨੇ ਇਕ ਹੋਰ ਵੱਖਰਾ ਖੇਤਰ ਚੁਣ ਲਿਆ ਹੈ। ਉਹ ਪੁਰਾਤਨ ਕਥਾਵਾਂ ਦੀ ਪੁਨਰ-ਸਿਰਜਣਾ ਵੱਲ ਰੁਚਿਤ ਹੋ ਗਿਆ ਹੈ। ਸੋਚਣ ਵਾਲੀ ਗੱਲ ਹੈ ਕਿ ਉਸ ਨੇ ਕਿਨ੍ਹਾਂ ਕਾਰਨਾਂ ਕਰਕੇ ਆਪਣੀ ਪ੍ਰਤਿਭਾ ਦੇ ਪ੍ਰਗਟਾਅ ਲਈ, ਸਮਕਾਲੀ ਸਥਿਤੀਆਂ ਤੋਂ ਮੂੰਹ ਫੇਰਕੇ ਅਤੀਤ ਵੱਲ ਕਰ ਲਿਆ ਹੈ। ਕੀ ਸਮਕਾਲੀ ਯਥਾਰਥ ਉਸ ਦੀ ਪਕੜ ਵਿਚ ਨਹੀਂ ਆ ਰਿਹਾ? ਕੀ ਅਜੋਕੀ ਸਮਾਜਕ ਸਥਿਤੀ ਉਸ ਲਈ ਪ੍ਰੇਰਨਾ ਦਾ ਸਰੋਤ ਬਣਨ ਦੇ ਕਾਬਿਲ ਨਹੀਂ ਹੁੰਦੀ। ਦੋਵੇਂ ਗੱਲਾਂ ਕਿਸੇ ਹੱਦ ਤੀਕ ਠੀਕ ਹੋ ਸਕਦੀਆਂ ਸਨ।

'ਤੂਲਿਕਾ' ਕਾਵਿ-ਸੰਗ੍ਰਹਿ ਵਿਚ ਪੰਜ-ਕਵਿਤਾਵਾਂ ਹਨ, ਜਿਨ੍ਹਾਂ ਵਿਚੋਂ ਪਹਿਲੀਆਂ ਦੋ ਲੰਮੇਰੀਆਂ ਹਨ ਤੇ ਆਖਰੀ ਤਿੰਨ ਇਹਨਾਂ ਦੇ ਟਾਕਰੇ 'ਤੇ ਛੋਟੀਆਂ। ਪੁਸਤਕ ਦੇ ਕੁੱਲ 88 ਪੰਨੇ ਹਨ, ਜਿਨ੍ਹਾਂ ਵਿਚ 48 ਪੰਨੇ ਭੂਮਿਕਾ, ਸਵੈ-ਚਿੱਤਰ ਤੇ ਹੋਰ ਨਾਟਕੀ ਭਾਂਤ ਦੀਆਂ ਟਿੱਪਣੀਆਂ ਤੇ ਤਸਵੀਰਾਂ ਆਦਿ ਨਾਲ ਸੰਬੰਧਿਤ ਹਨ ਤੇ ਸਿਰਫ 40 ਸਫ਼ੇ ਹੀ ਕਵਿਤਾਵਾਂ ਦੇ ਹਨ। ਇੰਝ ਇਸ ਰਚਨਾ ਦੇ ਅੱਧੇ ਸਫ਼ੇ ਵਾਰਤਕ ਤੇ ਅੱਧੇ ਕਵਿਤਾ ਨਾਲ ਸੰਬੰਧਿਤ ਹਨ। ਮੈਂ ਆਪਣੀ ਵਿਚਾਰ-ਚਰਚਾ ਸਿਰਫ ਕਵਿਤਾ ਤੱਕ ਹੀ ਸੀਮਿਤ ਰੱਖਾਂਗਾ, ਕਿਉਂਕਿ ਮੁੱਖ ਤੌਰ 'ਤੇ ਇਹ ਵਾਰਤਕ ਸਮੱਗਰੀ ਪੇਸ਼ ਕੀਤੀ ਗਈ ਕਵਿਤਾ ਦੇ ਪ੍ਰਭਾਵ ਨੂੰ ਹੋਰ ਤੀਬਰ ਕਰਨ ਦੀ ਕੋਸ਼ਿਸ਼ ਦਾ ਹੀ ਸਿੱਟਾ ਹੈ।

ਨਿਰਮਲ ਅਰਪਨ ਨੇ ਪੁਰਾਤਨ ਭਾਰਤੀ ਕਥਾਵਾਂ ਦੀ ਪੁਨਰ-ਸਿਰਜਣਾ ਦੀ ਕੋਸ਼ਿਸ਼ ਕਰਕੇ, ਇਹਨਾਂ ਨੂੰ ਅਜੋਕੇ ਯੁੱਗ ਦੀਆਂ ਲੋੜਾਂ ਤੇ ਤਕਾਜ਼ਿਆਂ ਅਨੁਸਾਰ ਢਾਲ ਕੇ ਪੇਸ਼



ਕਰਨ ਦਾ ਉਪਰਾਲਾ ਕੀਤਾ ਹੈ। ਭੂਮਿਕਾ ਵਿਚ ਉਹ ਲਿਖਦਾ ਹੈ, "ਇਹ ਕਵਿਤਾਵਾਂ ਮਨੁੱਖੀ ਆਤਮਾ 'ਤੇ ਜੋ ਕੁਝ ਵਾਪਰਦਾ ਹੈ ਉਸ ਦੀ ਪੀੜ ਤੱਕ ਸੀਮਤ ਹਨ। ਅਹਿਸਾਸ ਦੀ ਚਿਤਰ-ਲਿੱਪੀ 'ਤੇ ਖਿੰਡਰੇ-ਪੁੰਡਰੇ ਅਥਵਾ ਨਿਘਰਦੇ ਮਨ ਦਾ ਵਰਣਨ।" (ਪੰਨਾ 18) ਅਤੇ ਭੂਮਿਕਾ ਦਾ ਅੰਤ ਕਰਦਿਆਂ ਉਹ ਲਿਖਦਾ ਹੈ : "ਇਸੇ ਤਰ੍ਹਾਂ ਕਲਾ ਵੀ ਜੀਵਨ ਲਈ ਨਵਾਂ ਰਾਹ ਉਲੀਕਦੀ ਹੈ"। (ਪੰਨਾ 20) ਪਾਠਕ ਦੇ ਮਨ ਵਿਚ ਇਹ ਕਿੰਤੂ ਉਠਦਾ ਹੈ, "ਖਿੰਡਰੇ-ਪੁੰਡਰੇ ਅਥਵਾ ਨਿਘਰਦੇ ਮਨ ਦਾ ਵਰਣਨ" ਕਰਕੇ ਲੇਖਕ ਦੀ ਕਾਵਿ-ਕਲਾ ਜੀਵਨ ਲਈ ਕਿਹੜਾ ਨਵਾਂ ਰਾਹ ਉਲੀਕਦੀ ਹੈ?

"ਦੁਸ਼ਿਅੰਤ" ਇਸ ਸੰਗ੍ਰਹਿ ਦੀ ਮੁੱਖ ਰਚਨਾ ਹੈ, ਜਿਹੜੀ ਅਰਪਨ ਦੀ ਸ਼ਿਲਪ ਸਮਰੱਥਾ ਦੀ ਗਵਾਹੀ ਭਰਨ ਦੇ ਨਾਲ ਨਾਲ ਉਸ ਦੀ ਵਿਚਾਰਧਾਰਕ ਸੀਮਾ ਵੀ ਨਿਸਚਿਤ ਕਰਦੀ ਹੈ। ਅਰਪਨ ਨੇ ਕਹਾਣੀ ਤਾਂ ਪੁਰਾਣੀ ਲਈ ਹੈ, ਸ਼ਕੁੰਤਲਾ ਨਾਟਕ ਵਿਚਲੀ। ਪਰ ਉਸ ਕਹਾਣੀ ਦੇ ਦੋਵੇਂ ਮੁੱਖ ਪਾਤਰਾਂ ਨੂੰ ਪੁਰਾਤਨ ਕਾਲ 'ਚੋਂ ਕੱਢ ਕੇ ਅਜੋਕੇ ਯੁਗ ਵਿਚ ਲੈ ਆਂਦਾ ਹੈ। ਪੁਰਾਤਨ ਕਹਾਣੀ ਵਿਚ ਦੁਸ਼ਿਅੰਤ ਇਕ ਸਮਰਾਟ ਸੀ, ਜੋ ਸ਼ਕੁੰਤਲਾ ਨੂੰ ਪਿਆਰ ਦਾ ਇਕਰਾਰ ਕਰ, ਅੰਤ ਸਾਰੇ ਵਾਅਦੇ ਭੁੱਲ ਜਾਂਦਾ ਹੈ। ਪਰ ਨਿਰਮਲ ਅਰਪਨ ਦੀ ਨਵੀਂ ਕਹਾਣੀ ਵਿਚ ਦੁਸ਼ਿਅੰਤ ਇੱਕ ਸਾਧਾਰਨ ਮਨੁੱਖ ਹੈ। ਇਹ ਮਨੁੱਖ ਕਿਹੜੇ ਦੇਸ਼ ਕਾਲ ਤੇ ਕਿਹੜੀ ਸਥਾਨਕ ਸਭਿਆਚਾਰਕ ਇਕਾਈ ਜਾਂ ਜਾਤੀ-ਜੁੱਟ ਨਾਲ ਸੰਬੰਧਤ ਹੈ? ਕੀ ਉਹ ਦੇਸ, ਕਾਲ, ਜਾਂ ਸਮਾਂ-ਸਥਾਨ ਦੀ ਸੀਮਾ ਤੋਂ ਸੁਤੰਤਰ ਤੇ ਨਿਰਲੇਪ ਹੈ? ਇਹ ਗੱਲਾਂ ਨਾ ਤੇ ਨਿਰਮਲ ਦੀ ਕਵਿਤਾ 'ਚੋਂ ਸਪਸ਼ਟ ਹੁੰਦੀਆਂ ਹਨ ਤੇ ਨਾ ਹੀ ਉਸਦੀਆਂ ਵਾਰਤਕ ਟਿੱਪਣੀਆਂ ਤੋਂ।

ਇਸ ਕਵਿਤਾ ਦੇ ਪਹਿਲੇ ਭਾਗ ਵਿਚ ਦੁਸ਼ਿਅੰਤ ਸ਼ਕੁੰਤਲਾ ਨੂੰ ਸੰਬੋਧਨ ਹੁੰਦਾ ਹੋਇਆ, ਉਸ ਨਾਲ ਸਦੀਆਂ ਪਹਿਲਾਂ ਬਿਤਾਏ ਮਿਲਾਪ ਦੇ ਦਿਨਾਂ ਦੇ ਵਾਤਾਵਰਨ ਦੀ ਪੁਨਰ-ਸਿਰਜਣਾ ਕਰਦਾ ਕਹਿੰਦਾ ਹੈ :

> ਇਸ ਪਵਿੱਤਰ ਰੁੱਖ ਦੇ ਕੋਲ,
> ਅੱਜ ਵੀ ਮੁੜ ਮੁੜ ਸਾਹ ਪਏ ਲੈਂਦੇ, ਉਸ ਪੁਰਾਤਨ ਕਾਲ ਦੇ ਬੋਲ।

ਦੂਸਰੇ ਦ੍ਰਿਸ਼ ਵਿਚ ਦੁਸ਼ਿਅੰਤ ਆਪਣੀਆ ਵਧੀਕੀਆਂ ਤੇ ਬੇਰੁਖੀ ਕਾਰਨ, ਸ਼ਕੁੰਤਲਾ ਸਾਹਵੇਂ ਆਪਣੇ ਆਪ ਨੂੰ ਲਾਹਨਤਾਂ ਪਾਉਂਦਾ ਹੈ :

> ਮੈਂ ਕਲਮੂੰਹਾਂ ਭੁੱਲਕੇ ਤੈਨੂੰ
> ਆਪਣੀ ਅਉਧ ਵਿਹਾਈ!

ਤੀਸਰੇ ਦ੍ਰਿਸ਼ ਵਿੱਚ ਦੁਸ਼ਿਅੰਤ ਸ਼ਕੁੰਤਲਾ ਨੂੰ ਪੁਰਾਣੀਆਂ ਗੱਲਾਂ ਨੂੰ ਭੁੱਲ, ਨਵੇਂ ਸਿਰਿਉਂ ਪਿਆਰ-ਮਿਲਨ ਲਈ ਅਰਜ਼ੋਈ ਕਰਦਾ ਅਥਵਾ ਸੱਦਾ ਦਿੰਦਾ ਪ੍ਰਤੀਤ ਹੁੰਦਾ ਹੈ :

> ਜਾ ਨੀ ਅੜੀਏ, ਕਰ ਸੋਲਾਂ ਸ਼ਿੰਗਾਰ।
> ਆ ਮੁੜ ਉੱਡਦੀ ਮੈਨਾ ਦੀ ਛਾਂ ਫੜੀਏ

ਮਹਾ-ਕਾਲ ਦੀ ਸੌਂਹ ਖਾ ਕੇ ਹੁਣ ਅਗਲਾ ਵਰਕਾ ਪੜ੍ਹੀਏ ।

ਇਸ ਕਵਿਤਾ ਵਿਚ ਕਾਵਿ-ਨਾਟਕ ਦੀ ਮਨੋ-ਬਚਨੀ ਵਿਧੀ ਰਾਹੀਂ, ਨਿਰਮਲ ਅਰਪਨ, ਦੁਸ਼ਿਅੰਤ ਦੇ ਮੂੰਹੋਂ ਸਾਰੀ ਗੱਲ ਪੇਸ਼ ਕਰਦਾ ਹੈ ਤੇ ਦੁਸ਼ਿਅੰਤ ਦੇ ਮੂੰਹੋਂ, ਕਹਾਣੀ ਨੂੰ ਅਜੋਕੇ ਸਮੇਂ ਵਿਚ ਰੱਖ ਕੇ, ਉਸ ਕੋਲੋਂ ਪਸਚਾਤਾਪ ਕਰਵਾਉਂਦਾ ਹੋਇਆ ਇਹ ਅਖਵਾਉਂਦਾ ਹੈ ਕਿ ਪੁਰਾਣੇ ਸਮੇਂ ਵਿਚ ਉਹ ਇਕ ਸਮਰਾਟ ਹੋਣ ਕਾਰਨ ਵਧੀਕੀਆਂ ਕਰ ਗਿਆ ਸੀ । ਉਹ ਸ਼ਕੁੰਤਲਾ ਨੂੰ ਸੰਬੋਧਨ ਹੁੰਦਾ ਹੋਇਆ, ਅਜੋਕੇ ਯੁੱਗ ਵਿਚ, ਇਸਤਰੀ ਨਾਲ ਸੰਤੁਲਤ ਵਿਹਾਰ ਕਰਨ ਦਾ ਇਕਰਾਰ ਕਰਦਾ ਹੋਇਆ, ਉਸ ਨੂੰ ਪੁਰਾਣੀਆਂ ਭੁੱਲਾਂ ਨੂੰ ਬਖਸ਼ ਦੇਣ ਲਈ ਤਰਲੇ ਪਾਉਂਦਾ ਹੈ । ਪਾਠਕ ਦੇ ਮਨ ਵਿਚ ਇਹ ਕਿੰਤੂ ਉੱਠਦਾ ਹੈ ਕਿ ਕੀ ਅਜੋਕੇ ਪੂੰਜੀਵਾਦੀ ਆਰਥਿਕ ਪ੍ਰਬੰਧ ਅਧੀਨ, ਭਾਰਤ ਵਿਚ ਹੁਣ ਮਰਦ, ਆਪਣੇ ਪੈਸੇ ਦੇ ਬਲ 'ਤੇ ਇਸਤਰੀ ਨੂੰ ਐਕਸਪਲਾਇਟ ਨਹੀਂ ਕਰ ਸਕਦਾ ! ਕੀ ਅਜੋਕਾ ਭਾਰਤੀ ਮਨੁੱਖ ਬਹੁਤ ਸਾਊ ਹੋ ਗਿਆ ਹੈ ਕਿ ਉਹ ਆਪਣੇ ਧਨ ਤੇ ਧੌਂਸ ਨੂੰ ਭੁੱਲ, ਇਸਤਰੀ ਨਾਲ, ਬਰਾਬਰੀ ਦਾ, ਮਨੁੱਖੀ ਵਿਹਾਰ ਕਰੇਗਾ ? ਅਰਪਨ ਦੀ ਕਵਿਤਾ ਵਿਵੇਕ ਦੀ ਪੱਧਰ 'ਤੇ ਇਹਨਾਂ ਕਿੰਤੂਆਂ ਦਾ ਕੋਈ ਉੱਤਰ ਨਹੀਂ ਦਿੰਦੀ । ਇਸ ਲੰਮੀ ਨਾਟਕੀ ਕਵਿਤਾ ਵਿਚ ਉਸ ਦਾ ਸਮੁੱਚਾ ਰਚਨਾ-ਜਗਤ ਠੋਸ ਧਰਾਤਲ ਦੀ ਥਾਂ ਖਲਾਅ ਵਿਚ ਲਟਕਦਾ ਪ੍ਰਤੀਤ ਹੁੰਦਾ ਹੈ ।

ਇਸ ਸੰਗ੍ਰਹਿ ਦੀ ਦੂਸਰੀ ਕਾਵਿ-ਕਿਰਤ "ਕਚ-ਦੇਵਯਾਨੀ" ਵਧੇਰੇ ਸਾਰਥਕ ਰਚਨਾ ਹੈ ਜਿਸ ਵਿਚ ਰਚਨਾਕਾਰ ਇਕ ਪੁਰਾਤਨ ਕਥਾ ਨੂੰ ਅਜੋਕੇ ਸਮੇਂ ਦੀ ਸੂਝ, ਚਿੰਤਨ ਤੇ ਲੋੜ ਅਨੁਸਾਰ ਨਵਾਂ ਰੂਪ ਦਿੰਦਾ ਹੈ ! ਪੁਰਾਤਨ ਇਤਿਹਾਸਕ ਮਿਥਿਹਾਸਕ ਕਥਾਵਾਂ, ਵਾਰਤਾਵਾਂ ਨੂੰ ਬਦਲਦੇ ਹੋਏ ਪ੍ਰਸੰਗ ਅਨੁਸਾਰ, ਨਵਾਂ ਰੂਪ ਦੇਣਾ ਜਾਂ ਪੁਨਰ-ਵਿਆਖਿਆ ਕਰਨੀ ਬੜਾਂ ਸਾਰਥਕ ਤੇ ਸੰਜੀਦਾ ਰਚਨਾਤਮਕ ਕਾਰਜ ਹੈ, ਜਿਹੜਾ ਨਿਰਮਲ ਅਰਪਨ ਨੇ ਇਸ ਕਵਿਤਾ ਵਿਚ ਪੂਰੀ ਕੁਸ਼ਲਤਾ ਨਾਲ ਸਿਰੇ ਚਾੜ੍ਹਿਆ ਹੈ । ਇਸ ਕਹਾਣੀ ਦਾ ਪਾਤਰ ਕੱਚ, ਪਿਤਾ ਦੇ ਆਦੇਸ਼ ਅਨੁਸਾਰ. ਕਲਪਤ ਦੇਵ-ਲੋਕ ਤੋਂ ਮਾਤ-ਲੋਕ ਅਥਵਾ ਸਾਡੀ ਧਰਤੀ ਉਤੇ ਵਿਦਿਆ ਦੀ ਪ੍ਰਾਪਤੀ ਲਈਂ ਆਉਂਦਾ ਹੈ ਤੇ ਧਰਤੀ ਦੀ ਸੁੰਦਰਤਾ ਨੂੰ ਵੇਖ, ਵਿਦਿਆ-ਪ੍ਰਾਪਤੀ ਤੋਂ ਪਿਛੋਂ ਵਾਪਸ ਦੇਵ-ਲੋਕ ਵਿਚ ਜਾਣ ਤੋਂ ਇਨਕਾਰੀ ਹੋ ਜਾਂਦਾ ਹੈ । ਇੰਝ ਉਹ ਕਲਪਤ-ਸੰਸਾਰ ਦੀ ਥਾਂ ਠੋਸ ਦਿਸਦੇ ਯਥਾਰਥ ਦੀ ਚੋਣ ਕਰਦਾ, ਉਹ ਸਾਨੂੰ, ਭਾਰਤੀ ਲੋਕਾਂ ਨੂੰ, ਇਸ ਸੰਸਾਰ ਦੀ ਥਾਂ ਕਲਪਤ ਸਵਰਗ ਦੇ ਕਲਪਤ ਸੁੱਖਾਂ ਦੀ ਕਾਮਨਾ ਨੂੰ ਤਿਆਗ ਦੇਣ ਦਾ ਸੁਨੇਹਾ ਦਿੰਦਾ ਪ੍ਰਤੀਤ ਹੁੰਦਾ ਹੈ । ਨਿਸਚੇ ਹੀ ਅਰਪਨ ਨੇ ਇਸ ਪੁਰਾਤਨ ਕਥਾ ਨੂੰ ਅਜੋਕੇ ਯੁੱਗ ਦੀ ਸਾਰਥਕ ਸੋਚ ਅਨੁਸਾਰ ਨਵੇਂ ਅਰਥ ਪ੍ਰਦਾਨ ਕਰਕੇ ਇਕ ਸਮਰੱਥਾਵਾਨ ਕਲਾਕਾਰ ਹੋਣ ਦਾ ਪ੍ਰਮਾਣ ਦਿੱਤਾ ਹੈ । ਦੇਵ-ਲੋਕ ਦੀ ਥਾਂ ਮਾਤ-ਲੋਕ ਅਥਵਾ ਇਸ ਪ੍ਰਿਥਵੀ 'ਤੇ ਰਹਿਣ ਦਾ ਕੱਚ ਦਾ ਫੈਸਲਾ ਪਿਤਾ ਨਾਲ ਕੀਤੇ ਇਕਰਾਰ ਅਥਵਾ ਬਚਨ ਦੀ ਘੋਰ ਅਵੱਗਿਆ ਸੀ, ਜਿਸ ਅਵੱਗਿਆ ਦੀ ਸਜ਼ਾ ਤੋਂ ਉਹ ਡਰਦਾ ਨਹੀਂ :

ਦੇਵ ਦੰਭ ਦੇ ਮਹਾਂ ਮੇਘ ਤੋਂ ਮੈਂ ਕੀ ਲੈਣਾ, ਦੇਵਤਿਆਂ ਦਾ ਭੈ ਨਾ ਮੈਨੂੰ



ਨਾ ਡਰ ਲੱਗਦਾ ਕਿਸੇ ਬਲੀ ਤੋਂ, ਨਾ ਮੈਂ ਕੋਈ ਨਿੱਕਾ ਵੱਡਾ ਦੇਵ ਦੂਤ ਹਾਂ

... ... ... ...

ਸੰਗ੍ਰਹਿ ਦੀ ਤੀਸਰੀ ਕਵਿਤਾ "ਨੀਲ-ਕੰਠ" ਦਾ ਪੁਸਤਕ ਦੀਆਂ ਪਹਿਲੀਆਂ ਦੋਵਾਂ ਰਚਨਾਵਾਂ ਨਾਲ ਕੋਈ ਸੁਮੇਲ ਨਹੀਂ । ਅਸਲ ਵਿਚ ਪਹਿਲੀਆਂ ਦੋਵਾਂ ਰਚਨਾਵਾਂ ਦੀ ਆਖਰੀ ਤਿੰਨਾਂ ਰਚਨਾਵਾਂ ਨਾਲ ਕੋਈ ਸੁਰ ਨਹੀਂ ਮਿਲਦੀ ਆਖਰੀ ਤਿੰਨ ਕਵਿ-ਤਾਵਾਂ, ਪੁਰਾਤਨ ਕਥਾਵਾਂ ਦੀ ਪੁਨਰ-ਸਿਰਜਣਾ ਦੇ ਉਲਟ ਕਵੀ ਦੀ ਅਜੋਕੀ ਮਨੋ-ਸਥਿਤੀ ਅਤੇ ਸਮਕਾਲੀ ਪ੍ਰਸੰਗ ਨਾਲ ਸੰਬੰਧਤ ਹਨ, ਭਾਵੇਂ ਲੇਖਕ ਨੇ ਇਹਨਾਂ ਤਿੰਨਾਂ ਕਵਿਤਾਵਾਂ ਦੇ ਆਰੰਭ ਵਿਚ ਪੁਰਾਤਨ ਭਾਰਤੀ ਗਰੰਥਾਂ 'ਚੋਂ ਟੂਕਾਂ ਤੇ ਹਵਾਲੇ ਦੇ ਕੇ ਇਹ ਪ੍ਰਭਾਵ ਦੇਣ ਦਾ ਯਤਨ ਕੀਤਾ ਹੈ ਕਿ ਇਹ ਪੰਜੇ ਰਚਨਾਵਾਂ ਇਕੋ ਹੀ ਸਮੇਂ (ਪੁਰਾਤਨ ਭਾਰਤੀ ਸੰਸਕ੍ਰਿਤੀ) ਤੋਂ ਪ੍ਰੇਰਤ ਹਨ ।

"ਨੀਲ-ਕੰਠ" ਕਵਿਤਾ ਕਵੀ ਦੀ ਦੁਬਿਧਾ ਉਦਾਸੀ, ਮਜਬੂਰੀ ਅਤੇ ਉਸ ਦੀ ਨਿੱਜੀ ਵੇਦਨਾ ਨਾਲ ਸੰਬੰਧਤ ਹੈ । ਉਹ ਕਹਿੰਦਾ ਹੈ :

ਜਾਪਿਆ ਹਰ ਵਾਰ ਹੀ, ਇਹੋ ਤਾਂ ਮੇਰਾ ਰਾਹ
ਕੁਝ ਦੂਰ ਜਾ ਕੇ ਪਤਾ ਲੱਗਾ ਇਹ ਨਹੀਂ ਉਹ ਰਾਹ

ਰਾਹਾਂ 'ਚ ਭਟਕਣ ਬੀਜ ਕੇ, ਪਰਤ ਆਇਆ ਉਸੇ ਥਾਂ
ਜਿਥੋਂ ਮੈਂ ਤੁਰਿਆ ਸਾਂ
ਇਕ ਕਦਮ ਵੀ ਹੋਰ ਮੈਂ, ਅੱਗੇ ਨਾ ਤੁਰ ਸਕਿਆ ।

ਭਵਿੱਖ ਬਾਰੇ ਨਿਰਾਸ਼ਾ-ਭਰੀ ਸੁਰ ਵਿਚ ਭਵਿੱਖ-ਬਾਣੀ ਕਰਦਾ ਉਹ ਆਖਦਾ ਹੈ :

ਇਕ ਕਬਰ ਮੇਰੀ ਵੀ ਹੈ ਏਥੇ, ਜਿਸ ਦੇ ਉਤੇ ਮੇਰਾ ਪੁੱਤਰ
ਮੁੜ ਵਸਾਏਗਾ ਨਵਾਂ ਇਕ ਘਰ, ਮੇਰੇ ਹੀ ਵਾਕਣ
ਆਪਣੇ ਆਪ ਤੋਂ ਡਰ ਡਰ

ਉਸ ਨੂੰ ਆਪਣੇ ਆਪ 'ਤੇ ਭਰੋਸਾ ਨਹੀਂ ਕਿ ਕੀ ਉਹ ਇਸ ਜਗਤ ਦੇ ਜ਼ਹਿਰ ਨੂੰ ਚੂਸਣ ਵਾਲੀ ਕੋਈ ਰਚਨਾ ਰਚ ਵੀ ਸਕੇਗਾ ਕਿ ਨਹੀਂ :

ਖਬਰੇ ਮੈਂ ਵਿਸ਼ਪਾਨ ਦੀ ਵਿਥਿਆ, ਲਹੂ ਨਾਲ ਲਿਖ ਸਕਦਾ
ਧਰਤੀ ਦੀ ਹਿੱਕ ਜੇਡਾ ਕਾਗਜ਼, ਜੇ ਮੈਨੂੰ ਮਿਲ ਸਕਦਾ

ਚੌਥੀ ਕਵਿਤਾ "ਸ਼ਕੁੰਤਲਾ" ਵਿਚ ਉਹ ਦੁਸ਼ਿਅੰਤ ਤੇ ਸ਼ਕੁੰਤਲਾ ਦੀ ਪ੍ਰੇਮ-ਕਥਾ ਨੂੰ ਪ੍ਰਤੀਕ ਵਜੋਂ ਵਰਤ ਕੇ, ਆਪਣੇ ਦਿਲ ਦੀ ਵੇਦਨ ਨੂੰ ਜੀਭਾ ਦਿੰਦਾ ਹੈ :

ਸਭ ਕੁਝ ਧਰਿਆ ਧਰਾਇਆ ਰਹਿ ਗਿਆ
ਕੁਝ ਹੋਰ ਹੋ ਸਕਿਆ ਨਹੀਂ, ਕੋਸੇ ਹਨੇਰੇ ।
ਸੜ ਰਹੀ ਹੈ ਜੀਭ ਮੇਰੀ, ਸੜ ਰਹੇ ਨੇ ਬੁੱਲ੍ਹ ਤੇਰੇ ।

ਸੰਗ੍ਰਹਿ ਦੀ ਪੰਜਵੀਂ ਤੇ ਆਖਰੀ ਰਚਨਾ "ਮੌਸਮ" ਵਿਚ ਕਵੀ, ਹੋਰ ਸਮਕਾਲੀ ਕਵੀਆਂ ਵਾਂਗ, ਪੰਜਾਬ ਦੀ ਤ੍ਰਾਸਦਕ ਸਥਿਤੀ ਦਾ ਚਿੱਤਰ ਪੇਸ਼ ਕਰਦਾ ਹੈ, ਤੇ ਸਾਂਝੇ

ਸਭਿਆਚਾਰਕ ਮਾਹੌਲ ਵਿਚ ਪੈਦਾ ਹੋ ਰਹੇ ਵਿਗਾੜ ਤੋਂ ਚਿੰਤਤ ਹੈ :

ਕੱਲ ਮੁਕੱਲੇ ਦਿਨ ਤੇ ਘੜੀਆਂ, ਹਰੀਆਂ ਭਰੀਆਂ ਸਾਂਝਾਂ ਮਰੀਆਂ
ਚਾਨਣ ਦੇ ਵਿਚ ਲਿਸ਼ ਲਿਸ਼ ਕਰਦੇ, ਪਤਾ ਨਹੀਂ ਉਹ ਕਿਥੇ ਤੁਰ ਗਏ ਮੀਤ
ਕਿੱਥੇ ਉਹ ਸੁਰ-ਗੰਗਾ, ਕਿੱਥੇ ਉਹ ਸੰਗੀਤ

ਭਾਵੇਂ ਉਕਤ ਪੰਜ ਰਚਨਾਵਾਂ ਵਿਚ ਵਿਸ਼ੇ ਦੀ ਕੋਈ ਸਾਂਝ ਨਹੀਂ, ਪਰ ਕਾਵਿ-ਸ਼ੈਲ ਪੱਖੋਂ ਇਹ ਰਚਨਾਵਾਂ ਕਿਸੇ ਇੱਕੋ ਕਵੀਆਂ ਦੀਆਂ ਹੀ ਪ੍ਰਤੀਤ ਹੋਣਗੀਆਂ। ਉਂਝ ਜੇ ਇਸ ਪੁਸਤਕ 'ਚੋਂ ਨਿਰਮਲ ਅਰਪਨ ਦਾ ਨਾਂ ਕੱਢ ਦੇਈਏ ਤਾਂ ਕੀ ਇਹ ਕਵਿਤਾਵਾ ਦੇਵਿੰਦਰ ਸਤਿਆਰਥੀ ਦੀਆਂ ਹੋਣ ਦਾ ਭੁਲੇਖਾ ਤਾਂ ਨਹੀਂ ਪਾਉਂਦੀਆਂ ? ਇਸ ਪ੍ਰਤੀ ਖੁਦ ਨਿਰਮਲ ਅਰਪਨ ਵੀ ਚੇਤੰਨ ਪ੍ਰਤੀਤ ਹੁੰਦਾ ਹੈ, ਜਦੋਂ ਉਹ ਆਖਦਾ ਹੈ :

"ਜਿਨ੍ਹਾਂ ਵਿਦਵਾਨ ਆਲੋਚਕਾਂ ਨੇ ਦੱਬੇ ਲਹਿਜੇ ਵਿਚ ਇਹ ਕਹਿਣ ਦਾ ਹੀਆ ਕੀਤਾ ਹੈ ਕਿ ਮੇਰੀ ਸ਼ੈਲੀ ਉੱਤੇ ਦੇਵਿੰਦਰ ਸਤਿਆਰਥੀ ਦੀ ਛਾਪ ਹੈ, ਉਨ੍ਹਾਂ ਸਾਹਮਣੇ ਮੈਨੂੰ ਇਹ ਸਵੀਕਾਰ ਕਰਨ ਵਿਚ ਕੋਈ ਸੰਕੋਚ ਨਹੀਂ ਕਿ ਮੈਂ ਦੇਵਿੰਦਰ ਸਤਿਆਰਥੀ ਦਾ ਪਾਠਕ ਹੀ ਨਹੀਂ, ਪ੍ਰਸ਼ੰਸਕ ਵੀ ਹਾਂ। ਤੇ ਉਸੇ ਹੀ ਸ਼ੈਲੀ 'ਤੇ ਕੰਮ ਕਰਨ ਵਾਲੇ ਅਦੀਬਾਂ ਤੋਂ ਤੰਦਰੁਸਤ ਤੇ ਢੁਕਵਾਂ ਪ੍ਰਭਾਵ ਤੇ ਸੁਝਾਅ ਲੈਣ ਵਿਚ ਉੱਕਾ ਹੀ ਸ਼ਰਮਸਾਰ ਨਹੀਂ ਹਾਂ।" ਮੇਰਾ ਮੱਤ ਹੈ ਕਿ ਨਿਰਮਲ ਅਰਪਨ ਨੇ ਵਿੱਕੋਲਿਤਰੇ ਨਿੱਜੀ ਅਨੁਭਵ ਦੇ ਪ੍ਰਗਟਾਅ ਲਈ, ਸਤਿਆਰਥੀ ਵਰਗੇ ਰਿਦਮ ਤੇ ਲਹਿਜੇ ਵਾਲੀ, ਪਰ ਫੇਰ ਵੀ ਉਸ ਤੋਂ ਵੱਖਰੀ ਮੌਲਿਕ ਸ਼ੈਲੀ ਨੂੰ ਜਨਮ ਦਿੱਤਾ ਹੈ, ਜਿਸ ਵਿਚ ਥਾਂ ਪਰ ਥਾਂ ਉਹ ਆਪਣੀ ਪ੍ਰਤਿਭਾ ਤੇ ਕਲਾ-ਕੌਸ਼ਲ ਦੇ ਪ੍ਰਮਾਣ ਦਿੰਦਾ ਹੈ :

ਤੂੰ ਪੂਰੀ ਦੀ ਪੂਰੀ ਵਿਗਸਤ, ਕੂਲੇ ਪੱਟ, ਉਨਾਬੀ ਲਹਿੰਗਾ
ਸਾਵੀ ਅੰਗੀ, ਜੋਬਨ ਰੰਗੀ, ਅੰਗੀ ਵਿਚ ਸੁਗੰਧੀ

ਸ਼ੈਲੀ ਦੇ ਮੁੱਖ ਤੱਤ, ਅਲੰਕਾਰਾਂ ਤੇ ਸ਼ਬਦ-ਚਿੱਤਰਾਂ ਵਿਚ ਵੀ ਉਸ ਦੇ ਵੱਖਰੇ ਹਸਤਾਖਰ ਪਹਿਚਾਣੇ ਜਾਣ ਦੇ ਕਾਬਿਲ ਹਨ :

ਛਾਇਆ ਵਾਕੁਣ ਆਣ ਵਿਛੀ ਸੈਂ, ਤਪਦੀ ਦੇਹੀ ਉੱਤੇ
... ... ... ...
ਦੁਨੀਆਂ ਦੀ ਚਿਤਵਨ ਤੋਂ ਹੋ ਕੇ ਬੇਪ੍ਰਵਾਹ
ਮੇਰੇ ਤਨ ਦੀਆਂ ਰਾਹਾਂ ਉੱਤੇ
ਚਾਦਰ ਵਾਂਗ ਵਿਛਾ ਦਿੱਤਾ ਸੀ ਸਹਿਜ ਸੁਭਾ
ਤੂੰ ਆਪਣਾ ਆਪ ਬਿਨ ਬੋਲੇ, ਚੁੱਪ ਚਾਪ

ਨਿਰਮਲ ਸ਼ਿਲਪ ਦਾ ਉਸਤਾਦ ਰਚਨਾਕਾਰ ਹੈ। ਇਹਨਾਂ ਕਵਿਤਾਵਾਂ ਨੂੰ ਤਰਾਸ਼ਦਿਆਂ, ਸੁਆਰਦਿਆਂ ਉਸ ਨੇ ਕਈ ਵਰ੍ਹੇ ਅਰਪਨ ਕਰ ਦਿੱਤੇ ਹਨ। ਵਾਧੂ ਸ਼ਬਦ ਉਸ ਨੂੰ ਰੜਕਦਾ ਰਹਿੰਦਾ ਹੈ। ਉਹ ਸ਼ਬਦ ਨੂੰ ਇੰਝ ਮੁਲਾਇਮ ਕਰ ਦਿੰਦਾ ਹੈ, ਜਿਵੇਂ ਪੱਥਰ ਨੂੰ ਮੂਰਤੀ ਦਾ ਰੂਪ ਦਿੰਦਿਆਂ ਮੂਰਤੀਕਾਰ। ਇਹ ਵਿਸ਼ੇਸ਼ਤਾ ਬੜੇ ਥੋੜ੍ਹੇ ਕਵੀਆਂ ਦੇ ਹਿੱਸੇ ਆਈ ਹੈ। ਉਸ ਦੀ ਵਰ੍ਹਿਆਂ ਦੀ ਬੰਦਗੀ ਅਥਵਾ ਆਰਾਧਨਾ ਦੀ ਉਪਜ ਇਹ ਕਲਾ



ਕ੍ਰਿਤੀ ਦੇਰ ਤੱਕ ਸੁਹਜ ਦੇ ਮੁਤਲਾਸ਼ੀ ਪਾਠਕਾਂ ਦੇ ਦਾਅਰਿਆਂ ਦਰਮਿਆਨ ਚਰਚਾ ਦਾ ਵਿਸ਼ਾ ਬਣੀ ਰਹੇਗੀ।

ਅਜੋਕੇ ਯੁੱਗ ਦੇ ਸਾਰੇ ਹੀ ਰਚਨਾਕਾਰਾਂ ਦੇ ਟਾਕਰੇ ਉੱਤੇ ਨਿਰਮਲ ਅਰਪਨ ਪੁਸਤਕ ਦੀ ਰੂਪ-ਸੱਜਾ ਵੱਲ ਵਿਸ਼ੇਸ਼ ਧਿਆਨ ਦਿੰਦਾ ਹੈ। ਇਸ ਮਾਮਲੇ ਵਿਚ ਉਹ ਖਰਚੇ ਦੀ ਪ੍ਰਵਾਹ ਨਹੀਂ ਕਰਦਾ। ਉਸ ਦੀ ਸੁਹਜ-ਪੱਧਰ ਦੀ ਥੋਹੜੇ ਕੀਤੇ ਤ੍ਰਿਪਤੀ ਨਹੀਂ ਹੁੰਦੀ। ਛਪਾਈ ਤੇ ਦਿੱਖ ਦੇ ਪੱਖੋਂ ਇਹ ਪੁਸਤਕ ਸਾਡੀ ਡੂੰਘੀ ਤੇ ਭਰਵੀਂ ਪ੍ਰਸ਼ੰਸਾ ਦੀ ਹੱਕਦਾਰ ਹੈ ਅਤੇ ਪੰਜ ਬਾ ਪ੍ਰਕਾਸ਼ਨ-ਜਗਤ ਵਿਚ ਅਦੁੱਤੀ ਪੇਸ਼ਕਾਰੀ ਹੈ।

ਨਿਰਮਲ ਅਰਪਨ ਕੋਲ ਕਾਵਿ-ਸ਼ਿਲਪ ਦੀ ਉਸਤਾਦਾਂ ਵਾਲੀ ਸਮਰੱਥਾ ਤੇ ਇਸ ਕਸਬ ਦੀ ਮੁਹਾਰਤ ਹੈ। ਐਪਰ ਬਹੁਤ ਵਾਰ ਉਹ, ਆਪਣੇ ਦੇਸ਼ ਤੇ ਪ੍ਰਾਂਤ ਦੇ ਸਮਾਜਕ ਆਰਥਿਕ ਢਾਂਚੇ 'ਚੋਂ ਉਤਪੰਨ ਹੁੰਦੇ ਵਿਰੋਧਾਂ ਨਾਲ ਰਚਨਾਤਮਕ ਪੱਧਰ 'ਤੇ ਜੂਝਣ ਤੇ ਇਹਨਾਂ ਨੂੰ ਆਪਣੀਆਂ ਕਾਵਿ-ਕ੍ਰਿਤੀਆ ਵਿਚ ਪੇਸ਼ ਕਰਨ ਦੀ ਥਾਂ ਕਦੇ ਤਾਂ ਅਤੀਤ ਵੱਲ ਰੁੱਚਿਤ ਹੋ ਜਾਂਦਾ ਹੈ ਤੇ ਕਦੇ ਬਹੁਤ ਹੀ ਨਿੱਜੀ ਭਾਂਤ ਦੇ ਹੰਢਾਏ ਆਪਣੇ ਅਨੁਭਵ ਦੀ ਪੇਸ਼ਕਾਰੀ ਨੂੰ ਪਹਿਲ ਦਿੰਦਾ ਹੈ। ਆਸ ਹੈ ਕਿ ਇਹ ਸਮਰੱਥਾਵਾਨ ਸ਼ਿਲਪੀ ਆਗਾਮੀ ਰਚਨਾਵਾਂ ਵਿਚ ਆਪਣੇ ਯੁੱਗ ਦੀਆਂ ਮੁਖ ਚੁਣੌਤੀਆਂ ਦੇ ਰੂਬਰੂ ਖਲੋਣ ਤੇ ਇਨ੍ਹਾਂ ਨੂੰ ਸ਼ਕਤੀਸ਼ਾਲੀ ਰਚਨਾਵਾਂ ਦਾ ਰੂਪ ਦੇਣ ਦੀ ਕੁਸ਼ਲਤਾ ਦਾ ਪ੍ਰਮਾਣ ਦੇਵੇਗਾ। ਕਿਉਂਕਿ ਸਿਰਫ ਸ਼ਿਲਪ-ਕਲਾ ਦੇ ਸਹਾਰੇ ਨਾਲ ਨਹੀਂ, ਸਗੋਂ ਸ਼ਿਲਪ ਤੇ ਵਿਸ਼ੇ-ਵਸਤੂ ਦੇ ਸੰਪੂਰਨ ਸੁਮੇਲ ਨਾਲ ਹੀ ਸਾਹਿਤਕ ਰਚਨਾ 'ਕਿਸੇ ਭਾਸ਼ਾ ਦੇ ਸਾਹਿਤ ਵਿਚ ਸਦੀਵੀ ਮਹੱਤਵ ਗ੍ਰਹਿਣ ਕਰਦੀ ਹੈ।

[ਪਿੰਡ ਫੱਤੂ ਚੱਕ, ਡਾ. ਢਿਲਵਾਂ, ਜ਼ਿਲਾ ਕਪੂਰਥਲਾ]

ਛਾਪਕ, ਪ੍ਰਕਾਸ਼ਕ ਤੇ ਮਾਲਕ ਸ੍ਰੀ ਸੁਰਿੰਦਰ ਮੋਹਨ ਸਿੰਘ ਨੇ ਬਾਲੀ ਪ੍ਰਿੰਟਿੰਗ ਪ੍ਰੈੱਸ, ਕਮਲਾ ਮਾਰਕੀਟ, ਮੁਹਾਲੀ ਤੋਂ ਛਪਵਾ ਕੇ 225-ਬੀ, ਮਖਦੂਮਪੁਰਾ, ਜਲੰਧਰ ਤੋਂ ਪ੍ਰਕਾਸ਼ਿਤ ਕੀਤਾ।
ਪ੍ਰਕਾਸ਼ਨ ਮਿਤੀ : 31 ਜਨਵਰੀ, 1989 **ਸੰਪਾਦਕ : ਰਘਬੀਰ ਸਿੰਘ**

ਰੀਵਿਊ

## ਅਕੱਥ ਕਥਾ [ਰਵਿੰਦਰ ਰਵੀ]

ਰਵਿੰਦਰ ਰਵੀ ਦੀ ਕਵਿਤਾ ਆਧੁਨਿਕ ਪੰਜਾਬੀ ਕਾਵਿ ਵਿਚ ਇਕ ਗੁਣਾਤਮਕ ਪਰਿਵਰਤਨ ਲਿਆਉਂਦੀ ਹੈ। ਉਸਦੀ ਕਵਿਤਾ, ਅੰਮ੍ਰਿਤਾ-ਮੋਹਨ ਸਿੰਘ ਕਾਵਿ-ਪਰੰਪਰਾ ਦੇ ਉਸ ਦੌਰ ਵਿਚ ਪ੍ਰਸਫੁਟਿਤ ਹੁੰਦੀ ਹੈ ਜਦੋਂ ਇਹ ਕਾਵਿ-ਪਰੰਪਰਾ ਆਪਣੀ ਅਉਧ ਹੰਢਾ ਚੁੱਕੀ ਸੀ। ਉਸਨੇ ਆਪਣੀ ਕਾਵਿ-ਯਾਤਰਾ ਦਾ ਆਗਾਜ਼ 1955 ਈ. ਦੇ ਆਸ-ਪਾਸ ਕੀਤਾ। ਇਸ ਸਮੇਂ ਰਚੀਆਂ ਉਸਦੀਆਂ ਕਵਿਤਾਵਾਂ ਸਮੁੱਚੀ ਆਧੁਨਿਕ ਪੰਜਾਬੀ ਕਾਵਿ-ਪਰੰਪਰਾ ਨਾਲ ਇਕ ਬੜਾ ਸਾਰਥਿਕ ਸੰਬਾਦ ਰਚਾਉਂਦੀਆਂ ਹਨ। ਇਨ੍ਹਾਂ ਦਿਨਾਂ ਵਿਚ ਉਹ ਆਪਣੇ ਸਿਰਜਣਾਤਮਕ ਆਪੇ ਦੀ ਅਭਿਵਿਅਕਤੀ ਲਈ ਕਿਸੇ ਪ੍ਰਮਾਣੀਕ ਸਵਰ ਦੀ ਤਲਾਸ਼ ਵਿਚ ਸੀ। ਪੰਜ-ਸੱਤ ਵਰ੍ਹਿਆਂ ਦੇ ਰਚਨਾਤਮਕ ਸੰਘਰਸ਼ ਉਪਰੰਤ ਉਸਨੂੰ ਇਹ ਸਵਰ ਪ੍ਰਾਪਤ ਹੋ ਗਿਆ ਅਤੇ 1960 ਈ. ਤੋਂ ਬਾਅਦ ਰਵਿੰਦਰ ਰਵੀ ਦੀ ਕਵਿਤਾ, ਸਮੁੱਚੀ ਪੰਜਾਬੀ ਕਾਵਿ-ਧਾਰਾ ਨੂੰ ਅਭਿਵਿਅਕਤੀ ਦੇ ਇਕ ਵਧੇਰੇ ਪ੍ਰਮਾਣਿਕ ਅਤੇ ਪ੍ਰਸੰਗਿਕ ਜਗਤ ਤੋਂ ਪਰਿਚਿਤ ਕਰਵਾਉਂਦੀ ਹੋਈ ਵੇਖੀ ਜਾ ਸਕਦੀ ਹੈ।

ਰਵਿੰਦਰ ਰਵੀ ਦੇ ਪ੍ਰਤੱਖਣ-ਬੋਧ ਵਿਚ ਮੁੱਢ ਤੋਂ ਹੀ ਕੁਝ ਨਵਾਂ ਅਤੇ ਵੱਖਰਾ ਤੱਤ ਹਾਜ਼ਰ ਰਿਹਾ ਹੈ। ਉਹ ਆਪਣੇ ਕਾਵਿ-ਲੈਂਜ਼ ਨੂੰ ਆਪਣੇ ਤੋਂ ਬਾਹਰ ਵਸਤੂਗਤ ਜਗਤ ਉਤੇ ਕੇਂਦ੍ਰਿਤ ਨਹੀਂ ਕਰਦਾ ਬਲਕਿ ਵਸਤੂਗਤ ਜਗਤ ਵਿਚ ਵਾਪਰ ਰਹੀਆਂ ਮੁੱਲਪਰਕ ਘਟਨਾਵਾਂ ਦੁਆਰਾ ਆਪਣੇ ਸਿਰਜਣਾਤਮਕ ਆਪੇ ਵਿਚ ਆ ਰਹੀਆਂ ਤਬਦੀਲੀਆਂ ਉਤੇ ਹੀ ਇਸ ਲੈਂਜ਼ ਨੂੰ ਸੁਕੇਂਦ੍ਰਿਤ ਕਰੀ ਰੱਖਦਾ ਹੈ। ਇਸ ਤਰ੍ਹਾਂ ਉਸਦੀ ਸਮੁੱਚੀ ਕਵਿਤਾ ਉਸਦੀ ਗਤੀਸ਼ੀਲ ਚੇਤਨਾ ਦੀ ਇਕ ਦਾਰਸ਼ਨਿਕ ਆਤਮ-ਕਥਾ ਹੋ ਨਿੱਬੜਦੀ ਹੈ। ਪੰਜਾਬੀ ਵਿਚ ਇਹੋ ਜਹੀ ਅਸਤਿਤਵਵਾਦੀ ਵਾਣੀ ਪਹਿਲਾਂ ਕਿਸੇ ਕਵੀ ਨੇ ਨਹੀਂ ਸੀ ਸਿਰਜੀ। ਇਹ ਵਾਣੀ ਦੂਜੇ ਵਿਸ਼ਵ ਯੁੱਧ ਤੋਂ ਬਾਅਦ ਪੈਦਾ ਹੋਏ ਉਸ ਸਭਿਆਚਾਰਕ ਖਲਾਅ ਦੀ ਸੂਚਕ ਹੈ ਜਿਸ ਨੇ ਪੂਰੇ ਯੂਰਪ ਦੇ ਬੁੱਧੀਜੀਵੀਆਂ ਨੂੰ ਆਪਣੀ ਪਕੜ ਵਿਚ ਲਿਆ ਹੋਇਆ ਸੀ। ਘਰੋਗੀ ਫਰੰਟ 'ਤੇ ਸੁਤੰਤਰਤਾ-ਪ੍ਰਾਪਤੀ ਦੇ ਉਪਰੰਤ ਭਾਰਤਵਰਸ਼ ਵਿਚ ਆਰਥਿਕ-ਸਮਾਜਕ ਅਸਮਾਨਤਾਵਾਂ ਵਧਦੀਆਂ ਜਾ ਰਹੀਆਂ ਸਨ। ਬੁੱਧੀਜੀਵੀਆਂ ਅਤੇ ਕਲਾਕਾਰਾਂ ਦਾ ਪੰਡਿਤ ਨਹਿਰੂ ਦੇ ਸਮਾਜਵਾਦ ਵਿਚੋਂ ਮੋਹਭੰਗ ਹੋਣਾ ਸ਼ੁਰੂ ਹੋ ਗਿਆ ਸੀ। ਚੰਦ ਉਦਯੋਗਪਤੀ ਘਰਾਣਿਆਂ ਨੇ ਭਾਰਤ ਦੀ ਸਮੁੱਚੀ ਆਰਥਿਕਤਾ ਉਪਰ ਆਪਣੀ ਪਕੜ ਬੇਹੱਦ ਮਜ਼ਬੂਤ ਕਰ ਲਈ ਸੀ। ਆਪੋ-ਧਾਪੀ ਅਤੇ ਅਸੁਰੱਖਿਆ ਦੇ ਇਸ ਦੌਰ ਵਿਚ ਕਵੀਆਂ ਅਤੇ ਕਲਾਕਾਰਾਂ ਦਾ ਆਪਣੀ ਨਿੱਜੀ ਚੇਤਨਾ ਤੋਂ ਬਿਨਾਂ ਕਿਸੇ ਹੋਰ ਸਚਾਈ ਵਿਚ ਕੋਈ ਵਿਸ਼ਵਾਸ ਸਲਾਮਤ ਨਹੀਂ ਸੀ ਰਿਹਾ। ਯੂਰਪ ਵਿਚ ਐਲੀਅਟ, ਆਡੇਨ, ਪਿਕਾਸੋ, ਡਾਲੀ, ਜੇਨੇ, ਸਾਰਤ੍ਰ, ਹੈਡੇਗਰ, ਕਾਮੂ ਵਰਗੇ ਨਾਮ ਉੱਭਰ ਰਹੇ ਸਨ ਜਿਨ੍ਹਾਂ ਨੇ ਬਹੁਤ



ਸਾਰੇ ਅੰਤਰ-ਵਿਰੋਧਾਂ ਵਿਚ ਗ੍ਰਸਤ ਮਧ-ਸ਼੍ਰੇਣੀ ਦੇ ਸੁਪਨਿਆਂ ਅਤੇ ਅਕਾਂਖਿਆਵਾਂ ਨੂੰ ਆਪਣੇ-ਆਪਣੇ ਸਮਾਜਕ-ਸਭਿਆਚਾਰਕ ਪਰਿਵੇਸ਼ ਵਿਚ ਰੱਖ ਕੇ ਅਭਿਵਿਅਕਤੀ ਦੀਆਂ ਬੜੀਆਂ ਮੌਲਿਕ ਪ੍ਰਣਾਲੀਆਂ ਦੁਆਰਾ ਚਿਤ੍ਰਣ ਜਾਰੀ ਰੱਖਿਆ ਹੋਇਆ ਸੀ। ਭਾਰਤੀ ਪਰਿਵੇਸ਼ ਵਿਚ ਹੁਸੈਨ, ਸਤੀਸ਼ ਗੁਜਰਾਲ, ਸੋਹਨ ਕਾਦਰੀ, ਹਮਦਮ, ਮੋਹਨ ਰਾਕੇਸ਼, ਰਾਜ-ਕਮਲ ਚੌਧਰੀ, ਬਾਦਲ ਸਰਕਾਰ, ਵਿਜੇ ਤੇਂਦੂਲਕਰ, ਰਵਿੰਦਰ ਰਵੀ, ਅਜਾਇਬ ਕਮਲ ਅਤੇ ਮੀਸ਼ਾ ਵਰਗੇ ਸਾਹਿਤਕਾਰ ਅਤੇ ਚਿੱਤਰਕਾਰ ਆਪਣੇ ਪਰਿਵੇਸ਼ ਵਿਚਲੀ ਸ਼ੰਕਾ, ਦੁਬਿਧਾ, ਅਸੁਰੱਖਿਆ ਅਤੇ ਸੰਵਾਦਹੀਣਤਾ ਨੂੰ ਆਪਣੇ-ਆਪਣੇ ਰਚਨਾਤਮਕ ਮਾਧਿਅਮਾਂ ਦੁਆਰਾ ਮੂਰਤੀਮਾਨ ਕਰ ਰਹੇ ਸਨ।

1955 ਈ. ਤੋਂ ਸ਼ੁਰੂ ਹੋਈ ਰਵਿੰਦਰ ਰਵੀ ਦੀ ਕਾਵਿ-ਯਾਤਰਾ ਅੱਜ ਤੱਕ ਆਪਣੇ ਪੂਰੇ ਵੇਗ ਅਤੇ ਪ੍ਰਮਾਣੀਕਤਾ ਸਹਿਤ ਗਤੀਸ਼ੀਲ ਹੈ। ਹੁਣ ਤਕ ਉਸਦੇ ਇਕ ਦਰਜਨ ਕਾਵਿ ਸੰਗ੍ਰਹਿ ਪ੍ਰਕਾਸ਼ਿਤ ਹੋ ਚੁੱਕੇ ਹਨ। ਇਨ੍ਹਾਂ ਸੰਗ੍ਰਹਿਾਂ ਵਿਚ ਪ੍ਰਕਾਸ਼ਿਤ ਆਪਣੀਆਂ ਸਮੁੱਚੀਆਂ ਕਵਿਤਾਵਾਂ ਨੂੰ ਰਵੀ ਤਿੰਨ ਸੈਂਚੀਆਂ ਵਿਚ ਪ੍ਰਕਾਸ਼ਿਤ ਕਰ ਰਿਹਾ ਹੈ। ਪਹਿਲੀ ਸੈਂਚੀ ਵਿਚ ਉਸਦੀਆਂ 1953-1966 ਤੱਕ ਲਿਖੀਆਂ ਗਈਆਂ ਉਹ ਸਾਰੀਆਂ ਕਵਿਤਾਵਾਂ ਸੰਕਲਿਤ ਹਨ ਜਿਹੜੀਆਂ ਉਸਦੇ ਚਾਰ ਕਾਵਿ-ਸੰਗ੍ਰਹਿਾਂ 'ਦਿਲ ਦਰਿਆ ਸਮੁੰਦਰੋਂ ਡੂੰਘੇ' (1961), 'ਬ'ਕਲ ਦੇ ਵਿਚ ਚੋਰ' (1963), 'ਬਿੰਦੂ' (1965) ਅਤੇ 'ਮੌਨ-ਹਾਦਸੇ' (1967) ਵਿਚ ਪ੍ਰਕਾਸ਼ਿਤ ਹੋ ਚੁੱਕੀਆਂ ਹਨ। ਇਸ ਪਹਿਲੀ ਸੈਂਚੀ ਵਿਚ ਇਨ੍ਹਾਂ ਚਾਰ ਸੰਗ੍ਰਹਿਾਂ ਨੂੰ ਸੰਕਲਿਤ ਕਰਨ ਦਾ ਇਕ ਵਿਚਾਰਧਾਰਾਈ ਆਧਾਰ ਵੀ ਹੈ। ਉਹ ਇਹ ਹੈ ਕਿ ਇਸ ਸੈਂਚੀ 'ਅਕੱਥ ਕਥਾ' (ਰਵੀ ਸਾਹਿਤ ਪ੍ਰਕਾਸ਼ਨ, ਪੰਨੇ 369 ਅਤੇ ਮੁੱਲ 150 ਰੁਪਏ) ਵਿਚ ਉਸਦੀਆਂ ਉਹ ਸਾਰੀਆ ਕਵਿਤਾਵਾਂ ਸ਼ਾਮਿਲ ਹਨ ਜਿਹੜੀਆਂ ਉਸਨੇ ਭਾਰਤ ਵਿਚ ਰਹਿੰਦਿਆਂ, ਇਥੋਂ ਦੇ ਰਾਜਨੀਤਕ-ਸਭਿਆਚਾਰਕ ਸੰਤਾਪ ਨੂੰ ਆਪਣੇ ਪਿੰਡੇ 'ਤੇ ਹੰਢਾਉਂਦਿਆਂ ਹੋਇਆਂ ਲਿਖੀਆਂ। 1955 ਤੋਂ 1966 ਤਕ ਦੇ ਸਮੇਂ ਨੂੰ ਭਾਰਤ ਵਿਚ ਵਿਚਾਰਧਾਰਕ ਅਸਪਸ਼ਟਤਾ ਦਾ ਦੌਰ ਵੀ ਕਿਹਾ ਗਿਆ ਹੈ। ਇਸ ਸਮੇਂ ਕਮਿਊਨਿਸਟ ਪਾਰਟੀ ਦੇ ਅੰਦਰ ਵੀ ਕਈ ਧੜੇ ਕਾਇਮ ਹੋ ਗਏ ਸਨ। 1964 ਵਿਚ ਭਾਰਤੀ ਕਮਿਊਨਿਸਟ ਲਹਿਰ ਦੋ-ਫਾੜ ਹੋ ਚੁੱਕੀ ਸੀ। ਪੰਜਾਬੀ ਸੂਬੇ ਦਾ ਅੰਦੋਲਨ ਰਹਿ-ਰਹਿ ਕੇ ਜ਼ੋਰ ਫੜਦਾ ਰਿਹਾ ਸੀ। ਆਖਰ 1966 ਈ. ਵਿਚ ਇਕ ਬਿਮਾਰ ਜਿਹਾ ਪੰਜਾਬੀ ਸੂਬਾ ਹੋਂਦ ਵਿਚ ਆਇਆ। ਅੱਜ ਤਕ ਬਾਈ ਵਰ੍ਹਿਆਂ ਬਾਅਦ ਵੀ ਇਸਦੇ ਸਵਸਥ ਹੋਣ ਦੀ ਕੋਈ ਸੂਰਤ ਨਜ਼ਰ ਨਹੀਂ ਆ ਰਹੀ।

ਇਉਂ ਰਵਿੰਦਰ ਰਵੀ 1967 ਈ. ਵਿਚ ਜਿਸ ਸਮਾਜਕ-ਸਭਿਆਚਾਰਕ ਪਰਿਵੇਸ਼ ਨੂੰ ਛੱਡ ਕੇ ਪਹਿਲਾਂ ਕੀਨੀਆ ਅਤੇ ਬਾਅਦ ਵਿਚ ਕੈਨੇਡਾ ਪਹੁੰਚਿਆ, ਉਹ ਪਰਿਵੇਸ਼ ਬੜਾ ਹੀ ਉਲਝਿਆ ਹੋਇਆ, ਊਲ-ਜਲੂਲ ਅਤੇ ਵਿਸੰਗਤੀਆਂ ਭਰਪੂਰ ਸੀ। ਇਸ ਦੌਰ ਵਿਚ ਬਹੁਤ ਸਾਰੇ ਸੰਵੇਦਨਸ਼ੀਲ ਲੇਖਕਾਂ ਅਤੇ ਕਲਾਕਾਰਾਂ ਨੇ ਆਪਣੀ ਸਵੈਇੱਛਾ ਨਾਲ ਦੇਸ਼-ਨਿਕਾਲਾ ਲੈ ਲਿਆ ਸੀ। ਰਵਿੰਦਰ ਰਵੀ ਵੀ ਆਪਣੀ ਸਵੈਇੱਛਾ ਨਾਲ ਪਰਵਾਸੀ ਬਣਿਆ। 'ਦਿਲ ਦਰਿਆ ਸਮੁੰਦਰੋਂ ਡੂੰਘੇ' (1955-61) ਦੀਆਂ ਕਵਿਤਾਵਾਂ ਵਿਚ ਪੰਜਾਬ ਦੀ

ਸਮਾਜਕ-ਸਭਿਆਚਾਰਕ ਸਥਿਤੀ ਅਤੇ ਇਸ ਸਥਿਤੀ ਪ੍ਰਤੀ ਅਪਣਾਇਆ ਕਵੀ ਦਾ ਪੈਂਤੜਾ ਸਹਿਜੇ ਹੀ ਪਹਿਚਾਣੇ ਜਾ ਸਕਦੇ ਹਨ :

ਮੌਤ ਦਾ ਇਕ ਸਹਿਮ, ਸੰਸਾ ਜੰਗ ਦਾ
ਇਸ਼ਕ ਦਾ ਇਕ ਗ਼ਮ, ਤੇ ਫਿਕਰ ਪੇਟ ਦਾ।
ਹੈਰਾਨ ਹਾਂ, ਮੌਤ ਦੇ ਸਾਏ 'ਚ ਜ਼ਿੰਦਗੀ ਜੀ ਰਹੀ !

ਇਸ ਚੌਰਾਹੇ 'ਚ ਬੱਤੀ ਚੌਂਕ ਦੀ, ਬੰਨ੍ਹ ਬੈਠੀ ਹੈ ਜਿਉਂ ਢਾਰਸ,
ਆਪ ਢਾਰਸ ਦੇਣ ਲਈ।
ਤਾਂ ਕਿ ਇਸ ਸੰਘਣੇ ਜਿਹੇ ਸ਼ਹਿਰ ਦੇ
ਸੌਂਤੇ ਦੇ ਵਿਚ ਜਗਦਾ ਰਹੇ, ਸੁਪਨ ਇਕ ਸੰਗਰਾਮ ਦਾ
ਤੇ ਪ੍ਰੇਰਨਾ ਇਹਦੇ ਲਈ।

ਇਸ ਪੁਸਤਕ ਤਕ ਰਵੀ ਅਜੇ ਆਪਣਾ ਨਿਵੇਕਲਾ ਕਾਵਿ-ਸੁਰ ਪ੍ਰਾਪਤ ਕਰਨ ਲਈ ਪ੍ਰਯਤਨਸ਼ੀਲ ਹੈ। ਬਹੁਤੀਆਂ ਕਵਿਤਾਵਾਂ ਉਸ ਦੌਰ ਵਿਚ ਹੋ ਰਹੀ ਰੋਮਾਂਟਿਕ/ਪ੍ਰਗਤੀਵਾਦੀ ਸ਼ਾਇਰੀ ਨਾਲ ਸੰਬੰਧਤ ਹਨ ਪਰ 'ਕਣ੍ਹਾਂ', 'ਮਿਲਕ-ਸ਼ੇਕ', 'ਰਾਤ ਪਈ ਸਨਾਟਾ ਛਾਇਆ', 'ਸੁਰਖੀ' ਅਤੇ 'ਚੌਂਕ ਦੀ ਬੱਤੀ' ਵਰਗੀਆਂ ਕਵਿਤਾਵਾਂ ਵਿਚ ਉਸਦਾ ਨਿਵੇਕਲਾ ਮੁਹਾਂਦਰਾ ਸਹਿਜੇ ਹੀ ਪਹਿਚਾਣਿਆ ਜਾ ਸਕਦਾ ਹੈ। 'ਬੁੱਕਲ ਦੇ ਵਿਚ ਚੋਰ' (1961-63) ਦੀਆਂ ਕਵਿਤਾਵਾਂ ਨਾਲ ਉਹ ਆਪਣੇ ਅਤੇ ਆਪਣੀ ਅਸਤਿਤਵਮਈ ਚੇਤਨਾ ਵੱਲ ਇਕ ਹੋਰ ਕਦਮ ਅਗਾਂਹ ਪੁੱਟਦਾ ਹੈ। ਇਨ੍ਹਾਂ ਕਵਿਤਾਵਾਂ ਵਿਚ ਉਸਨੇ ਆਪਣੇ ਭਾਵਾਂ ਦੇ ਅਭਿਵਿਅੰਜਨ ਲਈ 'ਆਬਜੈਕਟਿਵ ਕੋਰਿਲੇਟਿਵ' ਦਾ ਸਹਾਰਾ ਲਿਆ ਹੈ। 'ਅਗਰਬੱਤੀ' ਉਸਦੇ ਇਸ ਦੌਰ ਦੀਆਂ ਕਵਿਤਾਵਾਂ ਦੀ ਪੂਰੀ-ਪੂਰੀ ਪ੍ਰਤੀਨਿਧਤਾ ਕਰਦੀ ਹੈ। ਦੇਖੋ :

ਧੁਖ ਰਹੀ ਹੈ ਅਗਰਬੱਤੀ, ਫੇਰ ਅੱਜ ਕਮਰੇ ਦੇ ਵਿਚ
ਮਹਿਕ ਚੰਦਨ ਦੀ, ਜਿਵੇਂ ਹੈ ਆ ਰਹੀ।
ਸੋਚਦਾਂ, ਕੀ, ਇਸ ਕਮਰੇ ਵਿਚ ਹੈ ਇਸ ਦਾ ਵਜੂਦ ?
ਧੁਖਣ ਹੈ ਜਜ਼ਬਾਤ ਦੀ ਤੇ, ਸੜਨ ਹੈ ਅਹਿਸਾਸ ਦੀ।
ਸੇਕ ਹੈ ਨਫ਼ਰਤ ਜਿਹੀ ਦਾ, ਏਸ ਚੌਗਿਰਦੇ ਵਿਰੁੱਧ।
ਚਾਰ ਦੀਵਾਰੀ ਵਿਰੁੱਧ।

ਇਸੇ ਸੰਗ੍ਰਹਿ ਦੀਆਂ ਕਵਿਤਾਵਾਂ ਵਿਚ ਰਵੀ ਭੋਗ ਨੂੰ ਉਪਭੋਗ ਦੀ ਵਸਤ ਬਣਦਿਆਂ ਦੇਖਦਾ ਹੈ। ਇਸ ਪਿਛੋਂ ਉਸਦੀਆਂ ਕਵਿਤਾਵਾਂ ਵਿਚ ਭੋਗ ਦੇ ਮੈਟਾਫ਼ਰ ਨੂੰ 'ਸੋਸ਼ਿਲ ਇੰਟਰਕੋਰਸ' ਦੇ ਅਰਥਾਂ ਵਿਚ ਕਈ ਕਈ ਵਾਰ ਵਰਤਿਆ ਗਿਆ ਹੈ। 'ਬਿੰਦੂ' (1963-65) ਦੀਆਂ ਕਵਿਤਾਵਾਂ ਵਿਚ ਰਵੀ ਸਮਾਜਕ-ਸਭਿਆਚਾਰਕ ਪਰਿਵੇਸ਼ ਦੁਆਰਾ ਪੈਦਾ ਹੋਈ ਜ਼ਿਹਨੀ ਹਲਚਲ ਨੂੰ ਦਾਰਸ਼ਨਿਕ ਆਧਾਰ ਦੇਣਾ ਸ਼ੁਰੂ ਕਰਦਾ ਹੈ। ਇਥੋਂ ਹੀ ਉਹ ਵਸਤੂ ਦੀ ਵਸਤਤਾ ਨੂੰ ਤਿਆਗ ਕੇ ਉਸਦੇ ਅੰਤਰੀਵ ਅਰਥ ਲੱਭਣ ਦਾ ਪ੍ਰਯਤਨ ਸ਼ੁਰੂ ਕਰਦਾ ਹੈ। ਇਸ ਸੰਗ੍ਰਹਿ ਤੋਂ ਰਵੀ ਤੱਤ ਅਤੇ ਸੱਚ, ਇੰਦਰੀ ਅਨੁਭਵ ਤੇ ਪਰਾਇੰਦਰੀ ਅਨੁਭਵ,



ਹੋਂਦ-ਨਿਰਹੋਂਦ ਅਤੇ ਵਸਤੂ-ਅਵਸਤੂ ਆਦਿਕ ਜੁੱਟ-ਵਿਰੋਧਾਂ ਦੇ ਮਾਧਿਅਮ ਦੁਆਰਾ ਆਪਣੇ ਨਿਵੇਕਲੇ ਅਨੁਭਵ ਨੂੰ ਪ੍ਰਕਾਸ਼ਮਾਨ ਕਰਨ ਦੀ ਕੋਸ਼ਿਸ਼ ਸ਼ੁਰੂ ਕਰਦਾ ਹੈ। ਇਸ ਸੰਗ੍ਰਹਿ ਦੁਆਰਾ ਉਹ ਆਪਣੇ ਵਿਲੱਖਣ ਕਾਵਿ-ਸੁਰ ਨੂੰ ਵਿਅੰਜਤ ਕਰਨ ਦੀ ਕਲਾ ਤੋਂ ਸੁਪਰਿਚਿਤ ਹੋ ਜਾਂਦਾ ਹੈ। ਇਕ ਉਦਾਹਰਣ ਦੇਖੋ :

ਅਵਸਤੂ ਨੰਗ ਨੂੰ, ਵਸਤੂ ਹੋਂਦ ਦਾ ਉਹਲਾ ਬੜਾ ਹੈ,
ਹੋਰ ਕੱਜਣ ਕੀ ਕਰਾਂਗਾ ?
ਮੇਰਾ ਤਨ ਤਾਂ ਮੇਰੇ ਹੀ ਨੰਗ ਦਾ ਬਾਹਰੀ ਇਕ ਵਿਖਾਵਾ ਹੈ
ਮੇਰਾ ਤਨ ਤਾਂ ਮੇਰੇ ਨੰਗ ਦੇ ਸੰਕੇਤਾਂ ਦਾ ਪਹਿਰਾਵਾ ਹੈ।
ਮੇਰੀ ਪਹਿਚਾਣ ਮੇਰੇ ਤਨ ਦੀ ਸੀਮਾ ਤੋਂ ਸ਼ੁਰੂ ਹੁੰਦੀ।

'ਮੌਨ ਹਾਦਸੇ' (1965-66) ਤਕ ਪਹੁੰਚ ਕੇ ਕਵੀ ਆਪਣੀ ਵਾਣੀ ਨਾਲੋਂ ਉਹ ਸਭ ਰਸਮੀ ਆਭੂਸ਼ਣ (ਛੰਦ, ਸੰਭਾਸ਼ਣ, ਬ੍ਰਿਤਾਂਤ, ਪਰੰਪਰਾਗਤ ਰੂਪ-ਗਠਨ) ਝਾੜ ਦਿੰਦਾ ਹੈ ਜੋ 'ਖਾਮੋਸ਼ੀ ਨੂੰ ਸਿਰਜਣ' ਦੇ ਰਸਤੇ ਵਿਚ ਰੁਕਾਵਟ ਬਣਦੇ ਸਨ। ਇਸ ਪੜਾਉ 'ਤੇ ਕਵੀ ਸ਼ਬਦਾਂ ਅਤੇ ਉਨ੍ਹਾਂ ਦੇ ਅਰਥਾਂ ਦੇ ਸੰਬੰਧ ਵਿਚ ਨਵੇਂ ਸਿਰਿਉਂ ਸੋਚਦਾ ਹੈ। ਅਸਲ ਵਿਚ ਹਰ ਸ਼ਬਦ ਮਨੁੱਖੀ ਕਾਰ-ਵਿਹਾਰ ਦੇ ਇਕ ਪ੍ਰਤੀਫਲ ਵਜੋਂ ਹੀ ਪੈਦਾ ਹੁੰਦਾ ਹੈ। ਜਿਹੜੀ ਵਸਤੂ-ਸਥਿਤੀ ਕਿਸੇ ਸਭਿਆਚਾਰਕ ਸੰਗਠਨ ਵੱਲੋਂ ਪ੍ਰਵਾਨ ਜਾਂ ਅਪ੍ਰਵਾਨ ਹੈ ਕੇਵਲ ਉਸੇ ਪ੍ਰਗਟਾਵੇ ਲਈ ਸ਼ਬਦ ਲੱਭੇ ਜਾ ਸਕਦੇ ਹਨ। ਪਰ ਜਿਹੜੀ ਵਸਤੂ-ਸਥਿਤੀ ਕਿਸੇ ਸਭਿਆਚਾਰਕ ਸੰਗਠਨ ਦੇ ਚੇਤਨ/ਅਵਚੇਤਨ ਦਾ ਭਾਗ ਹੀ ਨਹੀਂ ਬਣੀ, ਉਸ ਵਾਸਤੇ ਸ਼ਬਦ ਲੱਭਣੇ ਲਗਪਗ ਅਸੰਭਵ ਹੀ ਹੋ ਜਾਂਦੇ ਹਨ। 'ਮੌਨ ਹਾਦਸੇ' ਦੁਆਰਾ ਰਵਿੰਦਰ ਰਵੀ ਇਸੇ ਅਸੰਭਵ ਦੀ ਤਲਾਸ਼ ਵਿਚ ਨਿਕਲਦਾ ਹੈ :

ਸਿਰਜੇ ਜੀ ! ਕੋਈ ਸਿਰਜੇ ਕਿਵੇਂ ਖਾਮੋਸ਼ੀ ?
ਪਕੜੇ ਜੀ ! ਕੋਈ ਪਕੜੇ ਕੀਕੂੰ
ਸ਼ਬਦਾਂ ਦੇ ਵਿਚ ਭਾਵਾਂ ਦੀ ਬੇਹੋਸ਼ੀ ?

ਸ਼ਬਦਾਂ ਦੇ ਦਰ ਸੌੜੇ ਹਨ ਤੇ ਕੱਦ ਅਰਥਾਂ ਦੇ ਉੱਚੇ।
ਬਹੁ-ਦਿਸ਼ਾਵੀ ਚੇਤੰਨ ਅਨੁਭਵ ਕਵਣ ਸੁ ਦਰ, ਜਿਤ ਢੁੱਕੇ ?
ਸ਼ਬਦਾਂ ਬਾਝੋਂ ਅਰਥ, ਬੇਅਰਥੇ, ਮਰਦੇ ਵਿਚ ਨਮੋਸ਼ੀ !

'ਮੌਨ ਹਾਦਸੇ' ਦੀਆਂ ਕਵਿਤਾਵਾਂ ਪੜ੍ਹ ਕੇ ਇਹ ਬੋਧ ਬੜੀ ਤੀਖਣਤਾ ਨਾਲ ਹੁੰਦਾ ਹੈ ਕਿ ਰਵਿੰਦਰ ਰਵੀ ਆਪਣੇ ਆਸ-ਪਾਸ ਦੀ ਮੁਖੌਟੇਧਾਰੀ ਸੰਸਕ੍ਰਿਤੀ, ਮਿਤ-ਮੁਖੇ ਦੁਸ਼ਮਣਾਂ ਅਤੇ ਰਸਮੀ ਆਚਾਰ-ਵਿਹਾਰ ਤੋਂ ਬੇਹੱਦ ਉਪਰਾਮ ਹੋ ਚੁੱਕਾ ਹੈ। ਹੁਣ ਉਹ ਸਮਾਜਕ-ਸਭਿਆਚਾਰਕ ਪਰਿਵੇਸ਼ ਤੋਂ ਬੁਰੀ ਤਰ੍ਹਾਂ ਉਬ ਚੁਕਾ ਹੈ ਅਤੇ ਇਸ ਦੇ ਪਰਿਤਿਆਗ ਲਈ ਆਪਣੇ ਖੰਭ ਫੜਕਾ ਰਿਹਾ ਹੈ :

ਮੈਨੂੰ ਪਤਾ ਨਹੀਂ ਆਪਣੀ ਮੰਜ਼ਿਲ ਦਾ, ਮੈਨੂੰ ਆਪਣੀ ਛਾਂ ਤੋਂ ਡਰ ਆਵੇ।
ਮੇਰੀ ਹੋਂਦ ਗਈ ਹੈ ਪਰਛਾਵੀਂ, ਮੇਰੇ ਕੰਬਦੇ ਕਦਮਾਂ ਦੀ ਬਿੜਕਣ

ਪਈ ਆਪਣੀ ਤੋਰ ਤੋਂ ਕਤਰਾਵੇ ।

ਪਰ ਦੂਰ ਨਜ਼ਰ ਦੀ ਸੀਮਾ 'ਤੇ, ਕੋਈ ਅਦ੍ਰਿਸ਼ ਮੰਜ਼ਿਲ ਖਿੱਚ ਪਾਵੇ !

ਨਾ ਕੋਈ ਨਜ਼ਰ ਆਵੇ ਨਾ ਕੋਲ ਆਵੇ ! ਕੋਈ ਅਜਨਬੀ 'ਵਾਜ਼ ਪਈ ਆਵੇ !

ਅਦ੍ਰਿਸ਼ ਮੰਜ਼ਿਲ 'ਤੇ ਪਹੁੰਚ ਕੇ ਅਜਨਬੀ ਆਵਾਜ਼ ਦੀ ਭੀੜ ਵਿਚ ਰਵੀ ਦੇ ਸਿਰਜਣਾਤਮਕ ਆਪੇ ਨੇ ਕੀ ਖੱਟਿਆ, ਕੀ ਗਵਾਇਆ ? ਇਹ ਇਕ ਬਹਿਸ ਹੈ ਅਤੇ ਇਸਦਾ ਉੱਤਰ ਸਾਨੂੰ ਉਸਦੀਆਂ ਸਮੁੱਚੀਆਂ ਕਵਿਤਾਵਾਂ ਦੀ ਦੂਜੀ ਸੈਂਚੀ 'ਵਣ ਵਾਣੀ' (1966-74) ਵਿਚੋਂ ਢੂੰਡਣਾ ਪਵੇਗਾ । ਉਤਨੀ ਦੇਰ ਤਕ ਅਸੀਂ 'ਅਕੱਥ ਕਥਾ' ਵਿਚ ਉਸਦੇ ਕਾਵਿ-ਅਨੁਭਵ ਦੇ ਵਿਕਾਸ, ਦਿਸ਼ਾ ਅਤੇ ਦਸ਼ਾ ਬਾਰੇ ਮੁਤਮਈਨ ਹੋਣ ਦੀ ਕੋਸ਼ਿਸ਼ ਕਰਦੇ ਹਾਂ ।

[ਬ੍ਰਹਮਜਗਦੀਸ਼ ਸਿੰਘ]

**ਵਿਵਿਧਾ** [ਦੇਵਿੰਦਰ ਕੌਰ]

'ਵਿਵਿਧਾ' (ਪੰਨੇ-143, ਮੁੱਲ : 75 ਰੁਪਏ, ਜਸਪ੍ਰੀਤ ਪ੍ਰਕਾਸ਼ਨ, ਨਵੀਂ ਦਿੱਲੀ-55) ਦੇਵਿੰਦਰ ਕੌਰ ਦੀ ਸ਼ਾਇਦ ਚੌਥੀ ਆਲੋਚਨਾ-ਪੁਸਤਕ ਹੈ । ਡਾ. ਦੇਵਿੰਦਰ ਕੌਰ ਨੇ 'ਭਾਈ ਵੀਰ ਸਿੰਘ ਕਾਵਿ ਦਾ ਰੂਪ ਵਿਗਿਆਨਕ ਅਧਿਐਨ' ਨਾਲ ਆਪਣੀ ਸਮੀਖਿਅਕ-ਪਛਾਣ ਸਿਰਜੀ । ਦਿੱਲੀ-ਆਲੋਚਨਾ-ਸਕੂਲ ਵਿਚ ਇਸ ਵੇਲੇ ਉਹ ਪੇਸ਼ ਪੇਸ਼ ਹੈ। ਨਿਰਸੰਦੇਹ ਉਸ ਦਾ ਉੱਚੇਚਾ ਧਿਆਨ ਵੱਖ-ਵੱਖ ਕਾਵਿ-ਰੂਪਾਂ/ਕਵੀਆਂ 'ਤੇ ਕੇਂਦਰਿਤ ਰਿਹਾ ਹੈ, ਫਿਰ ਵੀ ਉਸ ਹੋਰਨਾਂ ਸਾਹਿਤ-ਵਿਧਾਵਾਂ/ਰਚਨਾਵਾਂ ਨੂੰ ਅਧਿਐਨ ਲਈ ਚੁਣਿਆ ਹੈ । ਇਸ ਦਾ ਪ੍ਰਮਾਣ ਹੱਥਲੀ-ਪੁਸਤਕ ਹੈ, ਜਿਸ ਵਿਚ 16 ਲੇਖ ਸ਼ਾਮਿਲ ਹਨ ।

ਪਹਿਲੇ ਦੋ ਲੇਖ 'ਸਾਹਿਤ ਸਿਰਜਣਾ ਅਤੇ ਸਾਹਿਤ ਅਧਿਐਨ' ਅਤੇ 'ਭਾਸ਼ਾ ਦਾ ਤਰਕ' ਵਿਚ ਸਾਹਿਤ-ਸਿਰਜਣ ਤੇ ਸਾਹਿਤ-ਅਧਿਐਨ ਨੂੰ ਨਿਖੇੜਿਆ ਹੈ । ਉਸ ਦਾ ਕਹਿਣਾ ਹੈ ਕਿ 'ਸਾਹਿਤ ਪੜ੍ਹਨ ਦਾ ਸੰਬੰਧ ਰਚਨਾ ਨੂੰ ਮਾਣਨ ਨਾਲ ਹੈ ਤੇ ਆਲੋਚਨਾ ਦਾ ਸੰਬੰਧ ਰਚਨਾ ਬਾਰੇ ਖੰਡਣੀ-ਮੰਡਣੀ ਦ੍ਰਿਸ਼ਟੀ ਪੇਸ਼ ਕਰਨ ਨਾਲ ।' ਲੇਖ ਸਾਹਿਤ-ਸਿਰਜਣਾ ਤੇ ਸਾਹਿਤ-ਅਧਿਐਨ ਨੂੰ ਵੱਖਰੇ ਕਾਰਜ ਮੰਨਦਾ, ਸਾਹਿਤ-ਸਿਰਜਣਾ ਨੂੰ ਅਨੁਭਵ ਮੂਲਕ ਹੋਂਦ ਅਤੇ ਸਾਹਿਤ ਅਧਿਐਨ ਨੂੰ ਗਿਆਨ ਮੂਲਕ ਮੰਨਦਾ, ਸਾਹਿਤ-ਅਧਿਐਨ ਵਿਚ ਸਿਰਜਣਾ ਦਾ ਦਖ਼ਲ ਨਹੀਂ ਮੰਨਦਾ । ਇਸ ਲਈ ਉਸ ਜੋ ਪ੍ਰਮਾਣ/ਆਧਾਰ ਬਣਾਏ ਹਨ, ਉਹ ਪੂਰਨ-ਭਾਂਤ ਸਪਸ਼ਟ ਨਹੀਂ ਹੁੰਦੇ । ਹਾਂ, ਇਸ ਨਾਲ ਬਹਿਸ ਤੁਰੇਗੀ ਕਿਉਂਕਿ ਖ਼ੁਦ ਉਸ ਦੇ ਗੁਰੂ ਡਾ. ਹਰਿਭਜਨ ਸਿੰਘ ਨੇ ਇਕ ਭਾਸ਼ਣ ਵਿਚ ਸਾਹਿਤ-ਆਲੋਚਨਾ ਨੂੰ ਇਕ ਸਿਰਜਣਾਤਮਕ-ਕਾਰਜ ਮੰਨਿਆਂ ਸੀ । ਪਰ ਡਾ. ਦੇਵਿੰਦਰ ਨੇ ਦੋਨਾਂ ਕਾਰਜਾਂ ਨੂੰ ਭਾਸ਼ਾਈ ਚਿਹਨ-ਸਿਸਟਮਾਂ ਦੇ ਵੱਖਰੇ ਸੁਭਾਵਾਂ ਵਾਲੇ ਮੰਨ ਕੇ ਨਿਖੇੜਿਆ ਹੈ । ਦੂਜੇ ਲੇਖ 'ਭਾਸ਼ਾ ਦਾ ਤਰਕ' ਵਿਚ ਭਾਸ਼ਾ ਨੂੰ ਲੈ ਕੇ ਸੰਚਾਰ-ਸਾਧਨ, ਮਾਨਵੀ-ਸਮਾਜ ਸਿਰਜਣਾ, ਧੁਨੀ-ਪ੍ਰਬੰਧ, ਮਨੁੱਖੀ ਭਾਸ਼ਾ ਤੇ ਗੈਰ-ਮਨੁੱਖੀ ਧੁਨੀਆਂ, ਸਮਾਜਕ ਪ੍ਰਬੰਧ ਅਤੇ ਮਕਾਨਕੀ ਪ੍ਰਬੰਧ ਅਤੇ ਅਰਥ ਦੀ ਸੰਜੁਗਤੀ ਆਦਿ ਨੁਕਤਿਆਂ 'ਤੇ ਗੱਲ ਤੋਰੀ ਹੈ । ਇਸ ਵਿਚ ਉਸ ਭਾਸ਼ਾ ਨੂੰ ਕੇਵਲ ਵਸਤਾਂ ਨੂੰ ਨਾਮ ਦੇਣ ਵਾਲੇ ਸਿਸਟਮ ਨਹੀਂ ਮੰਨਿਆ ਕਿਉਂਕਿ ਇੰਝ ਸੀਮਾ



ਬੰਨ੍ਹਦਿਆਂ ਭਾਸ਼ਾ-ਤਰਕ ਦੀ ਸਹੀ ਪਛਾਣ ਨਹੀਂ ਹੁੰਦੀ । ਉਸ ਅਨੁਸਾਰ ਭਾਸ਼ਾ ਦਾ ਤਰਕ ਭਾਸ਼ਾ ਦੇ ਮਕਾਨਕੀ ਪ੍ਰਬੰਧ ਅਤੇ ਅਰਥ ਦੇ ਅਦਵੈਤੀ ਰਿਸ਼ਤੇ ਉਪਰ ਆਧਾਰਿਤ ਹੁੰਦਾ ਹੈ । 'ਲੋਕ-ਸਾਹਿਤ ਅਤੇ ਉਸਦੇ ਪਛਾਣ-ਚਿਹਨ' ਲੇਖ ਵੀ ਦਰਅਸਲ ਸਿਧਾਂਤਕ ਹੀ ਹੈ । ਇਸ ਵਿਚ ਉਸ ਲੋਕ-ਸਾਹਿਤ ਅਤੇ ਸਾਹਿਤ ਦੇ ਆਪਸੀ ਸੰਬੰਧ ਦੀ ਪਛਾਣ ਉਭਾਰਨ ਵਾਲੇ ਨੁਕਤੇ ਉਭਾਰੇ ਹਨ । ਮਿੱਥ ਦੇ ਸੰਦਰਭ ਵਿਚ ਇਨ੍ਹਾਂ ਨੂੰ ਨਿਖੇੜਦਿਆਂ ਮਿਥ-ਜਗਤ ਅਤੇ ਲੋਕ-ਜਗਤ ਨਾਲ ਸੰਬੰਧਤ ਰਚਨਾਵਾਂ ਵਿਚਲਾ ਨਿਖੇੜਾ 'ਦੇਵੀਕਰਨ' ਅਤੇ 'ਪ੍ਰਕਿਰਤੀਕਰਨ' ਦੇ ਨਿਖੇੜੇ 'ਤੇ ਟਿਕਿਆ ਮੰਨਿਆ ਹੈ । ਧਰਮ-ਵਿਸ਼ਵਾਸ ਤੇ ਲੋਕ-ਵਿਸ਼ਵਾਸ ਸੂਝ ਮਾਡਲਾਂ ਨੂੰ ਪੁਰਾਤਨ ਸਾਹਿਤ ਦੇ ਪਰਿਪੇਖ ਵਿਚ ਵਖਰਿਆਇਆ ਹੈ ।

'ਗੁਰੂ ਨਾਨਕ ਚਮਤਕਾਰ ਵਿਚਲੇ ਖੱਪਿਆਂ ਦਾ ਅਧਿਐਨ' ਲੇਖ ਵਿਚ ਗੁਰੂ ਨਾਨਕ ਦੇ ਬਿੰਬ ਸਿਰਜਣ ਨੂੰ ਵੇਖਿਆ ਗਿਆ ਹੈ । ਗੁਰੂ ਨਾਨਕ ਇਤਿਹਾਸਕ ਵਿਅਕਤੀ ਹੁੰਦਾ ਹੋਇਆ ਵੀ ਮਿਥਿਹਾਸਕ ਸਰੂਪ ਕਿਉਂ ਧਾਰ ਲੈਂਦੇ ? ਰਚਨਾ ਵਿਚਲੀਆਂ ਵਿੱਥਾਂ ਰਚਨਾ-ਸੰਗਠਨ ਨੂੰ ਕਿਵੇਂ ਪ੍ਰਭਾਵਿਤ ਕਰਦੀਆਂ ਹਨ । 'ਰਾਣਾ ਸੂਰਤ ਸਿੰਘ ਦਾ ਬਿਰਤਾਂਤ ਮਾਡਲ' ਵਿਚ ਨਿਰਸੰਦੇਹ ਬਿਰਤਾਂਤ-ਮਾਡਲ ਨੂੰ ਪਛਾਣਦਿਆਂ ਇਸ ਰਚਨਾ ਨੂੰ ਨਾ ਤਾਂ ਪੂਰਨ ਲੋਕ-ਕਥਾ ਵਾਲਾ ਅਤੇ ਨਾ ਹੀ ਪੂਰੀ ਤੌਰ 'ਤੇ ਸਾਖੀ ਵਾਲਾ ਮੰਨਿਆ ਹੈ । 'ਕਾਵਿ-ਰੰਗ ਸੁੰਦਰਤਾ' ਕਵਿਤਾ ਦਾ ਅਧਿਐਨ ਹੈ । ਇਸੇ ਤਰ੍ਹਾਂ ਪੂਰਨ ਸਿੰਘ ਦੀ 'ਘਰ ਦੀ ਗਹਿਲ ਚੰਗੀ', ਡਾ. ਹਰਿਭਜਨ ਦੀ 'ਤੇਰੇ ਹਜ਼ੂਰ ਮੇਰੀ ਹਾਜ਼ਰੀ ਦੀ ਦਾਸਤਾਨ', ਨੇਕੀ ਦੀ 'ਕਰੁਣਾ ਦੀ ਛੁਹ ਤੋਂ ਮਗਰੋਂ' ਆਦਿ ਕਵਿਤਾਵਾਂ ਦਾ ਅਧਿਐਨ ਕਰਦਿਆਂ ਰਚਨਾ-ਜੁਗਤਾਂ, ਸੰਚਾਰ-ਮਾਡਲਾਂ ਦਾ ਅਧਿਐਨ ਕੀਤਾ ਗਿਆ ਹੈ ।

'ਮੇਰੀ ਜੀਵਨ ਕਹਾਣੀ' ਨੂੰ ਸਵੈ-ਜੀਵਨੀ ਜਾਂ ਸੰਸਮਰਣ ਦੇ ਪ੍ਰਸੰਗ ਵਿਚ ਮੁੜ ਵਾਚਿਆ ਹੈ । ਇਹ ਦੋਨੋਂ ਵੱਖਰੀਆਂ ਵਿਧਾਵਾਂ ਹਨ । ਇਕ ਦੂਜੀ ਰਚਨਾਂ ਵੇਲੇ ਅੰਗ ਸੰਗ ਵੀ ਰਹਿੰਦੀਆਂ ਹਨ, ਇਨ੍ਹਾਂ ਦਾ ਨਿਖੇੜਾ ਭਾਸ਼ਾ ਸ਼ੈਲੀ ਵਿਚਲੇ ਸਲੀਕੇ ਦੀ ਪਛਾਣ ਨਾਲ ਕਰਦਿਆਂ ਇਸ ਨੂੰ ਸੰਸਮਰਣ ਕਿਹਾ ਹੈ ।

ਅਜੀਤ ਕੌਰ ਦੀ ਪੁਸਤਕ 'ਸਾਵੀਆਂ ਚਿੜੀਆਂ' ਦਾ ਅਧਿਐਨ ਅਤੇ 'ਰਾਤਾਂ ਕਾਲੀਆਂ' ਨਾਵਲ ਦਾ ਅਧਿਐਨ ਕਰਦਿਆਂ ਭਾਵ-ਸੰਰਚਨਾ ਨੂੰ ਪਛਾਣਿਆ ਹੈ ।

ਇਸ ਪੁਸਤਕ ਦੇ ਆਖ਼ਰੀ ਦੋ ਲੇਖ 'ਯਮ-ਯਮੀ ਸੰਵਾਦ' ਅਤੇ 'ਬਾਲਮੀਕੀ ਰਾਮਾਇਣ ਵਿਚਲੀ ਕੈਕੇਈ' ਵਿਸ਼ੇਸ਼-ਦ੍ਰਿਸ਼ਟੀ ਆਧਾਰ ਸਿਰਜਣ ਵਾਲੇ ਲੇਖ ਹਨ । ਦੋਨੋਂ ਰਚਨਾਵਾਂ ਮਰਦ-ਲੇਖਕਾਂ ਦੀਆਂ ਹਨ ਤੇ ਕੇਂਦਰ ਵਿਚ ਔਰਤ ਹੈ । ਇਨ੍ਹਾਂ ਰਚਨਾਵਾਂ ਵਿਚਲੀ ਔਰਤ ਨੂੰ ਔਰਤ-ਪਾਠਕ ਦੇ ਨਜ਼ਰੀਏ ਤੋਂ ਵੇਖਣਾ, ਸਮਝਣਾ ਇਨ੍ਹਾਂ ਦਾ ਉਦੇਸ਼ ਹੈ । ਇਨ੍ਹਾਂ ਵਿਚ ਉਸ ਸਪਸ਼ਟ ਕੀਹੈ--'ਇਸਤਰੀ ਦੀ ਹਾਲਤ ਤਰਸਯੋਗ ਹੈ । ਮਰਦ ਦੇ ਇਕਾਂਤ ਵਿਚ ਹੀ ਨਹੀਂ ਮਰਦ ਦੇ ਸਮਾਜ ਵਿਚ ਵੀ ਉਹ ਇਕੱਲੀ ਹੈ । ਸਾਹਿਤ ਦੀ ਕਚਹਿਰੀ ਵਿਚ ਵੀ ਉਹਦੀ ਹਾਮੀ ਭਰਨ ਵਾਲਾ ਕੋਈ ਨਹੀਂ ।' ਮਰਦ ਆਪਣੀਆਂ ਕਮਜ਼ੋਰੀਆਂ ਨੂੰ ਔਰਤ 'ਤੇ ਥੱਪ ਕੇ ਗੱਲ ਕਰਦਾ ਹੈ । ਰਚਨਾ-ਜਟਿਲਤਾ ਮਿਥਿਹਾਸ ਸਮਾਜ ਨੂੰ ਰੱਲਗੱਡ ਕਰਨ ਕਰਕੇ ਹੈ । ਉਸ ਯਮ-ਯਮੀ ਸੰਵਾਦ ਨੂੰ ਪੁਰਖ ਸਮਾਜ ਦੀਆਂ ਦਬਾਈਆਂ ਹੋਈਆਂ ਖ਼ਾਹਿਸ਼ਾਂ ਦਾ

ਦਸਤਾਵੇਜ਼ ਮੰਨਿਆ ਹੈ । ਮਰਦ ਨੂੰ ਸਦਾਚਾਰਕ ਤੇ ਔਰਤ ਨੂੰ ਕਾਮਣੀ, ਭ੍ਰਿਸ਼ਟ ਮੰਨਣ ਦੀ ਬਿਰਤੀ ਦਾ ਪਰਿਪੇਖ ਵੀ ਏਹੋ ਹੈ ।

ਦੂਸਰੇ ਲੇਖ ਵਿਚ ਕੈਕੇਈ ਦੀ ਗੱਲ ਕਰਦਿਆਂ ਇਹੋ ਨੁਕਤੇ ਹੋਰ ਸਪਸ਼ਟ ਹੁੰਦੇ ਹਨ । ਮਾਨ-ਸਨਮਾਨ ਇਨ੍ਹਾਂ ਵਿਚੋਂ ਇਕ ਹੈ । 'ਵਰ', 'ਸ਼ਰਤ' ਤੇ 'ਸਰਾਪ' ਵਰਗੀਆਂ ਜੁਗਤਾਂ ਆਧਾਰ ਬਣਦੀਆਂ ਹਨ । ਕੈਕੇਈ ਇਕ ਬਹਾਦਰ ਔਰਤ ਸੀ, ਦਸ਼ਰਥ ਇਹ ਮੰਨਦਾ ਸੀ । ਇਸ ਦੇ ਨਾਲ ਹੀ 'ਸੰਕਣ-ਸਾੜਾ' ਨੂੰ ਵੀ ਆਧਾਰ ਬਣਾਇਆ ਹੈ । ਇਸ ਲੇਖ ਦੀ ਖੂਬੀ ਡਾ. ਦੇਵਿੰਦਰ ਵੱਲੋਂ ਕੈਕੇਈ ਦੇ ਬਣੇ ਬਿੰਬ ਨੂੰ ਤੋੜਨ ਵਿਚ ਹੈ । ਉਹ ਲਿਖਦੀ ਹੈ "ਆਮ ਤੌਰ 'ਤੇ ਮੰਨਿਆ ਜਾਂਦਾ ਹੈ ਕਿ ਰਾਜਾ ਦਸ਼ਰਥ ਨੇ ਦੁਰਾਚਾਰਨੀ ਕੈਕੇਈ ਦਾ ਕਹਿਣਾ ਮੰਨਿਆ, ਪਰ ਮੈਂ ਸਮਝਦੀ ਹਾਂ ਕਿ ਰਾਜਾ ਦਸ਼ਰਥ ਦੇ ਅਚੇਤ ਮਨ ਉਪਰ ਪਏ ਹੋਏ ਕੈਕੇਈ ਦੀ ਉੱਤਮਤਾ ਦੇ ਪ੍ਰਭਾਵ ਨੇ ਇਹ ਕਾਰਜ ਕਰਵਾਇਆ ।" ਇਹ ਰਚਨਾ ਭੂਪ-ਵਾਦੀ ਸਿਸਟਮ ਨੂੰ ਉਭਾਰਦੀ ਹੈ ਤੇ ਹਰ ਪਾਤਰ ਉਸ ਸਿਸਟਮ ਦਾ ਅੰਗ ਹੈ । ਪਰ ਕੈਕੇਈ ਵੱਖਰੀ ਪਛਾਣ-ਹੋਂਦ ਰੱਖਦੀ ਹੈ । ਪਰ ਇਹ ਹੋਂਦ ਸਿਸਟਮ ਹੇਠ ਦੱਬੀ ਪਈ ਹੈ । ਭੂਪ-ਵਾਦੀ ਸਿਸਟਮ ਵਿਚ ਮਰਦ ਔਰਤ ਦੁੱਖ ਨੂੰ ਉਸ ਨੇ ਸ਼ਾਨ-ਸਹਿਤ ਅਤੇ ਨਮੋਸ਼ੀ-ਸਹਿਤ ਕਿਹਾ ਹੈ ।

'ਵਿਵਿਧਾ' ਆਲੋਚਨਾ ਪੁਸਤਕ ਦੇ ਇਹ ਸਾਰੇ ਲੇਖ ਚਾਹੇ ਵੱਖਰੀਆਂ ਵਿਧਾਵਾਂ 'ਤੇ ਆਧਾਰਿਤ ਹਨ, ਪਰ ਇਨ੍ਹਾਂ ਰਾਹੀਂ ਉਭਰਦੀ ਅਧਿਐਨ-ਦ੍ਰਿਸ਼ਟੀ ਵਿਸ਼ੇਸ਼ ਹੈ, ਤੇ ਉਹ ਹੈ ਸੰਰਚਨਾਤਮਕ । ਭਾਸ਼ਾ, ਜੁਗਤਾਂ, ਮਾਡਲ, ਮਿੱਥ ਸਭ ਇਕਾਈਆਂ ਵੀ ਹਨ ਤੇ ਰਚਨਾ-ਸੰਰਚਨਾ ਲਈ ਸੰਗਠਨ ਵੀ । ਇਨ੍ਹਾਂ ਦਾ ਅਧਿਐਨ ਰਚਨਾ ਨੂੰ ਸਮਝਣ ਲਈ ਵਧੇਰੇ ਸਹਾਈ ਹੁੰਦਾ ਹੈ । ਰਚਨਾ ਰਾਹੀਂ ਭਾਵ, ਸਮਾਜ, ਸਿਸਟਮ ਨੂੰ ਸਮਝਣ ਦਾ ਯਤਨ । ਇਹ ਯਤਨ ਨਿਰਲੇਪ ਹੀ ਨਹੀਂ, ਸੰਤੁਲਿਤ ਵੀ ਰਹਿੰਦਾ ਹੈ । ਇਹੋ ਇਸ ਆਲੋਚਨਾ-ਦ੍ਰਿਸ਼ਟੀ ਦੀ ਵਿਸ਼ੇਸ਼ਤਾ ਹੈ । ਨਵ-ਆਲੋਚਨਾ ਵਿਚ ਇਹ ਪੁਸਤਕ ਡਾ. ਦੇਵਿੰਦਰ ਦੇ ਆਲੋਚਨਾ-ਬਿੰਬ ਨੂੰ ਗੂੜ੍ਹਿਆਂ ਕਰਦੀ ਹੈ । [ਅਵਤਾਰ ਜੌੜਾ]

## ਵੱਖਰੇ-ਵੱਖਰੇ ਫੋਕਸ [ਗੁਰਮੁਖ ਸਿੰਘ ਜੀਤ]

ਗੁਰਮੁਖ ਸਿੰਘ ਜੀਤ ਦੀ ਪੰਜਾਬੀ ਗਲਪ ਵਿਚ ਇਕ ਵਿਸ਼ੇਸ਼ ਪਹਿਚਾਣ ਹੈ । ਉਸਨੇ ਆਪਣੇ ਗਲਪ-ਜਗਤ ਵਿਚ ਭਾਰਤ ਦੇ ਨਗਰਾਂ ਤੇ ਮਹਾਂਨਗਰਾਂ ਵਿਚ ਵਸਦੇ ਵੱਖ-ਵੱਖ ਸਭਿਆਚਾਰਾਂ ਨਾਲ ਜੁੜੇ ਲੋਕਾਂ ਨੂੰ ਉਜਾਰਿਆ ਅਤੇ ਉਭਾਰਿਆ ਹੈ । ਸਿੱਟੇ ਵਜੋਂ ਭਾਰਤੀ ਉਪ-ਮਹਾਂਦੀਪ ਵਿਚ ਵਸਦੇ ਲੋਕਾਂ ਦਾ ਇਕ ਬੜਾ ਸਜੀਵ ਬਿੰਬ ਉਸ ਦੀਆਂ ਕਥਾ-ਕਹਾਣੀਆਂ ਵਿਚ ਦੇਖਿਆ ਜਾ ਸਕਦਾ ਹੈ । ਦਿੱਲੀ ਵਰਗੇ ਮਹਾਂਨਗਰ ਵਿਚ ਰਹਿਣ ਕਰਕੇ ਅਤੇ ਨੌਕਰੀ ਦੇ ਤਕਾਜ਼ਿਆਂ ਕਾਰਣ ਸਿੱਕਮ, ਨਾਗਾਲੈਂਡ, ਆਸਾਮ, ਬੰਗਾਲ, ਉੜੀਸਾ, ਆਂਧਰਾ, ਕੇਰਲਾ, ਤਾਮਿਲਨਾਡ ਅਤੇ ਅੰਡੇਮਾਨ ਵਰਗੀਆਂ ਦੂਰ ਦੁਰੇਡੀਆਂ ਥਾਵਾਂ 'ਤੇ ਘੁੰਮਣ ਕਾਰਨ ਉਸਦਾ ਅਨੁਭਵ ਅਤਿਅੰਤ ਵਿਸ਼ਾਲ ਹੋ ਗਿਆ ਹੈ । ਪੂਰੇ ਦਾ ਪੂਰਾ ਭਾਰਤ



ਰਾਸ਼ਟਰ ਜੋ ਉਪਰੋਂ ਬੜੀਆਂ ਵਿਭਿੰਨਤਾਵਾਂ ਰੱਖਦਾ ਹੈ, ਉਸ ਦੇ ਕਥਾ-ਲੋਕ ਵਿਚ ਨਾ ਕੇਵਲ ਸਾਕਾਰ ਹੀ ਹੁੰਦਾ ਹੈ ਬਲਕਿ ਇਸ ਸੱਚ ਦੀ ਵੀ ਗਵਾਹੀ ਦਿੰਦਾ ਹੈ ਕਿ ਇਸ ਰਾਸ਼ਟਰ ਵਿਚ ਵੱਸਣ ਵਾਲੇ ਲੋਕ ਆਪਣੀਆਂ ਸਾਂਝੀਆਂ ਇਤਿਹਾਸਕ-ਰਾਜਨੀਤਕ ਪਰਿਸਥਿਤੀਆਂ ਕਾਰਣ ਇਕੋ ਤਰ੍ਹਾਂ ਸੋਚਦੇ ਅਤੇ ਸੰਘਰਸ਼ ਕਰਦੇ ਹਨ ।

'ਵੱਖਰੇ-ਵੱਖਰੇ ਫੋਕਸ' [ਨੈਸ਼ਨਲ ਬੁਕ ਸ਼ਾਪ,ਪੰਨੇ 151 ਅਤੇ ਮੁੱਲ : 40 ਰੁਪਏ] ਗੁਰ-ਮੁਖ ਸਿੰਘ ਜੀਤ ਦਾ ਨੌਵਾਂ ਕਹਾਣੀ ਸੰਗ੍ਰਹਿ ਹੈ । ਇਸ ਵਿਚ ਉਸਦੀਆਂ ਕੁਲ 13 ਕਹਾਣੀਆਂ ਸੰਕਲਿਤ ਹਨ । ਇਨ੍ਹਾਂ ਕਹਾਣੀਆਂ ਵਿਚ ਉਸਨੇ ਵੱਖ-ਵੱਖ ਪਰਿਸਥਿਤੀਆਂ ਵਿਚ ਜੂਝ ਰਹੇ ਆਪਣੇ ਕਿਰਦਾਰਾਂ ਨੂੰ ਬਹੁਤ ਸਾਰੇ ਸੰਭਵ ਕੋਣਾਂ ਤੋਂ ਰੱਖ ਕੇ ਵੇਖਿਆ ਅਤੇ ਚਿਤਰਿਆ ਹੈ । ਇਸ ਤਰ੍ਹਾਂ ਉਸਨੇ ਕਦੇ ਕਲੋਜ਼ ਅੱਪ, ਕਦੇ ਮਿਡਲ ਡਿਸਟੈਂਸ ਸ਼ਾਟ ਅਤੇ ਕਦੇ ਲਾਂਗ ਡਿਸਟੈਂਸ ਸ਼ਾਟ ਦਾ ਪ੍ਰਯੋਗ ਕੀਤਾ ਹੈ । ਕਈ ਵਾਰ ਇਕ ਹੀ ਵਸਤੂ-ਸਥਿਤੀ ਨੂੰ ਭਿੰਨ-ਭਿੰਨ ਕਿਰਦਾਰਾਂ ਦੇ ਦ੍ਰਿਸ਼ਟੀਕੋਣ ਤੋਂ ਚਿਤਰਿਆ ਹੈ । ਪੂੰਜੀਵਾਦੀ ਯੁਗ ਵਿਚ ਆਰਥਿਕ-ਸਮਾਜਕ ਰਿਸ਼ਤੇ ਇਤਨੇ ਉਲਝ ਗਏ ਹਨ ਕਿ ਇਕ ਵਿਅਕਤੀ ਦਾ ਹਿਤ ਕਿਸੇ ਦੂਜੇ ਵਿਅਕਤੀ ਦਾ ਅਹਿਤ ਹੋ ਨਿਬੜਦਾ ਹੈ । ਗੁਰਮੁਖ ਸਿੰਘ ਜੀਤ ਨੇ ਆਪਣੀਆਂ ਕਈ ਕਹਾ-ਣੀਆਂ (ਇਕ ਸੂਲ ਦਾ ਆਸਰਾ, ਵੱਖਰੇ ਵੱਖਰੇ ਫੋਕਸ ਆਦਿ) ਵਿਚ ਕੋਸ਼ਿਸ਼ ਕੀਤੀ ਹੈ ਕਿ ਉਹ ਇਕ ਹੀ ਵਸਤੂ-ਸਥਿਤੀ ਦੇ ਸਾਰੇ ਸੰਭਵ ਧਰਾਤਲ ਵੇਖੇ, ਵਿਚਾਰੇ ਅਤੇ ਵਿਅਕਤ ਕਰੇ । ਚਿਤਰਕਾਰੀ ਦੇ ਖੇਤਰ ਵਿਚ ਕੁਝ ਅਜਿਹਾ ਕੰਮ ਹੀ ਵੀਹਵੀਂ ਸਦੀ ਦੇ ਪਹਿਲੇ ਅੱਧ ਵਿਚ ਘਣਵਾਦੀ ਚਿਤਰਕਾਰ ਕਰ ਰਹੇ ਸਨ । ਪੰਜਾਬੀ ਕਹਾਣੀ ਦੇ ਆਲਮ ਵਿਚ ਪ੍ਰੇਮ ਪ੍ਰਕਾਸ਼, ਜਸ-ਵੰਤ ਸਿੰਘ ਵਿਰਦੀ ਅਤੇ ਗੁਰਪਾਲ ਲਿਟ ਨੇ ਇਸ ਪ੍ਰਕਾਰ ਦੇ ਪ੍ਰਯੋਗ ਬੜੇ ਸੁਚੇਤ ਰੂਪ ਵਿਚ ਕੀਤੇ ਸਨ ਅਜਿਹੇ ਪ੍ਰਯੋਗ ਸਪਸ਼ਟ ਕਰਦੇ ਹਨ ਕਿ ਕਿਸੇ ਵਸਤੂ-ਸਥਿਤੀ ਦੀ ਪੇਸ਼ਕਾਰੀ ਲਈ, ਅਨਯ ਪੁਰਖ ਦੇ ਰੂਪ ਵਿਚ ਕਥਾ ਬਿਆਨ ਕਰ ਰਿਹਾ ਲੇਖਕ ਕਈ ਵਾਰ ਆਪਣੇ ਆਪ ਨੂੰ ਬੇਬਸ ਅਤੇ ਅਸਹਾਇ ਪਾਉਂਦਾ ਹੈ । ਉਸ ਸਥਿਤੀ ਵਿਚ ਲੇਖਕ ਨੂੰ ਇਹੋ ਜਹੇ ਪ੍ਰਯੋਗ ਕਰਨ ਦੀ ਜ਼ਰੂਰਤ ਮਹਿਸੂਸ ਹੁੰਦੀ ਹੈ ।

ਗੁਰਮੁਖ ਸਿੰਘ ਜੀਤ ਦੀਆਂ ਇਨ੍ਹਾਂ ਕਹਾਣੀਆਂ ਵਿਚ ਇਸਤਰੀ-ਪੁਰਖ ਦੇ ਸਰੀਰਕ ਮਾਨਸਿਕ ਸੰਬੰਧ ਬਾਰੇ ਬੜੀ ਤਫਸੀਲ ਨਾਲ ਵਿਚਾਰ ਕੀਤੀ ਗਈ ਹੈ । ਕਿਸੇ ਕਹਾਣੀ ਵਿਚ ਉਸਨੇ ਗਰੀਬੀ ਹੱਥੋਂ ਮਜਬੂਰ ਔਰਤ ਨੂੰ ਆਪਣੀ ਅਸਮਤ ਦਾ ਸੌਦਾ ਕਰਦੇ ਹੋਏ ਦਿਖਾਇਆ ਹੈ (ਇਕ ਸੂਲ ਦਾ ਆਸਰਾ) : ਇਸ ਕਹਾਣੀ ਵਿਚ ਉਹ ਔਰਤ ਦੇ ਅਜਿਹੇ ਪਤਨ ਸੰਬੰਧੀ ਆਪਣਾ ਤਰਕ ਪੇਸ਼ ਕਰਦਾ ਹੋਇਆ ਲਿਖਦਾ ਹੈ, "ਕਹਿੰਦੇ ਹਨ ਪੈਸਾ ਵਿਗਾੜਦਾ ਹੈ । ਪਰ ਮੈਂ ਕਹਿੰਦੀ ਹਾਂ ਗਰੀਬੀ ਤੁਹਾਨੂੰ ਹੀਣਾ ਬਣਾ ਦਿੰਦੀ ਹੈ । ਇਹ ਤੁਹਾਡੀ ਆਤਮਾ ਨੂੰ ਭੰਨ ਦਿੰਦੀ ਹੈ । ਤੁਹਾਡੇ ਆਦਰ ਨੂੰ ਨਿਗਲ ਜਾਂਦੀ ਹੈ ਤੇ ਅਖ਼ੀਰ ਵਿਚ ਤੁਹਾਡੀ ਹੱਤਿਆ ਕਰ ਦਿੰਦੀ ਹੈ ।" 'ਮੇਰੇ ਪਤੀ ਦੀ ਪਤਨੀ' ਵਿਚ ਪਤੀ ਦੇ ਪਰਨਾਰੀ ਸੰਬੰਧ ਪਤਨੀ ਦੇ ਦੁਖਾਂਤ ਦਾ ਕਾਰਣ ਬਣਦੇ ਹਨ । ਪਰਨਾਰੀ ਦੇ ਰੂਪ ਵਿਚ ਲੇਖਕ ਨੇ ਕਮਲੇਸ਼ ਦੇ ਕਿਰਦਾਰ ਦੀ ਪੇਸ਼ਕਾਰੀ ਰਵਾਇਤ ਨਾਲੋਂ ਹਟ ਕੇ ਕੀਤੀ ਹੈ । ਲੇਖਕ ਨੇ ਦਰ-ਸਾਇਆ ਹੈ ਕਿ ਕੋਈ ਵੀ ਔਰਤ ਚਾਹੇ ਉਹ ਕਿਤਨੀ ਵੀ 'ਬਦਖੋਰ' ਕਿਉਂ ਨਾ ਹੋਵੇ, ਕਦੇ

ਇਹ ਬਰਦਾਸ਼ਤ ਨਹੀਂ ਕਰ ਸਕਦੀ ਕਿ ਉਸ ਨਾਲ ਕੇਵਲ ਸਰੀਰਕ ਸੁਖ ਤਕ ਹੀ ਵਾਸਤਾ ਰੱਖਿਆ ਜਾਵੇ । 'ਕੁੱਠੀ ਹੋਈ ਮੁਸਕਾਣ' ਵਿਚ ਕਮਜ਼ੋਰ ਆਰਥਿਕਤਾ ਦੀ ਚੱਕੀ ਵਿਚ ਪਿਸ ਰਹੇ ਇਕ ਪਤੀ-ਪਤਨੀ ਦੇ ਆਪਸੀ ਵਿਰੋਧ ਦਾ ਬਿਰਤਾਂਤ ਪੇਸ਼ ਕੀਤਾ ਗਿਆ ਹੈ । ਪਤੀ-ਪਤਨੀ ਦੇ ਅਹਮ ਦਾ ਆਪਸੀ ਟਕਰਾਉ 'ਚਾਹ ਦਾ ਸੱਖਣਾ ਪਿਆਲਾ' ਵਿਦ ਪ੍ਰਸਤੁਤ ਹੋਇਆ ਹੈ । ਇਥੇ ਲੇਖਕ ਦੀ ਮਰਦ ਪ੍ਰਤੀ ਹਮਦਰਦੀ ਛਿਪ ਨਹੀਂ ਸਕੀ । ਉਹ ਇਹ ਦਰਸਾਉਣ ਵਿਚ ਤਾਂ ਸਫ਼ਲ ਕਿਹਾ ਜਾ ਸਕਦਾ ਹੈ ਕਿ ਮਹਾਂਨਗਰਾਂ ਵਿਚ ਆਰਥਿਕ ਤੌਰ 'ਤੇ ਆਪਣੇ ਪੈਰਾਂ 'ਤੇ ਖੜੀ ਔਰਤ ਅਬਲਾ ਨਹੀਂ ਰਹੀ ਬਲਕਿ ਕਈ ਸਥਿਤੀਆਂ ਵਿਚ ਉਸਦਾ ਖਾਵੰਦ ਨਿਰਬਲ ਅਤੇ ਅਸਹਾਇ ਬਣ ਕੇ ਰਹਿ ਗਿਆ ਹੈ। ਪਰ ਇਸ ਸਥਿਤੀ ਨੂੰ ਕੇਵਲ ਇਕ ਪਰਿਵਾਰ ਤਕ ਹੀ ਸੀਮਿਤ ਕਰਕੇ ਵੇਖਣਾ ਅਤੇ ਇਸ ਦੇ ਕਾਰਣ ਪੂੰਜੀਵਾਦੀ ਯੁਗ ਦੇ ਵਿਕਾਰਾਂ ਵਿਚ ਢੂੰਡਣ ਦੀ ਕੋਸ਼ਿਸ਼ ਨਾ ਕਰਨਾ ਲੇਖਕ ਦੀ ਸੀਮਿਤ ਅਤੇ ਇਕਾਂਗੀ ਦ੍ਰਿਸ਼ਟੀ ਨੂੰ ਦਰਸਾਉਂਦਾ ਹੈ ।

'ਇਹ ਲੈ ਮਾਲਾ ਆਪਣੀ', 'ਵਿਦਰੋਹ', 'ਬਰਫ਼ ਵਿਚ ਲੁਕੀ ਅੱਗ' ਅਤੇ 'ਨੀਂਹ ਬਿਨਾਂ ਉਸਰਿਆ ਮੀਨਾਰ' ਕੁਝ ਵੱਖਰੀ ਪ੍ਰਕਾਰ ਦੀਆਂ ਕਹਾਣੀਆਂ ਹਨ, ਭਾਵੇਂ ਇਨ੍ਹਾਂ ਕਹਾਣੀਆਂ ਦੇ ਕੇਂਦਰੀ ਕਿਰਦਾਰ ਵੀ ਭਿੰਨ-ਭਿੰਨ ਪਰਿਵੇਸ਼ ਨਾਲ ਜੁੜੀਆਂ ਹੋਈਆਂ ਨਾਰੀਆਂ ਹੀ ਹਨ। 'ਇਹ ਲੈ ਮਾਲਾ ਆਪਣੀ' ਵਿਚ ਲੇਖਕ ਨੇ ਇਹ ਦਰਸਾਉਣ ਦੀ ਕੋਸ਼ਿਸ਼ ਕੀਤੀ ਹੈ ਕਿ ਸੰਸਕਾਰਾਂ ਅਤੇ ਅਤੀਤ ਦੀ ਪਕੜ ਤੋਂ ਮੁਕਤ ਹੋਣਾ ਸੌਖਾ ਨਹੀਂ । ਜੇ ਕਿਧਰੇ ਕਿਸੇ ਵਕਤੀ ਜਜ਼ਬੇ/ਉਬਾਲ ਅਧੀਨ ਕੋਈ ਵਿਅਕਤੀ ਇਨ੍ਹਾਂ ਤੋਂ ਮੁਕਤ ਹੋ ਵੀ ਜਾਵੇ ਤਾਂ ਵੀ ਸਦਾ ਇਹ ਖਤਰਾ ਬਣਿਆ ਰਹਿੰਦਾ ਹੈ ਕਿ ਉਹ ਦੋਬਾਰਾ ਇਨ੍ਹਾਂ ਦੀ ਗੁੰਜਲਕ ਵਿਚ ਜਾ ਫਸੇਗਾ । 'ਵਿਦਰੋਹ' ਬੜੀ ਵੱਖਰੀ ਅਤੇ ਤਾਜ਼ਾ ਕਹਾਣੀ ਹੈ । ਇਸ ਕਹਾਣੀ ਵਿਚ ਕਿਸ਼ੋਰ ਉਮਰ ਦੀ ਇਕ ਧੀ ਆਪਣੇ ਮਰਯਾਦਾਬੱਧ ਅਤੇ ਕਠੋਰ ਪਿਤਾ ਦੇ ਵਿਰੁੱਧ ਇਸ ਲਈ ਵਿਦਰੋਹ ਕਰਦੀ ਹੈ ਕਿਉਂਕਿ ਉਹ ਆਪਣੀਆਂ ਹੋਰ ਸਹੇਲੀਆਂ ਵਾਂਗ ਵਾਲ ਕਟਵਾਉਣਾ ਚਾਹੁੰਦੀ ਹੈ । ਇਹ ਕਹਾਣੀ ਲੇਖਕ ਨੇ ਬੜੀ ਖੁੱਭ ਕੇ ਲਿਖੀ ਹੈ । ਇਸ ਲਈ ਇਸ ਦਾ ਵਿਕਾਸ ਬੜੇ ਪ੍ਰਭਾਵਸ਼ਾਲੀ ਢੰਗ ਨਾਲ ਹੋਇਆ ਹੈ । 'ਬਰਫ਼ ..' ਵਿਚ ਗੁਰਮੁਖ ਸਿੰਘ ਜੀਤ ਨੇ ਇਕ ਵਿਆਹੁਤਾ ਔਰਤ ਦੀ ਮਾਨਸਿਕ ਗਰੰਥੀ ਦਾ ਵਿਸ਼ਲੇਸ਼ਣ ਕੀਤਾ ਹੈ । 'ਨੀਂਹ ਬਿਨਾਂ ਉਸਰਿਆ ਮੀਨਾਰ' ਇਕ ਪ੍ਰਤੀਨਿਧ ਰਚਨਾ ਹੈ । ਇਸ ਕਹਾਣੀ ਦੇ ਧਾਰਤਲ ਹਨ, ਪਤੀ-ਪਤਨੀ ਸੰਬੰਧ, ਪ੍ਰੇਮ-ਸੰਬੰਧ, ਸ਼ੁਹਰਤ ਦੀ ਸਿਖਰ 'ਤੇ ਪਹੁੰਚ ਚੁੱਕੀ ਇਕ ਕਲਾਕਾਰ ਔਰਤ ਦੀ ਪ੍ਰਚੰਡ ਹਉਮੈ ਅਤੇ ਇਸੇ ਸ਼ੁਹਰਤ ਵਿਚੋਂ ਪੈਦਾ ਹੋਏ ਇਕਲਾਪੇ ਅਤੇ ਅਜਨਬੀਪਣ ਤੇ ਅਸੁਰੱਖਿਅਤਾ ਦੇ ਭਾਵ । ਹੈਨਰੀਕ ਇਬਸਨ ਦੇ ਇਕ ਨਾਟਕ 'ਦ ਮਾਸਟਰ ਬਿਲਡਰ' ਦੀ ਕੇਂਦਰੀ ਸਮੱਸਿਆ ਵਾਂਗ ਗੁਰਮੁਖ ਸਿੰਘ ਜੀਤ ਨੇ ਵੀ ਬੜੇ ਪ੍ਰਮਾਣਿਕ ਢੰਗ ਨਾਲ ਇਹ ਤੱਥ ਪ੍ਰਸਤੁਤ ਕਰ ਦਿੱਤਾ ਹੈ ਕਿ ਸ਼ੁਹਰਤ ਦੀ ਸਿਖਰ' 'ਤੇ ਪਹੁੰਚ ਕੇ ਵਿਅਕਤੀ ਮਾਨਸਿਕ ਤੌਰ 'ਤੇ ਵਿਕ੍ਰਿਤ ਅਤੇ ਸਰੀਰਕ ਤੌਰ 'ਤੇ ਅਪੰਗ ਹੋ ਜਾਂਦਾ ਹੈ ਅਤੇ ਇਥੋਂ ਹੀ ਉਸਦੇ ਪਤਨ ਦੀ ਦੁਖਦਾਈ ਦਾਸਤਾਂ ਸ਼ੁਰੂ ਹੁੰਦੀ ਹੈ ।

'ਵੇਖੋ ਕੌਣ ਆਇਐ' ਦਾ ਕੇਂਦਰੀ ਮੋਟਿਫ਼ ਬੜਾ ਜ਼ੋਰਦਾਰ ਅਤੇ ਹਿਰਦੇਵੇਧਕ ਹੈ ਪਰ



ਲੇਖਕ ਇਸ ਕਹਾਣੀ ਦੇ ਬ੍ਰਿਤਾਂਤਕ ਸੰਗਠਨ ਨੂੰ ਪੂਰੀ ਤਰ੍ਹਾਂ ਸੰਭਾਲ ਨਹੀਂ ਸਕਿਆ ਇਹ ਕਹਾਣੀ 1984 ਦੇ ਦੰਗਿਆਂ ਨਾਲ ਸੰਬੰਧਿਤ ਹੈ । ਇਸ ਕਹਾਣੀ ਦੀ ਨਾਇਕਾ ਪ੍ਰੇਮੀ ਕੌਰ ਆਪਣੀਆਂ ਅੱਖਾਂ ਸਾਹਵੇਂ ਆਪਣੇ ਪਤੀ ਦੀ ਬਲੀ ਦੇ ਚੁੱਕੀ ਹੈ । ਕਿਵੇਂ ਗੁੰਡਿਆਂ ਦੀ ਇਕ ਭੀੜ ਪ੍ਰੇਮੀ ਕੌਰ ਦੇ ਘਰ ਘੁਸ ਆਈ ਅਤੇ ਜਲਦਾ ਹੋਇਆ ਇਕ ਟਾਇਰ ਉਸਦੇ ਪਤੀ ਦੇ ਗਲ ਪਾ ਕੇ ਉਸਨੂੰ ਜਿਉਂਦਿਆਂ-ਸਾੜ ਦਿੱਤਾ, ਇਸ ਦੁਖ਼ਦਾਈ ਘਟਨਾ ਦਾ ਵਰਣਨ ਲੇਖਕ ਨੇ ਬੜੀ ਨਿਪੁੰਨਤਾ ਨਾਲ ਕੀਤਾ ਹੈ । ਪਰ ਇਸ ਕਹਾਣੀ ਦਾ ਅੱਗਾ-ਪਿੱਛਾ ਬੜਾ ਬੇਚਿਹਰਾ ਜਿਹਾ ਹੈ । 'ਅਮੀਤਾ, ਨਹੀਂ, ਨਹੀਂ' ਅਤੇ 'ਵੱਖਰੇ-ਵੱਖਰੇ ਫ਼ੋਕਸ' ਕੋਈ ਵਿਸ਼ੇਸ਼ ਪ੍ਰਭਾਵ ਨਹੀਂ ਛੱਡਦੀਆਂ । ਇਥੇ ਲੇਖਕ ਆਪਣੀ ਸਮੱਗਰੀ ਨੂੰ ਕਹਾਣੀ ਦੇ ਰੂਪਾਕਾਰ ਵਿਚ ਚੰਗੀ ਤਰ੍ਹਾਂ ਸਮੋ ਨਹੀਂ ਸਕਿਆ । 'ਵੱਖਰੇ ਵੱਖਰੇ ਫੋਕਸ' ਵਿਚ ਅਭਿਵਿਅਕਤੀ ਦੇ ਪ੍ਰਸੰਗ ਵਿਚ ਕੀਤੇ ਗਏ ਇਕ ਨਵੇਂ ਪ੍ਰਯੋਗ ਦੇ ਬਾਵਜੂਦ ਇਹ ਕਹਾਣੀ ਬੜੀ ਸਾਧਾਰਣ ਜਹੀ ਬਣ ਕੇ ਰਹਿ ਗਈ ਹੈ ਇਸ ਤੋਂ ਸਪਸ਼ਟ ਹੋ ਜਾਂਦਾ ਹੈ ਕਿ ਕੇਵਲ ਰੂਪਗਤ ਪ੍ਰਯੋਗ ਹੀ ਕਿਸੇ ਕਲਾਰੂਪ ਨੂੰ ਵਿਲੱਖਣ ਅਤੇ ਮਹੱਤਵਪੂਰਨ ਨਹੀਂ ਬਣਾ ਸਕਦੇ ।

ਕਰਤਾਰ ਸਿੰਘ ਦੁੱਗਲ ਵਾਂਗ ਗੁਰਮੁਖ ਸਿੰਘ ਦੀਆਂ ਜੀਤ ਬਹੁਤੀਆਂ ਕਹਾਣੀਆਂ ਵੀ ਔਰਤ-ਮਰਦ ਦੇ ਸੰਬੰਧਾਂ ਦੁਆਲੇ ਘੁੰਮਦੀਆਂ ਹਨ ਅਤੇ ਦੁੱਗਲ ਦੇ ਕਥਾ-ਲੋਕ ਵਾਂਗ ਹੀ ਉਸ ਦੀਆਂ ਕਹਾਣੀਆਂ ਵਿਚ ਵੀ ਔਰਤ ਦੀ ਭੂਮਿਕਾ ਨਿਰਣੈਕਾਰੀ ਹੁੰਦੀ ਹੈ । ਗੁਰਮੁਖ ਸਿੰਘ ਜੀਤ ਵੀ ਔਰਤ-ਮਰਦ ਦੇ ਸਰੀਰਕ-ਮਾਨਸਿਕ ਟਕਰਾਉ ਨੂੰ ਉਨ੍ਹਾਂ ਦੇ ਆਪਸੀ ਸੰਬੰਧ ਵਿਚ ਰੱਖਕੇ ਹੀ ਵੇਖਦਾ ਹੈ । ਇਹੀ ਕਾਰਣ ਹੈ ਕਿ ਕਈ ਵਾਰ ਉਸਦੇ ਨਿਸ਼ਕਰਸ਼ ਮਕੈਨੀਕਲ ਅਤੇ ਇਕਤਰਫੇ ਹੋ ਨਿੱਬੜਦੇ ਹਨ । ਇਤਨੀਆਂ ਕੁਝ ਸੀਮਾਵਾਂ ਦੇ ਬਾਵਜੂਦ ਸਾਡੇ ਲਈ ਇਤਨਾ ਹੀ ਬੜਾ ਸੰਤੋਸ਼ਜਨਕ ਹੈ ਕਿ ਗੁਰਮੁਖ ਸਿੰਘ ਜੀਤ ਦੇ ਕਥਾ-ਲੋਕ ਵਿਚ ਸਾਡੇ ਸਮੁੱਚੇ ਭਾਰਤ ਦਾ ਦਿਲ ਧੜਕਦਾ ਹੈ । ਉਸਨੇ ਪੰਜਾਬੀ ਕਹਾਣੀ ਨੂੰ ਇਕ ਬੜਾ ਜ਼ਰੂਰੀ ਵਿਸਤਾਰ ਦਿੱਤਾ ਹੈ ਅਤੇ ਉਸਦੀ ਇਹ ਪ੍ਰਾਪਤੀ ਕੋਈ ਘੱਟ ਨਹੀਂ ।

[ਬ੍ਰਹਮਜਗਦੀਸ਼ ਸਿੰਘ]

## ਹਯਾਤੀ ਦੀ ਹੂਕ [ਨਿਰੰਜਣ ਸਿੰਘ ਨੂਰ]

"ਹਯਾਤੀ ਦੀ ਹੂਕ" ਨਿਰੰਜਨ ਸਿੰਘ ਨੂਰ ਦਾ ਚੌਥਾ ਪਰ ਸੱਜਰਾ ਕਾਵਿ-ਸੰਗ੍ਰਹਿ [ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ] ਹੈ । ਇਸ ਤੋਂ ਪਹਿਲਾਂ ਉਹ ਨਿੱਕੀਆਂ ਨਜ਼ਮਾਂ ਤੇ ਗ਼ਜ਼ਲਾਂ ਲਿਖਣ ਤੋਂ ਬਿਨਾਂ 'ਹੋ ਚੀ ਮਿਨ੍ਹ' ਬਾਰੇ ਮਹਾਂਕਾਵਿ ਲਿਖਕੇ ਆਪਣੀ ਪ੍ਰਤਿਭਾ ਦਾ ਪ੍ਰਮਾਣ ਦੇ ਚੁੱਕਿਆ ਹੈ ।

ਉਹ ਸਾਡਾ ਪ੍ਰਸਿੱਧ ਤੇ ਸਥਾਪਤ ਪ੍ਰਗਤੀਵਾਦੀ ਕਵੀ ਹੈ, ਜਿਹੜਾ ਆਪਣੇ ਵਿਸ਼ਵਾਸਾਂ ਉਤੇ ਨਿਰੰਤਰ ਤੇ ਦ੍ਰਿੜਤਾ ਨਾਲ ਤੁਰਿਆ ਆ ਰਿਹਾ ਹੈ । ਪੂਰੀ ਅੱਧੀ ਸਦੀ ਉਸ ਨੇ ਲੋਕ-ਸੰਘਰਸ਼ ਨਾਲ ਆਪਣੀ ਸਾਂਝ ਨੂੰ ਜੀਵੰਤ ਰੱਖਿਆ ਹੈ । ਉਹ ਪਰਵਾਸੀ ਕਵੀਆਂ ਵਿਚ ਤਾਂ ਵਿਸ਼ੇਸ਼ ਸਥਾਨ ਰੱਖਦਾ ਹੀ ਹੈ ਪੰਜਾਬ ਦੀ ਪੰਜਾਬੀ ਕਵਿਤਾ ਦੇ ਖੇਤਰ ਵਿਚ ਵੀ ਸਤਿਕਾਰ ਭਰੇ ਸਥਾਨ ਦਾ ਹੱਕਦਾਰ ਹੈ ।

ਨੂਰ ਆਪਣੇ ਕਾਵਿ-ਸਫ਼ਰ ਦੇ ਆਰੰਭ ਤੋਂ ਹੁਣ ਤੀਕਰ ਇਕ ਵਿੱਥ ਨੂੰ ਮੇਟਣ ਲਈ ਤੱਤਪਰ ਤੇ ਸੰਘਰਸ਼ਸ਼ੀਲ ਰਿਹਾ ਹੈ। ਉਸ ਦੀ ਰਚਨਾ ਦਾ ਆਰੰਭ ਸਟੇਜੀ ਕਵਿਤਾ ਤੋਂ ਹੋਇਆ ਸੀ। ਉਹ ਇੰਗਲੈਂਡ ਜਾ ਕੇ ਵੀ ਸਟੇਜ ਦਾ ਸ਼ਾਹ-ਸਵਾਰ ਰਿਹਾ ਹੈ। ਜਨ-ਸਾਧਾਰਨ ਨੂੰ ਆਪਣੀ ਕਾਵਿ-ਕਲਾ ਦੇ ਜੌਹਰ ਵਿਖਾ ਕੇ ਪ੍ਰਭਾਵਿਤ ਕਰਨਾ ਕੋਈ ਸੌਖਾ ਕੰਮ ਨਹੀਂ ਹੁੰਦਾ। ਪਰ ਨੂਰ ਆਮ ਸਟੇਜੀ ਕਵੀਆਂ ਵਾਂਗ ਪਟਰੌਲ ਪੀ ਕੇ ਕਵਿਤਾ ਨਹੀਂ ਸੀ ਕਹਿੰਦਾ। ਸਾਦੀ ਸਰਲ ਭਾਸ਼ਾ ਤੇ ਜਨਤਕ ਸਮੱਸਿਆਵਾਂ ਨੂੰ ਪ੍ਰਗਤੀਵਾਦੀ ਦ੍ਰਿਸ਼ਟੀ-ਕੋਣ ਤੋਂ ਕਵਿਤਾ ਵਿਚ ਪੇਸ਼ ਕਰਨਾ ਉਸਦਾ ਮੁੱਖ ਧਰਮ ਰਿਹਾ ਹੈ, ਜਿਸ ਨੂੰ ਉਹ ਅੱਜ ਤੀਕਰ ਪੂਰੀ ਸੰਜੀਦਗੀ ਤੇ ਲਗਨ ਨਾਲ ਨਿਭਾਉਂਦਾ ਆਇਆ ਹੈ।

ਪਰ ਇਸ ਪੱਖੋਂ ਉਸ ਦੀ ਕਾਵਿ-ਯਾਤਰਾ ਦਾ ਇਕ ਹੋਰ ਸਿਹਤਮੰਦ ਪੱਖ ਵੀ ਹੈ, ਜਿਸਦਾ ਜ਼ਿਕਰ ਮੈਂ ਵਿਸ਼ੇਸ਼ ਤੌਰ 'ਤੇ ਕਰਨਾ ਚਾਹਾਂਗਾ। ਉਸ ਦੀ ਹੁਣ ਤੱਕ ਦੀ ਕਾਵਿ-ਯਾਤਰਾ ਸਟੇਜੀ ਅਥਵਾ ਮੰਚ-ਕਾਵਿ ਤੋਂ ਸਾਹਿਤਕ ਕਾਵਿ ਤੱਕ ਦੀ ਹੈ ਤੇ ਇਹ ਕੋਈ ਨਿਗੂਣੀ ਪ੍ਰਾਪਤੀ ਨਹੀਂ। ਪੁੱਛਿਆ ਜਾ ਸਕਦਾ ਹੈ ਕਿ ਕੀ ਨੂਰ ਹੁਣ ਮੰਚ-ਕਾਵਿ ਦੇ ਮੁਹਾਵਰੇ ਤੇ ਵਿਧੀ-ਵਿਧਾਨ ਨੂੰ ਪੂਰੀ ਤਰ੍ਹਾਂ ਤਿਆਗ ਚੁੱਕਾ ਹੈ? ਮੇਰੀ ਰਾਇ ਹੈ ਕਿ ਉਸਦੀ ਇਹ ਯਾਤਰਾ ਅਜੇ ਵੀ ਜਾਰੀ ਹੈ। ਉਸ ਨੇ ਆਪਣੇ ਮੰਚ-ਕਾਵਿ ਦੇ ਮੁਹਾਵਰੇ ਨੂੰ ਅਜੇ ਤੀਕ ਪੂਰਨ ਭਾਂਤ ਤਿਆਗਿਆ ਨਹੀਂ। ਉਂਝ ਵੀ ਆਪਣੇ ਵਿਰਸੇ ਤੇ ਰੂੜ੍ਹੀਆਂ ਨਾਲੋਂ ਪੂਰਨ ਭਾਂਤ ਟੁੱਟਣਾ ਸ਼ਾਇਦ ਸੰਭਵ ਵੀ ਨਹੀਂ ਹੁੰਦਾ ਜਾਂ ਕਾਫ਼ੀ ਔਖੇਰਾ ਕਾਰਜ ਹੁੰਦਾ ਹੈ। ਨੂਰ ਇਸ ਪੱਖੋਂ ਸੁਚੇਤ ਉਪਰਾਲਾ ਕਰਕੇ ਹੁਣ ਵਾਲੀ ਸਾਹਿਤਕ ਕਾਵਿ ਦੀ ਸਥਿਤੀ ਤੀਕ ਪਹੁੰਚਿਆ ਹੈ। ਐਪਰ ਇਸ ਪੱਖੋਂ ਅਜੇ ਅੰਤਮ ਤੋੜ-ਵਿਛੋੜਾ ਬਾਕੀ ਹੈ।

ਨੂਰ ਕੌਮਾਂਤਰੀ ਮਹੱਤਵ ਵਾਲੇ ਮਸਲਿਆਂ ਅਥਵਾ ਵਿਸ਼ਿਆਂ ਨੂੰ ਹੱਥ ਪਾਉਂਦਾ ਹੈ। ਤਾਰਾ ਜੰਗ, ਅਮਨ ਤੇ ਯੁੱਧ ਜਾਂ ਨਸਲੀ ਵਿਤਕਰੇ ਉਸ ਦੀਆਂ ਕਵਿਤਾਵਾਂ ਦੇ ਪ੍ਰਧਾਨ ਵਿਸ਼ੇ ਹਨ। ਇਹਨਾਂ ਬਾਰੇ ਲਿਖਦਿਆਂ ਚੰਗਾ ਹੋਵੇ ਜੇ ਉਹ ਨਾਵਾਂ, ਥਾਵਾਂ, ਦੇਸ਼ਾਂ ਤੇ ਵਿਅਕਤੀਆਂ ਦੇ ਹਵਾਲਿਆਂ ਵਿਚ ਨਾ ਪਿਆ ਕਰੇ। ਇਹ ਫ਼ੁਟ-ਨੋਟ ਤੇ ਹਵਾਲੇ ਖੋਜ-ਗ੍ਰੰਥਾਂ ਦੀ ਲੋੜ ਤਾਂ ਹੁੰਦੇ ਹਨ, ਕਾਵਿ-ਸਿਰਜਣ ਦੀ ਅਵੱਸ਼ਕਤਾ ਨਹੀਂ ਹੁੰਦੇ।

ਨੂਰ ਦੀ ਕਵਿਤਾ ਦੀ ਮੁੱਖ ਸੁਰ ਅਥਵਾ ਵਿਧੀ ਸੰਬੋਧਨੀ ਭਾਂਤ ਦੀ ਹੈ। ਉਹ ਦੁਸ਼-ਮਣ-ਜਮਾਤਾਂ, ਧਿਰਾਂ, ਦੇਸ਼ਾ ਤੇ ਹਾਕਮਾਂ ਨੂੰ ਸੰਬੋਧਨ ਕਰਨ ਦੇ ਨਾਲ ਨਾਲ ਸਹਿਯੋਗੀ ਧਿਰਾਂ ਤੇ ਹਮਦਰਦ ਜਮਾਤਾਂ ਤੇ ਜਨ-ਸਾਧਾਰਨ ਨੂੰ ਵੀ ਏਸੇ ਵਿਧੀ ਰਾਹੀਂ ਸੰਬੋਧਿਤ ਹੁੰਦਾ ਹੈ।

ਮੈਂ ਅਮਨਾਂ ਦੀ ਹੂਕ, ਨੀ ਅੰਮੀਏਂ
ਮੈਂ ਅਣ ਗੌਲੀ ਕੂਕ। (ਪੰਨਾ 13)

ਅਮਰ ਸਿੰਘਾ!
ਏਸ ਨਗਰੀ ਕੌਣ ਮੋਇਐ? (ਪੰਨਾ 27)



ਨੀ ਜੀਣ ਜੋਗੀਏ!
ਮੌਤ ਦੇ ਮੂੰਹ ਫ਼ਸੀ, ਹਯਾਤੀਏ! (ਪੰਨਾ 56)

ਕਵੀਆਂ! ਅੱਜ ਪੂਰਬ ਦੀ ਕੁਦਰਤ
ਭੁੱਬਾਂ ਮਾਰ ਕੇ ਰੋਈ
ਮੇਰੇ ਪਿੰਡ ਦੀਓ ਕੁੜੀਓ, ਜਾਗੋ!
ਜਾਗੋ ਧਰਤੀ ਦਿਓ ਚਰਾਗੋ। (ਪੰਨਾ 77)

ਜਾਂ ਫਿਰ

ਅਮਨ, ਆਜ਼ਾਦੀ ਦੇ ਕੂੜੇ ਮੱਠ ਉਸਾਰਨ ਵਾਲਿਓ!
ਰੱਬ-ਸਰਮਾਏ ਦਾ ਨਿਸ ਪਲ ਨਾਂ ਉਚਾਰਨ ਵਾਲਿਓ! (ਪੰਨਾ 81)

ਇਹ ਵਿਧੀ, ਨਿਸਚੇ ਹੀ, ਮੰਚ-ਕਾਵਿ ਦੀ ਵਿਰਾਸਤ ਦੀ ਰਹਿੰਦ-ਖੂੰਹਦ ਹੈ। ਉਸ ਨੂੰ ਵੰਨ-ਸੁਵੰਨੀਆਂ ਵਿਧੀਆਂ ਦੀ ਤਲਾਸ਼ ਕਰਨੀ ਚਾਹੀਦੀ ਹੈ।

84 ਪੰਨਿਆਂ ਦੇ ਇਸ ਕਾਵਿ-ਸੰਗ੍ਰਹਿ ਵਿਚ ਕੁਲ ਪੰਝੀ ਕਵਿਤਾਵਾਂ ਹਨ ਜਿਹਨਾਂ ਵਿਚ ਨੌਂ ਗ਼ਜ਼ਲਾਂ ਹਨ। ਉਹ ਗ਼ਜ਼ਲ ਦਾ ਉਸਤਾਦ ਕਵੀ ਹੈ, ਸ਼ਿਲਪ ਅਥਵਾਂ ਛੰਦ ਪੱਖੋਂ। ਐਪਰ ਬਹੁਤ ਵਾਰ ਉਹ ਗ਼ਜ਼ਲ ਵਿਚ ਵੀ ਮੰਚ-ਕਾਵਿ ਦੀ ਵਿਧੀ ਨੂੰ ਹੀ ਮੁੱਖ ਵਿਧੀ ਵਾਂਗ ਵਰਤਦਾ ਹੈ।

ਨੂਰ ਸਿਆਸੀ ਕਵੀ ਹੈ। ਸਿਆਸੀ ਵਿਸ਼ਿਆਂ ਨੂੰ ਚੰਗੀ ਕਵਿਤਾ ਦਾ ਰੂਪ ਦੇਣਾ ਬਹੁਤ ਹੀ ਕਠਿਨ ਕਾਰਜ ਹੈ। ਇਸ ਖੇਤਰ ਵਿਚ, ਸਾਨੂੰ ਪੰਜਾਬੀ ਕਵੀਆਂ ਨੂੰ, ਪਾਬਲੋ ਨਰੂਦਾ, ਨਾਜ਼ਿਮ ਹਿਕਮਤ, ਮਾਇਆਕੋਵਸਕੀ, ਫੈਜ਼, ਮਹਿਮੂਦ ਦਰਵੇਸ਼ ਤੇ ਮੁਈਨ ਬਸੀਸੋ ਤੋਂ ਸਿਖਣ ਦੀ ਲੋੜ ਹੈ ਕਿ ਉਹ ਕਿੰਝ ਖੁਸ਼ਕ ਸਿਆਸੀ ਵਿਸ਼ਿਆਂ ਨੂੰ, ਸੱਜਰੇ, ਮੌਲਿਕ ਤੇ ਅਨੂਠੇ ਕਾਵਿ-ਬਿੰਬਾਂ ਰਾਹੀਂ ਪ੍ਰਭਾਵ-ਸ਼ਾਲੀ ਕਵਿਤਾ ਵਿਚ ਪੇਸ਼ ਕਰਦੇ ਰਹੇ ਹਨ। ਇਹ ਸਮੱਸਿਆ ਇਕੱਲੀ ਨੂਰ ਦੀ ਹੀ ਨਹੀਂ, ਸਾਡੀ ਉਹਨਾਂ ਸਭ ਕਵੀਆਂ ਦੀ ਹੈ, ਜਿਹੜੇ ਕਵਿਤਾ ਨੂੰ ਸਮਾਜੀ ਯਥਾਰਥ ਨੂੰ ਪ੍ਰਭਾਵਕਾਰੀ ਰੂਪ ਵਿਚ ਪੇਸ਼ ਕਰਨ ਕਈ ਤਤਪਰ ਰਹਿੰਦੇ ਹਨ।

ਨੂਰ ਦੀ ਕਵਿਤਾ ਵਿਚ, ਉਸ ਦੇ ਸੁਭਾ ਜਿਤਨੀ ਕੋਮਲਤਾ ਹੋਵੇ, ਇਹ ਮੇਰੀ ਕਾਮਨਾ ਹੈ।

[ਹਰਭਜਨ ਸਿੰਘ ਹੁੰਦਲ]

## ਥੀਏਟਰ [ਹਰਸਰਨ ਸਿੰਘ]

ਹਰਸਰਨ ਸਿੰਘ ਪਿਛਲੇ ਤੀਹਾਂ ਸਾਲਾਂ ਤੋਂ ਪੰਜਾਬੀ ਨਾਟ-ਰਚਨਾ ਤੇ ਮੰਚ ਨਾਲ ਜੁੜਿਆ ਹੋਇਆ ਹੈ। ਉਸ ਨੇ ਹੁਣ ਤੀਕ ਚੌਦਾਂ ਨਾਟਕ/ਇਕਾਂਗੀ ਪੰਜਾਬੀ ਸਾਹਿਤ ਨੂੰ ਦਿਤੇ ਹਨ।

'ਥੀਏਟਰ' ਪੁਸਤਕ [ਲੋਕਾਇਤ ਪ੍ਰਕਾਸ਼ਨ, ਚੰਡੀਗੜ੍ਹ, ਪੰਨੇ 85, ਮੁੱਲ ਪੰਜਾਹ ਰੁਪਏ] ਵਿਚ ਸਤਾਰਾਂ ਨਿੱਕੇ ਨਿੱਕੇ ਅਧਿਆਇ ਹਨ ਜਿਨ੍ਹਾਂ ਵਿਚ ਪੰਜਾਬੀ ਥੀਏਟਰ ਦੀ ਪਰੰਪਰਾ,

ਨਾਟ-ਮੰਡਲੀਆਂ, ਮੰਚ ਸ਼ੈਲੀਆਂ ਤੇ ਪਾਕਿਸਤਾਨੀ ਪੰਜਾਬੀ ਨਾਟਕ ਦੀ ਸਥਿਤੀ ਆਦਿ ਬਾਰੇ ਜਾਣਕਾਰੀ ਮਿਲਦੀ ਹੈ । ਲੇਖਕ ਨੇ ਰੰਗ-ਮੰਚ, ਰੇਡੀਓ ਤੇ ਟੈਲੀਵੀਯਨ ਨਾਟਕ ਦੀਆਂ ਤਕਨੀਕਾਂ ਦੇ ਅੰਤਰ-ਸੰਬੰਧ ਤੇ ਭਿੰਨਤਾ ਨੂੰ ਮੂਲ ਪਾਠ ਦੇ ਉਦਾਹਰਣ ਦੇ ਕੇ ਸਪਸ਼ਟ ਕੀਤਾ ਹੈ । ਉਸ ਨੇ ਸਾਹਿਤਕ ਨਾਟਕਾਂ ਦੀ ਮਾਨਤਾ ਤੇ ਅਣਛਪੇ ਪਰ ਮੰਚ ਉਤੇ ਸਫਲ ਨਾਟਕਾਂ ਬਾਰੇ ਚਰਚਾ ਕਰਨ ਦੇ ਨਾਲ ਨਾਲ ਨਾਵਲ ਦੇ ਨਾਟਕੀਕਰਣ ਤੇ ਇਸ ਦੀ ਪੇਸ਼ਕਾਰੀ ਵੱਲ ਵੀ ਧਿਆਨ ਦਿਵਾਇਆ ਹੈ । ਇਸ ਸੰਬੰਧ ਵਿਚ ਉਸ ਨੇ ਸਵਰਗਵਾਸੀ ਰਾਜਿੰਦਰ ਸਿੰਘ ਬੇਦੀ ਦੇ ਬਹੁ-ਚਰਚਿਤ ਨਾਵਲ 'ਇਕ ਚਾਦਰ ਅੱਧੋਰਾਣੀ' ਬਾਰੇ ਸੰਕੇਤ ਕੀਤਾ ਹੈ । ਇਹ ਨਾਟਕ ਤਕਰੀਬਨ ਵੀਹ ਸਾਲ ਪਹਿਲਾਂ ਟੈਗੋਰ ਥੀਏਟਰ ਵਿਚ ਖੇਡਿਆ ਗਿਆ ਸੀ । ਦਿੱਲੀ ਦਾ ਕੋਈ ਨਿਰਦੇਸ਼ਕ ਉਥੋਂ ਆਪਣੀ ਨਾਟ-ਮੰਡਲੀ ਲਿਆਇਆ ਸੀ । ਪੇਸ਼ਕਾਰੀ ਵਿਚ ਕਈ ਕਲਾਤਮਕ ਤਰੁਟੀਆਂ ਸਨ । ਚੰਗਾ ਹੁੰਦਾ ਜੇ ਹਰਸਰਨ ਸਿੰਘ ਇਕ ਨਾਵਲ ਦੇ ਨਾਟਕੀਕਰਣ ਉਤੇ ਆਪਣੀ ਦ੍ਰਿਸ਼ਟੀ ਕੇਂਦਰਿਤ ਕਰਨ ਦੀ ਬਜਾਏ ਆਮ ਨਾਵਲ ਨੂੰ ਨਾਟਕੀ ਰੂਪ ਦੇਣ ਦੀ ਸੰਭਾਵਨਾ, ਸਮੱਸਿਆ ਤੇ ਸੀਮਾ ਬਾਰੇ ਜਾਣਕਾਰੀ ਦੇਂਦਾ ।

ਰੰਗ-ਮੰਚ ਉਤੇ ਪਾਤਰਾਂ ਦੀ ਪੇਸ਼ਕਾਰੀ ਦੇ ਸੰਦਰਭ ਵਿਚ ਉਸ ਦਾ ਦ੍ਰਿਸ਼ਟੀਕੋਣ ਸੰਕੋਚਵਾਨ ਹੈ । ਇਸ ਦੀ ਪੁਸ਼ਟੀ ਲਈ ਉਸ ਨੇ ਕਪੂਰ ਸਿੰਘ ਘੁੰਮਣ ਨਾਲ ਆਪਣੀ ਵਾਰਤਾਲਾਪ ਪੇਸ਼ ਕੀਤੀ ਹੈ ਜੋ ਇਕ ਸਾਹਿਤਕ ਰਿਸਾਲੇ ਵਿਚ ਛਪ ਚੁਕੀ ਟੇਬਲ ਟਾਕ ਦਾ ਪੁਨਰ ਅੰਕਣ ਹੈ । ਉਹ ਯੌਰਪੀਨ ਨਾਟ-ਗੁਰੂਆਂ ਤੇ ਹਿੰਦੁਸਤਾਨੀ ਥੀਏਟਰ ਦੀ ਉਘੀ ਹਸਤੀ ਹਬੀਬ ਤਨਵੀਰ ਦੁਆਰਾ ਪਾਤਰ-ਸਮੂਹ ਦੀ ਵਰਤੋਂ ਦੀ ਆਲੋਚਨਾ ਕਰਦਾ ਹੈ । ਤੇ ਫਿਰ ਬਲਵੰਤ ਗਾਰਗੀ ਦੇ ਨਾਟਕ 'ਗਗਨ ਮੈ ਥਾਲੁ' ਅਤੇ 'ਜਗੁ ਚਾਨਣ ਹੋਆ' ਉਹ ਤਨਜ਼ ਕਸਦਾ ਹੈ । ਇਹ ਕਲਾਤਮਕ ਆਕ੍ਰਮਣ ਮਹਿਜ਼ ਵਿਵਸਾਇਕ ਖੁਣਸ ਦਾ ਹੀ ਸਿੱਟਾ ਪ੍ਰਤੀਤ ਹੁੰਦਾ ਹੈ । ਹਕੀਕਤ ਇਹ ਹੈ ਕਿ ਉਪਰੋਕਤ ਦੋਵੇਂ ਨਾਟਕ ਪਾਤਰ-ਸਮੂਹ ਦੇ ਬਾਵਜੂਦ ਵੀ ਕੜ-ਤੋੜ ਸਫ਼ਲਤਾ ਨਾਲ ਖੇਡੇ ਗਏ ਸਨ ।

ਹੱਥਲੀ ਪੁਸਤਕ ਵਿਚ ਲੇਖਕ ਨੇ ਪੰਜਾਬੀ ਥੀਏਟਰ ਨੂੰ ਦਰਪੇਸ਼ ਸਮੱਸਿਆਵਾਂ ਨੂੰ ਹੀ ਨਹੀਂ ਬਿਆਨ ਕੀਤਾ ਸਗੋਂ ਅੰਤਰਰਾਸ਼ਟਰੀ ਪੱਧਰ ਉਤੇ ਰੰਗ-ਮੰਚ ਦੇ ਖੇਤਰ ਵਿਚ ਜੋ ਵਾਪਰਿਆ ਹੈ ਜਾਂ ਵਾਪਰ ਰਿਹਾ ਹੈ, ਬਾਰੇ ਵੀ ਜਾਣਕਾਰੀ ਦਿੱਤੀ ਹੈ । ਅਜਿਹਾ ਕਰਦਿਆਂ ਕਈ ਟਿਪਣੀਆਂ ਅਸੰਗਤੀ-ਯੁਕਤ ਵੀ ਭਾਸਦੀਆਂ ਹਨ । ਉਦਾਹਰਣ ਦੇ ਤੌਰ 'ਤੇ ਵੀਹਵੀਂ ਸਦੀ ਦੇ ਆਰੰਭ ਵਿਚ ਅਮਰੀਕਾ ਵਿਚ ਨਿਊਯਾਰਕ ਦੇ ਲਾਗੇ ਗਰੀਨ ਪਿੰਡ ਵਿਚ ਕੁਝ ਬਾਗ਼ੀ ਨੌਜੁਆਨਾਂ ਨੇ ਨਾਟਕ ਖੇਡਣੇ ਸ਼ੁਰੂ ਕੀਤੇ ਤੇ ਇਹ ਨਾਟ-ਟੋਲੀ ਲਿਟਲ ਥੀਏਟਰ ਦੇ ਨਾਂ ਨਾਲ ਪ੍ਰਸਿੱਧ ਹੋ ਗਈ । ਬਾਅਦ ਵਿਚ ਇਹੋ ਟੋਲੀ ਹੀ 'ਬਰਾਡਵੇ ਥੀਏਟਰ' ਦੀ ਆਧਾਰ-ਸ਼ਿਲਾ ਬਣੀ । ਲਗ ਪਗ ਇਸੇ ਸਮੇਂ ਨੋਰਾ ਰਿਚਰਡਜ਼ ਦੀ ਸਰਪ੍ਰਸਤੀ ਹੇਠ ਪੰਜਾਬੀ ਰੰਗ ਮੰਚ ਦੀ ਸ਼ੁਰੂਆਤ ਹੋਈ "ਜੇਕਰ ਗਰੀਨ ਦੇ ਮੁੰਡਿਆਂ ਕੁੜੀਆਂ ਨੂੰ ਯੂਜੀਨ ਓਨੀਲ ਮਿਲ ਗਿਆ, ਤਾਂ ਲਾਹੌਰ ਦੇ ਮੁੰਡਿਆਂ ਕੁੜੀਆਂ ਨੂੰ ਆਈ.ਸੀ. ਨੰਦਾ ਮਿਲ ਗਿਆ ਸੀ...ਪੰਜਾਹ ਸੱਠ ਵਰ੍ਹੇ ਲੰਘ ਗਏ ਪਰ ਇਥੇ ਨਾ ਕੋਈ ਲਿਟਲ ਥੀਏਟਰ ਵਰਗੀ ਲਹਿਰ ਚੱਲੀ, ਨਾ ਹੀ 'ਬਰਾਡਵੇ' ਜਿਹੇ ਰੰਗ ਮੰਚ ਬਣ ਸਕੇ ।"



ਇਉਂ ਅਮਰੀਕਾ ਤੇ ਪੰਜਾਬ ਦੀ ਰੰਗ-ਮੰਚੀ ਸਥਿਤੀ ਨੂੰ ਸਮ-ਵਿਥ ਰੱਖ ਕੇ ਵਾਚਣ ਨਾਲ ਗੱਦਰ ਪਰਿਣਾਮ ਨਿਕਲਣ ਦਾ ਅੰਦੇਸ਼ਾ ਹੋ ਸਕਦਾ ਹੈ । ਹਰ ਦੇਸ਼ ਦੀਆਂ ਰਾਜਨੀਤਕ, ਸਮਾਜਕ ਤੇ ਆਰਥਿਕ ਸਥਿਤੀਆਂ ਦੂਜੇ ਦੇਸ਼ ਨਾਲੋਂ ਭਿੰਨ ਹੁੰਦੀਆਂ ਹਨ ਜੋ ਉਸ ਰਾਸ਼ਟਰ ਵਿਸ਼ੇਸ਼ ਦੇ ਫਲਸਫੇ, ਸਭਿਆਚਾਰ ਤੇ ਲਲਿਤ ਕਲਾਵਾਂ ਨੂੰ ਜਨਮ ਦੇਂਦੀਆਂ, ਘੜਦੀਆਂ ਤੇ ਵਿਕਸਿਤ ਕਰਦੀਆਂ ਹਨ । ਤੇ ਇਸ ਪੱਖੋਂ 'ਬਰਾਡਵੇ ਥੀਏਟਰ' ਤੇ ਪੰਜਾਬੀ ਰੰਗ-ਮੰਚ ਦੀ ਕਾਹਦੀ ਤੁਲਨਾ ? ਸਾਡੇ ਕੋਲ ਨਾ ਹੀ ਮਾਇਕ ਵਸੀਲੇ ਹਨ ਤੇ ਨਾ ਹੀ ਸਰਕਾਰੀ ਜਾਂ ਵਿਅਕਤੀਗਤ ਸਰਪ੍ਰਸਤੀ ਤੇ ਨਾ ਹੀ ਪ੍ਰਤਿਬੱਧਤਾ । ਪੰਜਾਬੀ ਥੀਏਟਰ ਨੂੰ ਤਾਂ ਅਜੇ ਤੀਕ ਬੰਗਲਾ ਥੀਏਟਰ ਦੀ ਕੋਈ ਨਟੀ ਨਸੀਬ ਨਹੀਂ ਹੋਈ ਜਿਸ ਨੇ ਆਪਣਾ ਸਾਰਾ ਜੀਵਨ ਮੰਚ-ਸ਼ੌਕ ਦੇ ਨਮਿੱਤ ਅਰਪਣ ਕਰ ਦਿੱਤਾ । ਤੇ ਨਾ ਹੀ ਕੋਈ ਆਧੁਨਿਕ ਐਕਟਰੈੱਸ ਕੋਇਆ ਵਰਗੀ ਨਜ਼ਰ ਆਉਂਦੀ ਹੈ ਜਿਸ ਨੇ ਆਪਣੀ ਕਲਾ ਦੀ ਧਾਂਕ ਜਮਾ ਰੱਖੀ ਹੈ । ਪੰਜਾਬੀ ਥੀਏਟਰ ਨੂੰ ਤਾਂ ਭਾਰਤ ਦੀਆਂ ਹੋਰਨਾਂ ਪ੍ਰਾਦੇਸ਼ਿਕ ਭਾਸ਼ਾਵਾਂ ਦੇ ਥੀਏਟਰ ਦੇ ਬਰਾਬਰ ਖੜ੍ਹਾ ਕਰਨਾ ਵੀ ਖੁਦਫ਼ਰੇਬੀ ਹੋਵੇਗੀ । ਇਥੋਂ ਤੀਕ ਕਿ ਕੋਈ ਆਹਲਾ ਪੰਜਾਬੀ ਨਾਟਕ ਵੀ ਸਾਹਵੇਂ ਨਹੀਂ ਆਇਆ ਜਿਸ ਦੇ ਅਰਥ ਈ. ਅਲਕਾਜ਼ੀ ਵਰਗੇ ਨਾਮਵਰ ਨਿਰਦੇਸ਼ਕ ਨੇ ਮੰਚ ਉਤੇ ਉਘਾੜੇ ਹੋਣ (ਸਿਵਾਏ ਗਾਰਗੀ ਦੇ 'ਸੁਲਤਾਨ ਰਜ਼ੀਆ' ਦੇ ।)

ਇਸ ਰਚਨਾ ਵਿਚ ਲੇਖਕ ਨੇ ਬਰੈਖ਼ਤ ਦੇ ਜੀਵਨ, ਸੰਘਰਸ਼, ਨਾਟ-ਸਿੱਧਾਂਤ ਤੇ ਉਸ ਦੀ ਅੰਤਰਰਾਸ਼ਟਰੀ ਪ੍ਰਵਾਨਗੀ ਤੇ ਮਹਾਨਤਾ ਨੂੰ ਸੰਖੇਪ ਵੇਰਵੇ ਵਿਚ ਪੇਸ਼ ਕੀਤਾ ਹੈ । ਇਸ ਨਾਟ-ਗੁਰੂ ਦੇ ਸਿਰੜ ਤੇ ਲਗਨ ਦਾ ਵੀ ਝਾਉਲਾ ਪੈਂਦਾ ਹੈ ਜੋ ਕਈ ਕਈ ਘੰਟੇ ਥੀਏਟਰ ਵਿਚ ਬੈਠਾ ਚਿੰਤਨ ਕਰਦਾ ਤੇ ਜਿਸ ਨੂੰ ਖਾਣ ਪੀਣ ਤੇ ਆਪਣੇ ਪਹਿਰਾਵੇ ਦੀ ਰਤਾ ਵੀ ਫ਼ਿਕਰ ਨਹੀਂ ਸੀ ਹੁੰਦੀ । ਰੂਸੀ ਅਭਿਨੇਤਾ ਤੇ ਨਿਰਦੇਸ਼ਕ ਸਤਾਨਸਲੋਵਸਕੀ ਬਾਰੇ ਸਾਢੇ ਤਿੰਨ ਸਫ਼ਿਆਂ ਵਿਚ ਦਿਲਚਸਪ ਜਾਣਕਾਰੀ ਮਿਲਦੀ ਹੈ ਕਿ ਕਿਵੇਂ ਉਹ ਮੰਚ ਉਤੇ ਨਿੱਕੀ ਤੋਂ ਨਿੱਕੀ ਵਸਤੂ ਦੀ ਬਰਾਬਰ ਮਹੱਤਤਾ ਦਾ ਸਮਰਥਕ ਸੀ । ਉਸ ਨੇ ਦੁਨੀਆਂ ਭਰ ਦੇ ਮੰਚ-ਅਦਾਕਾਰਾਂ ਨੂੰ ਸੱਜਰਾ ਉਤਸ਼ਾਹ ਦਿੱਤਾ, "ਕੋਈ ਵੀ ਅਭਿਨੇਤਾ ਜਾਂ ਰੋਲ ਵੱਡਾ ਛੋਟਾ ਨਹੀਂ ਹੁੰਦਾ ਸਗੋਂ ਨਾਟਕ ਦੀ ਸਫ਼ਲਤਾ ਸਮੁੱਚੀ ਨਾਟ-ਟੋਲੀ ਦੀ ਹੁੰਦੀ ਹੈ । ਥੀਏਟਰ ਵਿਚ ਹੀ ਨਹੀਂ ਸਗੋਂ ਬਾਹਰੀ ਦੁਨੀਆਂ ਵਿਚ ਵੀ ਨਾਟ-ਮੰਡਲੀ ਇਕ ਸੰਯੁਕਤ ਪਰਿਵਾਰ ਵਾਂਗ ਹੈ ।" ਉਹ ਦਾਅਵਾ ਕਰਦਾ ਸੀ ਕਿ ਅਦਾਕਾਰੀ ਦਾ ਉੱਚਤਮ ਮਨੋਰਥ ਉਦੋਂ ਤੀਕ ਪ੍ਰਾਪਤ ਨਹੀਂ ਹੋ ਸਕਦਾ ਜਦ ਤੀਕ ਸਟੇਜ ਅਤੇ ਥੀਏਟਰ ਦੇ ਵਾਯੂ-ਮੰਡਲ ਵਿਚ ਇਕਸੁਰਤਾ ਨਹੀਂ ਕਾਇਮ ਹੁੰਦੀ ।

ਗੁਆਂਢੀ ਦੇਸ਼ ਪਾਕਿਸਤਾਨ ਵਿਚ ਪੰਜਾਬੀ ਥੀਏਟਰ ਦੀ ਸਥਿਤੀ ਬਾਰੇ ਵੀ ਹਰਸਰਨ ਸਿੰਘ ਨੇ ਸੰਖੇਪ ਚਰਚਾ ਕੀਤੀ ਹੈ । ਉਥੇ ਵਧੀਆ ਟੀ. ਵੀ. ਡਰਾਮੇ ਤਾਂ ਦੇਖਣ ਨੂੰ ਮਿਲਦੇ ਹਨ ਪਰ ਥੀਏਟਰ ਦਾ ਵਜੂਦ 'ਅਣਹੋਂਦ' ਦੇ ਤੁਲ ਹੈ ।

ਹੁਣ ਕੇਵਲ ਭਾਰਤ ਵਿਚ ਹੀ ਨਹੀਂ ਸਗੋਂ ਅੰਤਰਰਾਸ਼ਟਰੀ ਪੱਧਰ ਉਤੇ ਵੀ ਇਹ ਚੇਤਨਾ ਜਾਗ ਪਈ ਹੈ ਕਿ ਭਾਸ਼ਾ ਤੇ ਲੋਕਯਾਨ ਵਾਂਗ ਰੰਗ-ਮੰਚ ਵੀ ਸਭਿਆਚਾਰ ਦਾ ਮਹੱਤਵਪੂਰਣ ਅੰਗ ਹੈ । ਇਸ ਦੀਆਂ ਜੜ੍ਹਾਂ ਸਮਾਜ ਵਿਚ ਹੋਰ ਮਜ਼ਬੂਤ ਹੋਣੀਆਂ ਚਾਹੀ-

ਦੀਆਂ ਹਨ । ਸੋ ਥੀਏਟਰ ਨੂੰ ਪ੍ਰਫੁਲਤ ਕਰਨ ਲਈ ਸ਼ੌਕੀਆ ਨਾਟ-ਮੰਡਲੀਆਂ ਅਹਿਮ ਰੋਲ ਅਦਾ ਕਰ ਸਕਦੀਆਂ ਹਨ । ਇਹਨਾਂ ਦੇ ਆਧਾਰ, ਗਠਨ, ਵਿਉਂਤ, ਅਗਵਾਈ ਤੇ ਵਿਵਸਾਇਕ ਨਜ਼ਰੀਏ ਸੰਬੰਧੀ ਜਾਣਕਾਰੀ ਦੇ ਕੇ ਹਰਸਰਨ ਸਿੰਘ ਨੇ ਥੀਏਟਰ ਪ੍ਰੇਰਕ ਦਾ ਕਾਰਜ ਨਿਭਾਇਆ ਹੈ । ਥੀਏਟਰ ਦੇ ਵਿਕਾਸ ਲਈ ਉਸ ਨੇ ਸੁਝਾਅ ਦਿੱਤੇ ਹਨ ਕਿ ਮੁੱਢਲੀ ਸਿਖਿਆ ਲਈ ਇਸ ਨੂੰ ਮਾਧਿਅਮ ਦੇ ਤੌਰ 'ਤੇ ਵਰਤਿਆ ਜਾਵੇ । ਉੱਚੀਆਂ ਸ਼ਰੇਣੀਆਂ ਵਿਚ ਇਸ ਨੂੰ ਅਨੁਸ਼ਾਸਨ ਦੇ ਤੌਰ 'ਤੇ ਪਰਿਚਿਤ ਕਰਵਾਇਆ ਜਾਵੇ । ਇਹ ਸੁਝਾਅ ਨਿਸਚੇ ਹੀ ਸਰਕਾਰ ਅਤੇ ਸਿਖਿਆ ਅਦਾਰਿਆਂ ਦੀ ਤਵੱਜੋ ਦੀ ਮੰਗ ਕਰਦੇ ਹਨ ।

[ਬਖਸ਼ੀਸ਼ ਸਿੰਘ]

## ਮੈਨੂੰ ਸੀਤਾ ਨਾ ਕਹੋ [ਅਮਰ ਜਿਉਤੀ]

ਸਾਲ 1985 ਵਿਚ ਪ੍ਰਕਾਸ਼ਿਤ ਹੋਏ ਕਾਵਿ-ਸੰਗ੍ਰਹਿ 'ਮਾਰੂਥਲ 'ਚ ਤੁਰਦੇ ਪੈਰ' ਤੋਂ ਪਿਛੋਂ ਅਮਰ ਜਿਉਤੀ ਦਾ ਦੂਜਾ ਤੇ ਸੱਜਰਾ ਕਾਵਿ ਸੰਗ੍ਰਹਿ 'ਮੈਨੂੰ ਸੀਤਾ ਨਾ ਕਹੋ' [ਰਵੀ ਸਾਹਿਤ ਪ੍ਰਕਾਸ਼ਨ ਅੰਮ੍ਰਿਤਸਰ,ਪੰਨੇ 80, ਮੁੱਲ 35 ਰੁਪਏ] ਉਸਦੇ ਇਕ ਪ੍ਰਬੁੱਧ,ਸੰਵੇਦਨਸ਼ੀਲ ਤੇ ਸਮਰੱਥ ਸ਼ਾਇਰਾ ਹੋਣ ਨੂੰ ਪ੍ਰਮਾਣਿਤ ਕਰਦਾ ਹੈ । ਹੱਥਲੇ ਸੰਗ੍ਰਹਿ ਵਿਚਲੀਆਂ 39 ਨਿੱਕੀਆਂ ਵੱਡੀਆਂ ਕਵਿਤਾਵਾਂ ਵਿਚ ਅਮਰ ਜਿਉਤੀ ਜ਼ਿੰਦਗੀ ਨੂੰ ਖੂਬਸੂਰਤ ਬਣਾਉਣ, ਔਰਤ ਨੂੰ ਉਸਦੀ ਸ਼ਖਸੀਅਤ ਪ੍ਰਦਾਨ ਕਰਨ, ਸਮਕਾਲੀ ਸੰਸਾਰ ਨੂੰ ਧਰਮ ਨਸਲ ਤੇ ਜ਼ਬਾਨ ਦੀਆਂ ਦੀਵਾਰਾਂ ਤੇ ਗੁਲਾਮੀ ਦੇ ਬੰਧਨਾਂ ਤੋਂ ਮੁਕਤ ਕਰਨ ਅਤੇ ਵਣਿਜ-ਪ੍ਰਵਿਤੀ ਦੇ ਪਸਾਰ ਦੀ ਥਾਂ ਚਾਨਣ ਵਿਖੇਰਨ ਦੀ ਲੋਚਾ ਕਰਦੀ ਹੈ । ਇੰਝ ਉਹ ਵਿਸ਼ਾਲ ਮਾਨਵਵਾਦੀ ਦ੍ਰਿਸ਼ਟੀ ਵਾਲੀ ਲੇਖਿਕਾ ਵਜੋਂ ਉਭਰਦੀ ਹੈ ।

ਪੰਜਾਬੀ ਕਵਿਤਾ ਨੂੰ ਅੰਮ੍ਰਿਤਾ ਪ੍ਰੀਤਮ ਤੋਂ ਲੈ ਕੇ ਮਨਜੀਤ ਟਿਵਾਣਾ ਤਕ ਹਾਲੇ ਤਕ ਗਿਣੇ-ਚੁਣੇ ਔਰਤ ਹਸਤਾਖਰ ਹੀ ਪ੍ਰਾਪਤ ਹੋਏ ਹਨ । ਇਹਨਾਂ ਸਭਨਾਂ ਕਵਿਤਰੀਆਂ ਨੇ ਔਰਤ ਦੇ ਦਰਦ ਨੂੰ ਜ਼ੁਬਾਨ ਦਿੱਤੀ ਹੈ । ਅਮਰ ਜਿਉਤੀ ਵੀ ਇਹ ਕਾਰਜ ਨਿਭਾਉਂਦੀ ਹੈ; ਪਰ ਔਰਤ ਦੀ ਤ੍ਰਾਸਦੀ ਨੂੰ ਬਿਆਨਣ ਸਮੇਂ ਉਹ ਮਹਿਜ਼ ਰੁਦਨ ਦੀ ਸੁਰ ਹੀ ਨਹੀਂ ਅਲਾਪਦੀ, ਸਗੋਂ ਇਕ ਪ੍ਰਬੁੱਧ ਵਿਅਕਤੀ ਵਜੋਂ ਉਹ ਸਵੈ-ਭਰੋਸੇ ਨਾਲ ਗੱਲ ਕਰਦੀ ਹੈ । ਉਸਦਾ ਕਹਿਣਾ ਹੈ ਕਿ ਉਸਨੇ ਅਹੱਲਿਆ ਵਾਂਗ ਹਜ਼ਾਰਾਂ ਸਾਲ ਤਕ ਬੁੱਤ ਬਣਕੇ ਨਹੀਂ ਉਡੀਕਣਾ, ਨਾ ਹੀ ਉਸਨੇ ਸੀਤਾ ਬਣਕੇ ਰਹਿਣਾ ਹੈ; ਉਹ ਗੌਤਮ ਬੁੱਧ ਦੀ ਨਹੀਂ ਨਿੱਕੇ ਰਾਹੁਲ ਦੀ ਪਾਲਣਾ ਕਰਨ ਲਈ ਇਕੱਲੀ ਰਹਿ ਗਈ 'ਜ਼ਿੰਦਗੀ ਦੇ ਜੇਠ ਹਾੜ ਨੂੰ ਪੋਹ, ਬਣਾਉਣ' ਵਾਲੀ ਉਸਦੀ ਪਤਨੀ ਯਸ਼ੋਧਾ ਦੀ ਬਾਤ ਪਾਏਗੀ । ਇਸ ਸੰਗ੍ਰਹਿ ਵਿਚ 'ਮੁਕਤੀ' 'ਨਹੀਂ ਉਡੀਕ ਰਾਮ ਦੀ', 'ਮੈਨੂੰ ਸੀਤਾ ਨਾ ਕਹੋ', 'ਕੌਣ ਬੁੱਧ ਸੀ', 'ਉਹ ਇਕ ਨਿੱਕਾ ਬੱਚਾ ਨਹੀਂ', 'ਜਸ਼ਨ' ਆਦਿ ਕਵਿਤਾਵਾਂ ਵਿਚ ਅਮਰ ਜਿਉਤੀ ਔਰਤ ਦੀ ਵੇਦਨਾ ਦਾ ਬਿਆਨ ਕਰਨ ਦੇ ਨਾਲ ਨਾਲ ਮਰਦ ਦੇ ਸਾਹਵੇਂ ਖਲੋਣ ਦਾ ਸਾਹਸ ਵੀ ਵਿਖਾਉਂਦੀ ਹੈ । ਹਾਲੇ ਵੀ ਔਰਤ ਮਰਦ ਲਈ ਇਕ ਖਿਡੌਣਾ ਹੈ, ਹਾਲੇ ਵੀ ਔਰਤ ਦੇ ਸ਼ਿਕਵੇ ਦੇ ਲਫਜ਼ ਖੁਦਕਸ਼ੀ ਕਰ ਲੈਂਦੇ ਹਨ ਤੇ ਮਰਦ ਇਸ ਨੂੰ ਆਪਣੀ ਜਿੱਤ ਸਮਝਕੇ ਜਸ਼ਨ ਮਨਾਉਂਦਾ ਹੈ।



ਪਰ ਅਮਰ ਜਿਉਤੀ ਇਸ ਯਥਾਰਥ ਤੋਂ ਅਗਾਂਹ ਵੀ ਵਧਦੀ ਹੈ । ਉਸਦੇ ਕਾਵਿ-ਬੋਲ ਹਨ :

ਮੈਨੂੰ ਸੀਤਾ ਨਾ ਕਹੋ/ਮੈਂ ਜ਼ਿੰਦਗੀ ਦੀ
ਅਗਨੀ ਪਰੀਖਿਆ ਦੇਣ ਤੋਂ ਪਹਿਲਾਂ
ਆਪਣੇ ਹਮਸਫਰ ਸੰਗ/ਦਲੀਲ ਨਾਲ/ਗੱਲ ਕਰਨੀ ਹੈ ।

ਧੀ ਜੰਮਣ ਦਾ ਸਰਾਪ ਹੰਢਾਉਂਦੀ, ਸ਼ਰਮ ਧਰਮ ਕਰਮ ਦੀਆਂ ਮੇਖਾਂ ਨਾਲ ਵਿੰਨ੍ਹੀ ਹੋਈ, ਬਿਨਾਂ ਕਿਸੇ ਕਸੂਰ ਤੋਂ ਹਮੇਸ਼ਾ ਕਸੂਰਵਾਰ ਹੋਣ ਦਾ ਅਹਿਸਾਸ ਪਾਲਦੀ, ਉਮਰ ਭਰ ਲਈ ਹਉਕਿਆਂ ਦੀ ਜੂਨ ਭੋਗਦੀ ਔਰਤ ਨੂੰ ਉਸਦੀ ਤ੍ਰਾਸਦੀ ਦੇ ਹਨੇਰੇ 'ਚੋਂ ਕੱਢਣ ਲਈ ਸ਼ਾਇਰਾ ਗਿਆਨ ਦੀ ਧੂਣੀ ਬਾਲਦੀ ਹੈ ਤਾਂ ਕਿ :

ਇਹਦੇ ਸੇਕ ਨਾਲ/ਅਹੱਲਿਆ ਦਾ ਬੁੱਤ ਪਿਘਲ ਜਾਏ
ਤੇ ਉਸਨੂੰ ਕਿਸੇ ਰਾਮ ਦੀ/ਉਡੀਕ ਨਾ ਕਰਨੀ ਪਏ

ਸੀਤਾ, ਯਸ਼ੋਧਾ, ਅਹੱਲਿਆ ਦੇ ਸਮਾਨਾਂਤਰ ਜਾਗ੍ਰਿਤ ਔਰਤ ਦਾ ਬਿੰਬ ਉਭਾਰਕੇ ਉਹ ਔਰਤ ਦੇ ਮਾਂ ਬਣ ਸਕਣ ਦੇ ਕਰਤਾਰੀ ਅਮਲ ਨੂੰ ਵਡਿਆਉਂਦੀ ਹੈ । ਆਪਣੀ ਕੁੱਖ ਵਿਚ ਚਾਨਣ ਨੂੰ ਪਾਲਣ ਵਾਲੀ ਮਰੀਅਮ ਪ੍ਰਤੀ ਉਹ ਸ਼ਰਧਾਵਾਨ ਹੈ, ਪਰ ਉਸਨੂੰ ਦੁੱਖ ਹੈ ਕਿ ਅਜੋਕੇ ਸਮੇਂ ਵਿਚ ਮਾਂ ਦਾ ਕਰਤਾਰੀ ਕਾਰਜ ਵੀ ਇਕ ਵਣਿਜ 'ਚ ਤਬਦੀਲ ਹੋ ਰਿਹਾ ਹੈ । 'ਡਾਲਰਾਂ ਦੀ ਖਾਣ', 'ਦਰਾਖ ਮੁਦਰ' ਤੇ 'ਇਡੀਪਸ ਦੇ ਬੇਟੇ' ਨਾਉਂ ਦੀਆਂ ਕਵਿਤਾਵਾਂ ਵਿਚ ਉਸਨੇ ਪੱਛਮ ਵਿਚ 'ਉਧਾਰ ਦੀਆਂ ਮਾਵਾਂ' ਵਲੋਂ 'ਕੁੱਖ' ਇਖਲਾਕ ਤੇ ਨਿੱਕੀ ਜ਼ਿੰਦਗੀ ਨੂੰ ਵੇਚਣ ਦੇ ਕਰਮ ਉਤੇ ਲਾਅਣਤ ਪਾਈ ਹੈ ।

ਵੈਸੇ ਅਮਰ ਜਿਉਤੀ ਕੇਵਲ ਔਰਤ ਦੀ ਸਮੱਸਿਆ ਤਕ ਹੀ ਸੀਮਤ ਨਹੀਂ ਰਹਿੰਦੀ; ਉਹ ਸਮੁੱਚੀ ਜ਼ਿੰਦਗੀ ਨੂੰ ਆਪਣੇ ਕਲਾਵੇ ਵਿਚ ਲੈਂਦੀ ਹੈ । ਉਸਨੂੰ ਦੁੱਖ ਹੈ ਕਿ ਜ਼ਿੰਦਗੀ ਨੂੰ ਉਸਨੇ ਲਗਾਤਾਰ ਨੰਗੇ ਪੈਰੀਂ ਤੁਰਦਿਆਂ ਹੀ ਵੇਖਿਆ ਹੈ, ਜਿਸਦੇ ਪੈਰਾਂ ਦੇ ਜ਼ਖਮਾਂ ਦੀ ਚੀਸ ਉਸਨੂੰ ਪ੍ਰੇਸ਼ਾਨ ਕਰਦੀ ਹੈ । ਗਲਤ ਰਵਾਇਤਾਂ, ਰਿਸ਼ਤੇ ਤੇ ਦੋਸਤੀ ਦੇ ਗਲਤ ਮਾਅਨਿਆਂ ਦੇ ਜ਼ਖਮਾਂ ਨਾਲ ਵਿੰਨ੍ਹੀ ਅਤੇ ਨਸਲ ਧਰਮ ਜ਼ਬਾਨ ਦੀਆਂ ਕੰਧਾਂ ਵਿਚ ਕੈਦ, ਸੂਲਾਂ ਦੇ ਜੰਗਲ ਵਰਗੀ ਜ਼ਿੰਦਗੀ ਨੂੰ ਉਹ ਬੁੱਧੀ ਤੇ ਸੰਘਰਸ਼ ਦੇ ਚਾਨਣ ਨਾਲ ਫੁੱਲਾਂ ਵਾਲੇ ਰਾਹ ਵਰਗਾ ਬਣਾਉਣਾ ਚਾਹੁੰਦੀ ਹੈ, ਜਿਥੇ ਇਨਸਾਨੀਅਤ ਦਾ, ਇਨਸਾਨੀ ਕਦਰਾਂ ਦਾ, ਬੋਲਬਾਲਾ ਹੋਵੇ । ਜ਼ਿੰਦਗੀ ਨੂੰ ਰੁਸ਼ਨਾਉਣ ਲਈ ਜੂਝਣ ਵਾਲਾ ਸੂਰਮਾ ਭਗਤ ਸਿੰਘ ਹੋਵੇ ਜਾਂ ਅਫ਼ਰੀਕਨ ਸ਼ਾਇਰ ਬੈਂਜਾਮਿਨ ਮੋਲਾਇਸ—ਉਸ ਲਈ ਇਕ ਸਮਾਨ ਸ਼ਰਧਾ ਦਾ ਪਾਤਰ ਹੈ । ਕਿਉਂਕਿ ਇਹ ਲੋਕ ਮਹਿਜ਼ ਇਕਾਂਤ ਵਿਚ ਬੈਠ ਕੇ ਗਿਆਨ ਲੱਭਣ ਵਾਲੇ ਮਨੁੱਖ ਨਹੀਂ ਸਗੋਂ ਸੂਲਾਂ-ਮੱਲੇ ਰਾਹਾਂ 'ਚੋਂ ਚਾਨਣ ਦੀਆਂ ਕਿਰਨਾਂ ਢੂੰਡਣ ਵਾਲੇ ਲੋਕ ਹਨ । ਕੁਝ ਨਿੱਜੀ ਅਹਿਸਾਸਾਂ ਨੂੰ ਵੀ ਅਮਰ ਜਿਉਤੀ ਨੇ ਕਲਮਬੰਦ ਕੀਤਾ ਹੈ ਜਿਨ੍ਹਾਂ ਅਨੁਸਾਰ ਜ਼ਿੰਦਗੀ ਜਾਂ ਤਾਂ ਸਵਾਲ ਹੀ ਬਣੀ ਰਹੀ ਹੈ ਤੇ ਜਾਂ ਫਿਰ ਮਾਰੂਥਲ ਹੋ ਨਿਬੜੀ ਹੈ । ਜਾਂ ਜਦੋਂ ਉਸਨੂੰ ਪ੍ਰਤੀਤ ਹੁੰਦਾ ਹੈ ਕਿ ਕਤਲ ਜਾਂ ਖੁਦਕਸ਼ੀ ਦੇ ਰੂਪ ਵਿਚ ਉਸ ਨਾਲ ਮੌਤ ਵਰਗਾ ਭਾਣਾ ਵਾਪਰਿਆ ਹੈ । ਪਰ ਸ਼ਾਇਰਾ ਦੇ ਸੰਵੇਦਨਸ਼ੀਲ ਆਪੇ ਨੂੰ ਸ਼ਿੱਦਤ ਨਾਲ ਪ੍ਰਗਟਾਉਣ

ਵਾਲੀਆਂ ਇਹਨਾਂ ਨਜ਼ਮਾਂ 'ਚੋਂ ਵੀ ਸਮਾਜਕ ਸਾਰਥਕਤਾ ਦਾ ਅੰਸ਼ ਗਾਇਬ ਨਹੀਂ। ਅਮਰ ਜਿਉਤੀ ਦੀ ਰਚਨਾ ਵਿਚ ਇਸ਼ਕ ਤੇ ਮੁਹੱਬਤ ਦੀ ਵਡਿਆਈ ਦਾ ਗਾਇਨ ਹੈ। 'ਮੁਹੱਬਤ ਦਾ ਜਾਮ', 'ਸੱਜਣ ਸਾਡਾ ਜੇ ਬਾਵਫ਼ਾ ਹੋ ਜਾਂਦਾ' ਤੇ 'ਮੇਖਾਂ' ਆਦਿ ਨਜ਼ਮਾਂ ਵਿਚ ਪਿਆਰ ਦੇ ਅਨੁਭਵ, ਸ਼ਿਕਵਿਆਂ, ਨਹੋਰਿਆਂ ਤੇ ਦੁਸ਼ਵਾਰੀਆਂ ਦੇ ਜ਼ਿਕਰ ਦੇ ਨਾਲ ਨਾਲ ਜੋ ਗੱਲ ਦ੍ਰਿੜਾਈ ਗਈ ਹੈ ਉਹ ਇਹ ਹੈ ਕਿ ਪਿਆਰ ਦਾ ਸੱਚਾ-ਸੁੱਚਾ ਜਜ਼ਬਾ ਰੂਹ ਦੀ ਬੰਦ ਖਿੜਕੀ ਖੋਲ੍ਹ ਦਿੰਦਾ ਹੈ ਤੇ ਇਹ ਸਭ ਦੀ ਖੈਰ ਮੰਗਦਾ ਹੈ।

ਸ਼ਾਇਰਾ ਦੀ ਪ੍ਰੌਢ ਚੇਤਨਾ ਉਸਨੂੰ ਅਜੋਕੇ ਸੰਸਾਰ ਦੀਆਂ ਠੋਸ ਸਮੱਸਿਆਵਾਂ ਦੇ ਰੂ-ਬ-ਰੂ ਵੀ ਕਰਦੀ ਹੈ। ਪੰਜਾਬ ਦੀ ਵਰਤਮਾਨ ਤ੍ਰਾਸਦੀ ਬਾਰੇ ਦੋ ਬਹੁਤ ਪ੍ਰਭਾਵਸ਼ਾਲੀ ਨਜ਼ਮਾਂ ਇਸ ਸੰਗ੍ਰਹਿ ਵਿਚ ਸ਼ਾਮਲ ਹਨ—'ਕੋਈ ਸੂਰਜ ਚੋਰੀ ਲੈ ਗਿਆ' ਅਤੇ 'ਸੱਦੋ ਅੱਜ ਬੁਲ੍ਹਾ ਸਈਓ'। ਸ਼ਾਇਰਾ ਨੂੰ ਦੁੱਖ ਹੈ ਕਿ ਧਰਮ ਦੇ ਕੁਰਾਹੇ ਪੈਣ ਕਾਰਨ ਉਸਦੀ ਪਿਆਰੀ ਧਰਤ ਨੂੰ ਤੁਅੱਸਬ ਦਾ ਨਾਗ ਲੜ ਗਿਆ ਹੈ। ਜੇ ਅੰਮ੍ਰਿਤਾ ਪ੍ਰੀਤਮ ਨੇ ਦੇਸ਼ ਦੀ ਵੰਡ ਦੇ ਦੁਖਾਂਤ ਸਮੇਂ ਵਾਰਿਸ ਸ਼ਾਹ ਨੂੰ ਆਵਾਜ਼ ਮਾਰੀ ਸੀ ਤਾਂ ਅਮਰ ਜਿਉਤੀ ਬੁਲ੍ਹੇ ਸ਼ਾਹ ਨੂੰ ਸੱਦਣ ਲਈ ਆਖਦੀ ਹੈ। ਅਜਿਹੇ ਸਮੇਂ ਜਦੋਂ ਤੀਆਂ, ਗਿੱਧੇ, ਭੰਗੜੇ ਵਿਸਰ ਗਏ ਹਨ ਤੇ ਸੱਥਾਂ ਰੌਣਕ ਵਿਹੂਣੀਆਂ ਹੋ ਗਈਆਂ ਹਨ—ਸੱਚ ਆਖਣ ਵਾਲੇ ਕਿਸੇ ਬੁਲ੍ਹੇ ਸ਼ਾਹ ਦੀ ਲੋੜ ਹੈ :

ਸਾਜ਼ਾਂ ਨੂੰ ਸੁਰ ਭੁਲ ਗਏ/ਗੀਤਾਂ ਦੇ ਬੋਲ ਰੁਲ ਗਏ
ਸਾਈਂ ਜੋ ਡੇਰੇ ਬਹਿੰਦਾ/ਮੂੰਹੋਂ ਉਹ ਕੁਝ ਨਾ ਕਹਿੰਦਾ
ਸੱਦੋ ਅੱਜ ਬੁਲ੍ਹਾ ਸਈਓ/ਸੱਚੋ ਸੱਚ ਆਖ ਸੁਣਾਵੇ

ਅਮਰ ਜਿਉਤੀ ਭਾਵੇਂ ਖੁਲ੍ਹੀ ਕਵਿਤਾ ਲਿਖੇ ਜਾਂ ਛੰਦਬਧ, ਉਸਦੀ ਰਚਨਾ ਵਿਚ ਸੰਗੀਤਾਮਕਤਾ ਤੇ ਲੈ ਬਣੀ ਰਹਿੰਦੀ ਹੈ। ਸਿੱਪੀ, ਪਪੀਹਾ, ਜੁਗਨੂੰ, ਤਿਤਲੀ ਵਰਗੇ ਵਿਸ਼ਿਆਂ ਉਤੇ ਕਵਿਤਾਵਾਂ ਉਸਦੇ ਸੂਖਮ ਭਾਵਾਂ ਦਾ ਪਰਿਚਯ ਦਿੰਦੀਆਂ ਹਨ। ਆਪਣੀ ਕਵਿਤਾ ਦੇ ਪਿੰਡੇ ਨੂੰ ਸੂਖਮ ਬਣਾਈ ਰੱਖਣ ਲਈ ਉਹ ਪ੍ਰਕਿਰਤਕ ਬਿੰਬਾਵਲੀ—ਸਾਵਣ ਦੀ ਰੁੱਤ, ਬੱਦਲਾਂ, ਮੋਰ, ਕੋਇਲਾਂ; ਖੇੜੇ ਦੇ ਪ੍ਰਤੀਕ ਗਿੱਧੇ, ਤੀਆਂ, ਪੀਂਘਾਂ ਅਤੇ ਪਿਆਰ-ਕਹਾਣੀਆਂ ਦੇ ਹਵਾਲਿਆਂ ਦੀ ਵਰਤੋਂ ਕਰਦੀ ਹੈ। ਪਰ ਉਸ ਦੇ ਬਿਆਨ ਵਿਚ ਰਵਾਇਤੀਪੁਣਾ ਕਿਤੇ ਨਹੀਂ; ਉਸਦਾ ਅੰਦਾਜ਼ ਅਸਲੋਂ ਮੌਲਿਕ ਹੈ। ਚਾਨਣ ਤੇ ਹਨੇਰ, ਸੱਚ ਤੇ ਝੂਠ, ਚਿਹਰਾ ਤੇ ਨਕਾਬ ਵਰਗੇ ਵਿਰੋਧੀ ਸ਼ਬਦ-ਜੁੱਟਾਂ ਦੀ ਵੀ ਉਸਨੇ ਵਰਤੋਂ ਕੀਤੀ ਹੈ। ਵੱਖ ਵੱਖ ਪ੍ਰਸੰਗਾਂ ਵਿਚ ਕਈ ਵਾਰ ਆਇਆ 'ਚਾਨਣ' ਸ਼ਬਦ ਤਾਂ ਉਸਦੀ ਕਵਿਤਾ ਦਾ ਪਛਾਣ-ਚਿੰਨ੍ਹ ਬਣਦਾ ਜਾਪਦਾ ਹੈ। ਪਰਵਾਸੀ ਹੋਣ ਦੀ ਵੇਦਨਾ ਨੂੰ ਪ੍ਰਗਟਾਉਣ ਸਮੇਂ ਉਸਦੇ ਬੋਲ ਤਾਂ ਗੀਤ ਦਾ ਰੂਪ ਧਾਰ ਲੈਂਦੇ ਹਨ :

ਅਸੀਂ ਕਿਉਂ ਭਏ ਪਰਦੇਸ, ਨੀ ਅੰਮੀ ਮੇਰੀਏ
ਸਾਨੂੰ ਚੰਗੀ ਸੀ ਬਾਲ ਵਰੇਸ, ਨੀ ਅੰਮੀ ਮੇਰੀਏ

'ਮਨ ਤਨ ਅੱਖਾਂ ਬਣਕੇ ਤਰਸੇ', 'ਸੱਚ ਦੀ ਮੈਨਾ', 'ਹਰਫ਼ਾਂ ਦੀ ਪੀੜ' ਆਦਿ ਕਵਿਤਾਵਾਂ ਕਿਸੇ ਨਾ ਕਿਸੇ ਪ੍ਰਕਾਰ ਦੇ ਦਰਦ ਦੀ ਗਾਥਾ ਕਰਦੀਆਂ ਹਨ। ਪੀੜ ਤੇ ਦਰਦ ਦੇ ਭਾਵਾਂ 'ਚੋਂ ਉਭਰਦੀ ਇਹਨਾਂ ਦੀ ਗੀਤਾਮਕਤਾ ਇਕ ਅਨੋਖਾ ਰਸ ਪ੍ਰਦਾਨ ਕਰਦੀ ਹੈ।



ਪਰ ਸਾਡੀ ਸ਼ਾਇਰਾ ਦਰਦ-ਪਰੁੱਚੇ ਗੀਤਾਂ ਦੀ ਥਾਂ ਆਸ਼ਾ ਦੇ ਗੀਤ ਗਾਉਣਾ ਵਧੇਰੇ ਪਸੰਦ ਕਰੇਗੀ। ਲਹੂ ਡੋਲ੍ਹਣ ਦੀ ਥਾਂ ਗੁਲਾਲ ਛਿੜਕਣ ਦਾ ਸੁਨੇਹਾ ਦਿੰਦੀ ਹੋਈ ਅਮਰ ਜਿਉਤੀ ਦੁਆ ਕਰਦੀ ਹੈ ਕਿ ਉਸਦੀ ਕਵਿਤਾ ਅਜਿਹੀ ਦੁਲਹਨ ਬਣੇ ਜੋ ਸੰਸਾਰ ਦੀ ਚੌਹੀਂ ਗੁੱਠੀਂ ਆਜ਼ਾਦੀ ਤੇ ਖੁਸ਼ਹਾਲੀ ਦੇ ਧਾਨ ਉਗਾਣ ਲਈ ਬਾਬਲ ਵਿਹੜਿਓਂ ਤੁਰਦੀ ਆਪਣੇ ਪਿੱਛੇ ਚਾਵਲ ਖਿਲਾਰਦੀ ਹੈ। ਅਜਿਹੀ ਸ਼ੁਭ ਤੇ ਕੋਮਲ-ਭਾਵੀ ਕਵਿੱਤਰੀ ਤੇ ਉਸਦੀ ਰਚਨਾ ਨੂੰ ਪੰਜਾਬੀ ਕਵਿਤਾ ਦੇ ਵਿਹੜੇ ਵਿਚ ਨਿੱਘੀ ਜੀਅ ਆਇਆਂ। [ਰਘਬੀਰ ਸਿੰਘ]

## ਮਾਰਕਸਵਾਦ ਤੇ ਸਾਹਿਤ [ਸੁਰਜੀਤ ਗਿੱਲ]

ਰਾਜਨੀਤੀ ਦੇ ਪਿੜ ਦੇ ਸਰਗਰਮ ਕਾਰਕੁਨਾਂ ਤੇ ਆਗੂਆਂ ਵੱਲੋਂ ਸਾਹਿਤ ਤੇ ਸਭਿਆਚਾਰ ਦੇ ਮਾਮਲਿਆਂ ਵਿਚ ਦਿਲਚਸਪੀ ਲੈਣ ਦੀਆਂ ਕੁਝ ਟਾਵੀਆਂ-ਟਾਵੀਆਂ ਉਦਾਹਰਨਾਂ ਦੇ ਬਾਵਜੂਦ ਸਮੁੱਚੇ ਰੂਪ ਵਿਚ ਇਹ ਇਕ ਤਲਖ ਹਕੀਕਤ ਹੈ ਕਿ ਪੰਜਾਬ ਦੇ ਰਾਜਨੀਤੱਗ ਨੂੰ ਸਾਹਿਤ ਤੇ ਸਭਿਆਚਾਰ ਦੀ ਮੁੱਢਲੀ ਸੋਝੀ ਵੀ ਨਹੀਂ। ਪੇਸ਼ਾਵਰ ਸਿਆਸਤਦਾਨ ਵਿਚ ਸਾਹਿਤ ਤੇ ਸਭਿਆਚਾਰ ਦੀ ਲੋੜੀਂਦੀ ਚੇਤਨਾ ਦੇ ਅਭਾਵ ਨੇ ਅਮੀਰ ਵਿਰਸੇ ਵਾਲੇ ਪੰਜਾਬ ਨੂੰ, ਕਈ ਹੋਰ ਪ੍ਰਦੇਸ਼ਾਂ ਦੇ ਟਾਕਰੇ, ਸਾਂਸਕ੍ਰਿਤਕ ਪੱਖੋਂ ਅਸਲੋਂ ਗਰੀਬ ਬਣਾ ਰੱਖਿਆ ਹੈ। ਕ੍ਰਾਂਤੀਕਾਰੀ ਰਾਜਨੀਤੀ ਦੇ ਪ੍ਰਸੰਗ ਵਿਚ ਅਜਿਹੇ ਸਭਿਆਚਾਰਕ ਅਲਗਾਉ ਦੇ ਸਿੱਟੇ ਹੋਰ ਵੀ ਮਾਰੂ ਸਾਬਤ ਹੋਏ ਹਨ। ਕ੍ਰਾਂਤੀਕਾਰੀ ਰਾਜਨੀਤੀ ਕਿਸੇ ਭੂ-ਖੰਡ ਦੇ ਜੀਵਨ ਦੇ ਸਭਨਾਂ ਪਾਸਾਰਾਂ ਨੂੰ ਧਿਆਨ ਗੋਚਰੇ ਕੀਤੇ ਬਗੈਰ ਲੋੜੀਂਦੀ ਸਫਲਤਾ ਪ੍ਰਾਪਤ ਨਹੀਂ ਕਰ ਸਕਦੀ। ਮਹਿਜ਼ ਵਕਤੀ ਰਾਜਨੀਤਕ ਦਾਅ-ਪੇਚਾਂ ਤਕ ਸੀਮਤ ਰਹਿਣਾ ਕ੍ਰਾਂਤੀਕਾਰੀ ਰਾਜਨੀਤੀ ਦਾ ਸਮੁੱਚਾ ਅਮਲ ਨਹੀਂ ਹੋ ਸਕਦਾ। ਕ੍ਰਾਂਤੀਕਾਰੀ ਰਾਜਨੀਤੱਗ ਅਤੇ ਉਸਦੇ ਸੰਗਠਨ ਨੂੰ ਤਾਂ ਲਾਜ਼ਮੀ ਤੌਰ 'ਤੇ ਆਰਥਿਕਤਾ ਤੇ ਰਾਜਨੀਤੀ ਦੇ ਸਿੱਧੇ ਮੁੱਦਿਆਂ ਦੇ ਨਾਲ ਨਾਲ ਸੰਸਕ੍ਰਿਤੀ ਦੇ ਸਭਨਾਂ ਅੰਗਾਂ—ਇਤਿਹਾਸ ਧਰਮ, ਰੀਤੀ ਰਿਵਾਜ, ਸਾਹਿਤ ਤੇ ਹੋਰ ਕਲਾਤਮਕ ਪ੍ਰਗਟਾਵਿਆਂ—ਨੂੰ ਗੰਭੀਰ ਰੂਪ ਵਿਚ ਵਿਚਾਰਨ ਤੋਂ ਪਿਛੋਂ ਆਪਣੀ ਨੀਤੀ ਘੜਨ ਦੀ ਲੋੜ ਹੁੰਦੀ ਹੈ। ਦੁਰਭਾਗ ਵੱਸ ਪੰਜਾਬ ਦੀ ਕ੍ਰਾਂਤੀਕਾਰੀ ਰਾਜਨੀਤੀ ਤੋਂ ਇਹ ਕੁਝ ਹੋ ਨਹੀਂ ਸਕਿਆ। ਤੇ ਇਸਦੇ ਭਿਅੰਕਰ ਸਿੱਟੇ ਸਭ ਦੇ ਸਾਹਮਣੇ ਹਨ।

ਇਸ ਪਿਛੋਕੜ ਵਿਚ ਸੁਰਜੀਤ ਗਿੱਲ ਵਰਗਾ ਵਿਅਕਤੀ ਇਕ ਸ਼ੁਭ ਅਪਵਾਦ ਹੈ। ਕ੍ਰਾਂਤੀਕਾਰੀ ਰਾਜਨੀਤੀ ਨੂੰ ਪਰਨਾਇਆ ਸੁਰਜੀਤ ਗਿੱਲ ਇਕ ਅਜਿਹਾ ਰਾਜਨੀਤੱਗ ਹੈ ਜਿਸਨੇ ਸਾਹਿਤ ਤੇ ਸਭਿਆਚਾਰ ਦੇ ਖੇਤਰ ਨਾਲ ਪਿਛਲੇ ਡੇਢ ਕੁ ਦਹਾਕੇ ਤੋਂ ਗੰਭੀਰ ਸਰੋਕਾਰ ਰੱਖਿਆ ਹੋਇਆ ਹੈ। ਉਸਦੀ ਗੰਭੀਰਤਾ ਦੀ ਸਵੈ-ਸਿੱਧ ਗਵਾਹੀ ਇਸ ਤੱਥ ਵਿਚ ਮੌਜੂਦ ਹੈ ਕਿ ਰਸਮੀ ਅਕਾਦਮਿਕ ਪੜ੍ਹਾਈ ਤੋਂ ਵਾਂਝਿਆਂ ਰਹਿਣ ਦੇ ਬਾਵਜੂਦ ਉਸਨੇ ਸਿਰਜਣਾਤਮਕ ਸਾਹਿਤ ਦਾ ਯਥਾ-ਸੰਭਵ ਅਧਿਐਨ ਕਰਨ ਦੇ ਨਾਲ ਦਰਸ਼ਨ, ਸਾਹਿਤ ਤੇ ਕ੍ਰਾਂਤੀਕਾਰੀ ਵਿਚਾਰਧਾਰਾ ਨੂੰ ਪੰਜਾਬ ਪ੍ਰਦੇਸ਼ ਤੇ ਪੰਜਾਬੀ ਭਾਸ਼ਾ ਦੇ ਪ੍ਰਸੰਗ ਵਿਚ ਹੀ ਨਹੀਂ, ਰਾਸ਼ਟਰੀ ਤੇ ਸੰਸਾਰ ਸੰਦਰਭ ਵਿਚ ਸਮਝਣ ਸਮਝਾਉਣ ਦਾ ਯਤਨ ਕੀਤਾ ਹੈ। ਇਸ ਯਤਨ

ਵਿਚ ਉਸਦੇ ਅਧਿਐਨ ਦੀ ਸੀਮਾ ਦਾ ਆਭਾਸ ਤਾਂ ਹੁੰਦਾ ਹੈ, ਪਰ ਉਸਦੀ ਗੰਭੀਰਤਾ ਬਾਰੇ ਅਤੇ ਕ੍ਰਾਂਤੀਕਾਰੀ ਅਮਲ ਲਈ ਅਜਿਹੇ ਯਤਨ ਦੇ ਸਾਰਥਕ ਮਹੱਤਵ ਬਾਰੇ ਸੰਦੇਹ ਦੀ ਕੋਈ ਗੁੰਜਾਇਸ਼ ਨਹੀਂ ਰਹਿ ਜਾਂਦੀ।

ਆਪਣੇ ਅਧਿਐਨ ਦੇ ਪਰਿਣਾਮ ਸਰੂਪ ਸਾਹਿਤ, ਸਿਧਾਂਤ, ਵਿਚਾਰਧਾਰਾ, ਧਰਮ, ਰਾਜਨੀਤੀ ਵਰਗੇ ਮੁੱਦਿਆਂ ਉਤੇ ਉਸਨੇ ਪਿਛਲੇ ਵਰ੍ਹਿਆਂ ਵਿਚ ਬਹੁਤ ਸਾਰੇ ਨਿਬੰਧ ਲਿਖੇ ਹਨ, ਜਿਨ੍ਹਾਂ ਵਿਚੋਂ ਕੁਝ ਨਿਬੰਧ ਹਥਲੀ ਪੁਸਤਕ [ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, ਪੰਨੇ 120, ਮੁੱਲ 30 ਰੁਪਏ] ਦੀ ਸਮੱਗਰੀ ਬਣੇ ਹਨ। ਪੁਸਤਕ ਦੇ ਕੁਲ ਪੰਦਰਾਂ ਨਿਬੰਧਾਂ ਵਿਚੋਂ ਕੇਵਲ ਪੰਜ ਨਿਬੰਧ ਅਜਿਹੇ ਹਨ ਜਿਨ੍ਹਾਂ ਨੂੰ ਰਸਮੀ ਤੌਰ 'ਤੇ ਸਾਹਿਤ-ਆਲੋਚਨਾ ਦੀ ਕੋਟੀ ਵਿਚ ਰੱਖਿਆ ਜਾ ਸਕਦਾ ਹੈ। ਇਹਨਾਂ ਪੰਜ ਨਿਬੰਧਾਂ ਵਿਚ ਉਸਨੇ ਰਾਮ ਸਰੂਪ ਅਣਖੀ, ਕਰਮਜੀਤ ਸਿੰਘ ਕੁੱਸਾ, ਬਲਦੇਵ ਸਿੰਘ ਅਤੇ ਇੰਦਰ ਸਿੰਘ ਖਾਮੋਸ਼ ਦੀਆਂ ਗਲਪ ਰਚਨਾਵਾਂ ਤੋਂ ਬਿਨ੍ਹਾਂ ਕਰਨੈਲ ਬਾਗੀ ਅਤੇ ਦਰਸ਼ਨ ਸਿੰਘ ਗਿੱਲ ਦੀ ਕਵਿਤਾ ਦਾ ਅਧਿਐਨ ਕੀਤਾ ਹੈ। ਆਪਣੇ ਅਧਿਐਨ ਵਿਚ ਤਥਾ-ਕਥਿਤ ਬੁੱਧੀਜੀਵੀ ਆਲੋਚਕਾਂ ਵਾਲੀ ਬੋਲੀ ਸ਼ੈਲੀ ਤੋਂ ਪੂਰੀ ਤਰ੍ਹਾਂ ਮੁਕਤ ਰਹਿੰਦਾ ਹੋਇਆ ਉਹ ਰਚਨਾ-ਵਿਸ਼ੇਸ਼ ਦੀ ਵੱਥ ਦਾ ਵਿਸ਼ਲੇਸ਼ਨ ਕਰਕੇ ਉਸਦਾ ਕਲਾਤਮਕ ਮੁਲਾਂਕਣ ਕਰਦਾ ਹੈ। ਕਿਤੇ ਕਿਤੇ ਸਿੱਧ-ਪੱਧਰੇ ਪ੍ਰਤੀਤ ਹੁੰਦੇ ਇਸ ਮੁਲਾਂਕਣ ਵਿਚ ਸੁਰਜੀਤ ਗਿੱਲ ਦੀ ਮਾਰਕਸਵਾਦੀ ਸਮਾਜ-ਸ਼ਾਸਤਰੀ ਸਾਹਿਤ-ਸੂਝ ਹਮੇਸ਼ਾ ਸਮਾਈ ਰਹਿੰਦੀ ਹੈ।

ਐਪਰ ਵਿਹਾਰਕ ਸਾਹਿਤ-ਆਲੋਚਨਾ ਵਾਲੇ ਇਹਨਾਂ ਪੰਜ ਨਿਬੰਧਾਂ ਦੀ ਬਜਾਏ ਪੁਸਤਕ ਦਾ ਅਸਲ ਮੁੱਲ ਉਹਨਾਂ ਦਸ ਨਿਬੰਧਾਂ ਵਿਚ ਹੈ ਜਿਨ੍ਹਾਂ ਵਿਚ ਸੁਰਜੀਤ ਗਿੱਲ ਨੇ ਸਾਹਿਤ ਤੇ ਸਭਿਆਚਾਰ ਦੇ ਪ੍ਰਸੰਗ ਵਿਚ ਸਿਧਾਂਤਕ ਚਰਚਾ ਕੀਤੀ ਹੈ। ਇਹਨਾਂ ਵਿਚੋਂ ਦੋ ਪਹਿਲੇ ਨਿਬੰਧ 'ਸਾਹਿਤ ਤੇ ਰਾਜਨੀਤੀ' ਅਤੇ 'ਲੋਕ ਜਮਹੂਰੀ ਸਾਹਿਤ' ਵਿਚ ਉਸਨੇ ਸਾਹਿਤ ਦੇ ਸ਼ਰੇਣਿਕ ਖ਼ਾਸੇ ਨੂੰ ਉਭਾਰਦਿਆਂ ਹੋਇਆਂ ਇਸ ਮੱਤ ਦਾ ਜ਼ੋਰਦਾਰ ਖੰਡਨ ਕੀਤਾ ਹੈ ਕਿ ਚੰਗੇਰੀ ਸਾਹਿਤ-ਰਚਨਾ ਵਿਚੋਂ ਰਾਜਨੀਤਕ ਜਾਂ ਸ਼ਰੇਣਿਕ ਸਰੋਕਾਰ ਅਲੋਪ ਹੁੰਦੇ ਹਨ। ਇਹਨਾਂ ਨਿਬੰਧਾਂ ਵਿਚ ਉਹ ਇਕ ਬੰਨੇ ਇਹ ਦ੍ਰਿੜਾਉਂਦਾ ਹੈ ਕਿ ਹਰ ਰਚਨਾ ਅਚੇਤ ਜਾਂ ਸੁਚੇਤ ਕਿਸੇ ਸ਼ਰੇਣਿਕ ਜਾਂ ਰਾਜਨੀਤਕ ਪੈਂਤੜੇ ਦਾ ਸਮਰਥਨ ਕਰਦੀ ਹੈ, ਦੂਜੇ ਬੰਨੇ ਉਹ ਸਾਹਿਤਕਾਰ ਤੇ ਰਾਜਨੀਤੱਗ ਦੇ ਨਿਖੇੜੇ ਨੂੰ ਵੀ ਸਪਸ਼ਟ ਕਰਦਾ ਹੈ। ਉਹ ਦਰੁਸਤ ਤੌਰ 'ਤੇ ਆਖਦਾ ਹੈ ਕਿ ਸਮਾਜ ਨੂੰ ਬਦਲਣ ਦੇ ਵਡੇਰੇ ਕਾਰਜ ਵਿਚ ਪ੍ਰਮੁੱਖ ਭੂਮਿਕਾ ਰਾਜਨੀਤਕ ਸੰਗਰਾਮੀਏ ਦੀ ਹੈ; ਨਾ ਤਾਂ ਸਾਹਿਤਕਾਰ ਤੋਂ ਅਜਿਹੀ ਭੂਮਿਕਾ ਦੀ ਕੋਈ ਆਸ ਰੱਖਣੀ ਚਾਹੀਦੀ ਹੈ ਤੇ ਨਾ ਹੀ ਖ਼ੁਦ ਸਾਹਿਤਕਾਰ ਨੂੰ ਆਪਣੇ ਬਾਰੇ ਕੋਈ ਅਜਿਹਾ ਭਰਮ ਹੋਣਾ ਚਾਹੀਦਾ ਹੈ। ਕ੍ਰਾਂਤੀਕਾਰੀ ਵੱਥ ਵਾਲੀ ਸਾਹਿਤਕ ਕਿਰਤ ਵੀ ਉਹੀ ਮੁੱਲਵਾਨ ਹੈ ਜੋ ਕਲਾ-ਤਮਕ ਪੱਖੋਂ ਵੀ ਉੱਤਮ ਹੋਵੇ। ਮਹਿਜ਼ ਨਾਅਰਾ ਬਣੀ, ਉਚੀ ਸੁਰ ਵਾਲੀ, ਰਚਨਾ ਆਪਣੀ ਚੰਗੇਰੀ ਵੱਥ ਦੇ ਬਾਵਜੂਦ ਉੱਤਮ ਸਾਹਿਤਕ ਕਿਰਤ ਨਹੀਂ ਮੰਨੀ ਜਾ ਸਕਦੀ।

ਅੱਠ ਨਿਬੰਧਾਂ ਵਿਚ ਸੁਰਜੀਤ ਗਿੱਲ ਨੇ ਪਦਾਰਥਵਾਦ ਤੇ ਵਿਚਾਰਵਾਦ, ਭਾਰਤੀ ਦਰਸ਼ਨ ਪਰੰਪਰਾ, ਧਰਮ ਅਤੇ ਸਿੱਖ ਸੰਸਕ੍ਰਿਤੀ ਬਾਰੇ ਚਰਚਾ ਕੀਤੀ ਹੈ। ਇਹਨਾਂ ਨਿਬੰਧਾਂ ਵਿਚ ਉਸਨੇ ਵਿਭਿੰਨ ਇਤਿਹਾਸਕ ਪੜਾਵਾਂ ਵਿਚ ਹਰ ਖੇਤਰ ਦੇ ਸਭਿਆਚਾਰ ਦੇ ਬਦਲਦੇ ਮੁਹਾਂਦਰੇ ਦੀ ਗੱਲ ਕਰਦਿਆਂ ਉਸਦੇ ਉਸਾਰੂ ਤੇ ਨਕਾਰਾਤਮਕ ਪੱਖਾਂ ਦਾ ਨਿਖੇੜਾ ਕੀਤਾ ਹੈ। ਧਰਮ ਨੂੰ ਸਭਿਆਚਾਰ ਦੇ ਇਕ ਅੰਗ ਵਜੋਂ ਵਾਚਦਿਆਂ ਹੋਇਆਂ ਤੇ ਆਮ ਰੂਪ ਵਿਚ ਵਿਚਾਰ-ਵਾਦ ਵਿਚਲੀਆਂ ਇਸਦੀਆਂ ਜੜ੍ਹਾਂ ਉਤੇ ਝਾਤੀ ਪੁਆਉਂਦਿਆਂ ਹੋਇਆਂ ਉਸਨੇ ਪਦਾਰਥਵਾਦ ਦੇ ਫ਼ਲਸਫ਼ੇ ਦੇ ਮਜ਼ਹਬ ਨਾਲ ਮੂਲ ਵਿਰੋਧ ਨੂੰ ਉਜਾਗਰ ਕੀਤਾ ਹੈ। ਇਹਨਾਂ ਵਿਚੋਂ ਬਹੁਤੇ ਨਿਬੰਧ ਉਸ ਸੰਵਾਦ ਦੀ ਉਪਜ ਹਨ ਜੋ ਕਿਸ਼ਨ ਸਿੰਘ ਦੀ ਅਗਵਾਈ ਵਿਚ ਆਪਣੇ ਆਪ ਨੂੰ ਮਾਰਕਸਵਾਦੀ ਅਖਵਾਉਣ ਵਾਲੀ ਚਿੰਤਕਾਂ ਦੀ ਇਕ ਟੋਲੀ ਨਾਲ ਸੁਰਜੀਤ ਗਿੱਲ ਨੇ ਰਚਾਇਆ ਸੀ। ਸੁਰਜੀਤ ਗਿੱਲ ਇਉਂ ਦੋ ਕਾਰਜ ਨਿਭਾਉਂਦਾ ਹੈ। ਇਕ ਬੰਨੇ ਉਹ ਦਰਸਾਉਂਦਾ ਹੈ ਕਿ ਮਾਰਕਸਵਾਦੀ ਚਿੰਤਨ ਤੇ ਸੰਗਠਨ ਦੇ ਵਿਕਾਸ ਲਈ ਇਹ ਜ਼ਰੂਰੀ ਹੈ ਕਿ ਉਹ ਕਿਸੇ ਵੀ ਖੇਤਰ ਵਿਚ ਸੰਬੰਧਤ ਸਭਿਆਚਾਰ ਦੀਆਂ ਵਿਸ਼ੇਸ਼ਤਾਵਾਂ ਦੀ ਨਿਸ਼ਾਨਦੇਹੀ ਕਰਕੇ ਆਪਣੀ ਨੀਤੀ ਘੜੇ, ਤਾਂ ਦੂਜੇ ਬੰਨੇ ਇਹ ਵੀ ਜ਼ਰੂਰੀ ਹੈ ਕਿ ਉਹ ਬੁਨਿਆਦੀ ਇਤਿਹਾਸਕ ਪਦਾਰਥਵਾਦੀ ਸੂਝ ਉਤੇ ਪਹਿਰਾ ਦੇਵੇ।

ਸੁਰਜੀਤ ਗਿੱਲ ਦੇ ਇਹ ਨਿਬੰਧ ਬੁਨਿਆਦੀ ਧਾਰਨਾਵਾਂ ਦੀ ਪੇਸ਼ਕਾਰੀ ਵਿਚ ਦੋਸ਼-ਰਹਿਤ ਹਨ; ਇਨ੍ਹਾਂ ਵਿਚ ਕਿਸੇ ਤਰ੍ਹਾਂ ਦਾ ਉਲਾਰ ਜਾਂ ਉਕਾਈ ਨਹੀਂ। ਪਰ ਵਿਸਤ੍ਰਿਤ ਤੇ ਡੂੰਘੇ ਅਧਿਐਨ ਦੁਆਰਾ ਇਨ੍ਹਾਂ ਨੂੰ ਹੋਰ ਵਧੇਰੇ ਤਰਕ-ਸੰਗਤ ਤੇ ਸੰਗਠਿਤ ਕਰਨ ਦੀ ਗੁੰਜਾਇਸ਼ ਅਵੱਸ਼ ਪ੍ਰਤੀਤ ਹੁੰਦੀ ਹੈ। ਖ਼ੁਸ਼ੀ ਦੀ ਗੱਲ ਹੈ ਕਿ ਖ਼ੁਦ ਸੁਰਜੀਤ ਗਿੱਲ ਇਸ ਬਾਰੇ ਸੁਚੇਤ ਹੈ ਤੇ ਉਹ ਵੀ ਇਸ ਯਤਨ ਨੂੰ ਅੰਤ ਨਹੀਂ, ਸ਼ੁਰੂਆਤ ਹੀ ਸਮਝਦਾ ਹੈ। ਜੇ ਅਜਿਹੀ ਹੀ ਜਾਗ ਕ੍ਰਾਂਤੀਕਾਰੀ ਅਮਲ ਵਿਚ ਜੁਟੇ ਹੋਏ ਹੋਰ ਸੂਝਵਾਨ ਰਾਜਨੀਤੱਗਾਂ ਨੂੰ ਲੱਗ ਜਾਵੇ ਤਾਂ ਪੰਜਾਬੀ ਸਾਹਿਤ ਸਭਿਆਚਾਰ ਅਤੇ ਕ੍ਰਾਂਤੀਕਾਰੀ ਅਮਲ ਦੋਹਾਂ ਦੇ ਵਿਕਾਸ ਲਈ ਲਾਹੇਵੰਦਾ ਹੋਵੇਗਾ।

[ਰਘਬੀਰ ਸਿੰਘ]

□

## ਪ੍ਰਾਪਤ ਪੁਸਤਕਾਂ

1. ਗਾਥਾ [ਕਾਵਿ ਸੰਗ੍ਰਹਿ] ਸੁਰਿੰਦਰ ਸਿੰਘ ਨਰੂਲਾ
   ਪੰਨੇ 142, ਮੁੱਲ 125 ਰੁਪਏ, ਸੈਂਟਰਲ ਪਬਲਿਸ਼ਰਜ਼, ਲੁਧਿਆਣਾ
2. ਸ਼ਬਨਮ ਨਹੀਂ ਆਈ [ਕਾਵਿ ਸੰਗ੍ਰਹਿ] ਹਰਭਜਨ ਸਿੰਘ ਹੁੰਦਲ
   ਪੰਨੇ 136, ਮੁੱਲ 12 ਰੁਪਏ, ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ
3. ਮਿੱਟੀ ਧਰਤੀ ਨਹੀਂ ਹੁੰਦੀ [ਕਾਵਿ ਸੰਗ੍ਰਹਿ] ਅਜਾਇਬ ਸਿੰਘ ਹੁੰਦਲ
   ਪੰਨੇ 120, ਮੁੱਲ 50 ਰੁਪਏ, ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ
4. ਵੇਦਨਾ ਦਾ ਸ਼ਿਲਾਲੇਖ [ਕਾਵਿ ਸੰਗ੍ਰਹਿ] ਸੁਰਿੰਦਰ ਬੀਰ
   ਪੰਨੇ 100, ਮੁੱਲ 40 ਰੁਪਏ, ਸਿਮਰ ਸਾਹਿਤ ਪ੍ਰਕਾਸ਼ਨ, ਚੰਡੀਗੜ੍ਹ
5. ਪੁੱਠਾ ਘੂਕਦਾ ਚਰਖਾ [ਕਾਵਿ ਸੰਗ੍ਰਹਿ] ਆਸੀ
   ਪੰਨੇ 148, ਮੁੱਲ 50 ਰੁਪਏ, ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ

6. ਕੌੜਾ ਸ਼ਰਬਤ [ਕਾਵਿ ਸੰਗ੍ਰਹਿ] ਇੰਦਰੇਸ਼
ਪੰਨੇ 64, ਮੁੱਲ 35 ਰੁਪਏ, ਆਰਸੀ ਪਬਲਿਸ਼ਰਜ਼, ਦਿੱਲੀ

7. ਸਿਰਨਾਵਾਂ ਪੰਜ-ਆਬ [ਗੀਤ ਸੰਗ੍ਰਹਿ] ਸੰਪਾਦਕ : ਬਚਨਜੀਤ
ਪੰਨੇ 96, ਮੁੱਲ 12 ਰੁਪਏ, ਬਲਰਾਜ ਸਾਹਨੀ ਯਾਦਗਾਰ ਪ੍ਰਕਾਸ਼ਨ, ਅੰਮ੍ਰਿਤਸਰ

8. ਲਹੂ ਭਿੱਜ ਵਰਕੇ [ਨਾਵਲ] ਜਸਵੰਤ ਸਿੰਘ ਵਿਰਦੀ
ਪੰਨੇ 208, ਮੁੱਲ 7 ਰੁਪਏ, ਜਨਤਾ ਪਾਕਿਟ ਬੁਕਸ, ਜਲੰਧਰ

9. ਬੁੱਢੀ ਸਦੀ ਦਾ ਮਨੁੱਖ [ਨਾਵਲ] ਨਛੱਤਰ
ਪੰਨੇ 79, ਮੁੱਲ 25 ਰੁਪਏ, ਆਰਸੀ ਪਬਲਿਸ਼ਰਜ਼, ਦਿੱਲੀ

10. ਚੁੱਪ ਰਾਤ ਦਾ ਸਿਵਾ [ਨਾਵਲ] ਦਰਸ਼ਨ ਮਿਤਵਾ
ਪੰਨੇ 100, ਮੁੱਲ 25 ਰੁਪਏ, ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ

11. ਮਕਾਨ ਇਕ ਖਾਲੀ ਜੇਹਾ [ਨਾਵਲ] ਸ. ਸੋਜ਼
ਪੰਨੇ 126, ਮੁੱਲ 35 ਰੁਪਏ, ਲੋਕ ਗੀਤ ਪ੍ਰਕਾਸ਼ਨ, ਸਰਹਿੰਦ

12. ਕੁਕਨੁਸ [ਕਹਾਣੀ ਸੰਗ੍ਰਹਿ] ਪ੍ਰਗਟ ਸਿੰਘ ਸਿੱਧੂ
ਪੰਨੇ 117, ਮੁੱਲ 35 ਰੁਪਏ, ਲੋਕ ਗੀਤ ਪ੍ਰਕਾਸ਼ਨ, ਸਰਹਿੰਦ

13. ਕਰਫਿਊ ਜਾਰੀ ਹੈ [ਕਹਾਣੀ ਸੰਗ੍ਰਹਿ] ਮਨਮੋਹਨ ਸਿੰਘ ਤੀਰ
ਪੰਨੇ 87, ਮੁੱਲ 15 ਰੁਪਏ, ਪੰਜਾਬੀ ਸਾਹਿਤ ਸਭਾ, ਹੁਸ਼ਿਆਰਪੁਰ

14. ਨੀਲਕੰਠ ਦੀ ਉਡੀਕ [ਕਹਾਣੀ ਸੰਗ੍ਰਹਿ] ਰਾਜ ਕੁਮਾਰ ਗਰਗ
ਪੰਨੇ 132, ਮੁੱਲ 30 ਰੁਪਏ, ਲਾਹੌਰ ਬੁਕ ਸ਼ਾਪ, ਲੁਧਿਆਣਾ

15. ਰੱਬ ਦੀਆਂ ਬਰਕਤਾਂ [ਕਹਾਣੀ ਸੰਗ੍ਰਹਿ] ਸੁਰਿੰਦਰਜੀਤ ਸਿੰਘ ਸੰਧੂ
ਪੰਨੇ 142, ਮੁੱਲ 35 ਰੁਪਏ, ਅਲਕਾ ਸਾਹਿਤ ਸਦਨ, ਅੰਮ੍ਰਿਤਸਰ

16. ਲਾਵਾ [ਕਹਾਣੀ ਸੰਗ੍ਰਹਿ] ਤੇਜ ਸੰਧੂ ਸਮਾਧਵੀ
ਪੰਨੇ 109, ਮੁੱਲ 35 ਰੁਪਏ, ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ

17. ਚੁਗਿਰਦੇ ਦਾ ਦਰਦ [ਮਿੰਨੀ ਕਹਾਣੀਆਂ] ਸੰਪਾਦਕ : ਧਰਮਪਾਲ ਸਾਹਿਲ
ਪੰਨੇ 16, ਮੁੱਲ 3 ਰੁਪਏ, ਸਤਵੰਤ ਪ੍ਰਕਾਸ਼ਨ, ਜਲੰਧਰ

18. ਮੰਟੋ ਮਰਿਆ ਨਹੀਂ [ਮਹਾਂ ਨਾਟਕ] ਅਜਾਇਬ ਕਮਲ
ਪੰਨੇ 156, ਮੁੱਲ 60 ਰੁਪਏ, ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ

19. ਅੱਖਰਬਾਜ਼ [ਨਾਟਕ] ਦੇਵ ਭਾਰਦਵਾਜ
ਪੰਨੇ 68, ਮੁੱਲ 25 ਰੁਪਏ, ਨਿਲਾਂਬਰ ਪਬਲੀਕੇਸ਼ਨਜ਼, ਚੰਡੀਗੜ੍ਹ

20. ਇਹ ਸਰਪ ਨਗਰੀ ਹੈ ਦੋਸਤੋ [ਨਾਟਕ] ਰਾਜਿੰਦਰ ਲਹਿਰੀ
ਪੰਨੇ 90, ਮੁੱਲ 30 ਰੁਪਏ, ਨਿਸ਼ਾਂਤ ਪ੍ਰਕਾਸ਼ਨ, ਫ਼ਰੀਦਾਬਾਦ

21. ਪੰਜਾਬੀ ਨਾਵਲ ਵਿਚ ਸਾਂਸਕ੍ਰਿਤਿਕ ਚੇਤਨਾ [ਆਲੋਚਨਾ] ਸੁਖਦੇਵ ਸਿੰਘ ਖਾਹਰਾ
ਪੰਨੇ 219, ਮੁੱਲ 40 ਰੁਪਏ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ



"ਬਹਾਦਰ ਬਣੋ, ਫੇਰ ਸਭ ਕੁਝ ਪ੍ਰਾਪਤ ਹੋ ਜਾਏਗਾ"

ਜਵਾਹਰ ਲਾਲ ਨਹਿਰੂ

ਇਹ ਸ਼ਬਦ ਜਵਾਹਰ ਲਾਲ ਨਹਿਰੂ ਨੇ ਆਪਣੀ ਸਪੁਤ੍ਰੀ ਇੰਦਰਾ ਪ੍ਰੀਯਦਰਸ਼ਨੀ ਨੂੰ 26 ਅਕਤੂਬਰ 1930 ਨੂੰ ਇਕ ਚਿਠੀ ਵਿਚ ਲਿਖੇ ਸਨ।

ਅਜ ਜਦੋਂ ਅਸੀਂ ਜਵਾਹਰ ਲਾਲ ਨਹਿਰੂ ਦੀ ਸ਼ਤਾਬਦੀ ਦੇ ਸਾਲ ਵਿਚ ਗਣਤੰਤਰ ਦਿਵਸ ਮਨਾ ਰਹੇ ਹਾਂ ਸਾਨੂੰ ਉਨ੍ਹਾਂ ਦੇ ਇਹ ਸ਼ਬਦ ਯਾਦ ਆਉਂਦੇ ਹਨ ਤੇ ਨਾਲ ਹੀ ਉਨ੍ਹਾਂ ਬੱਚਿਆਂ ਦੀ ਯਾਦ ਆਉਂਦੀ ਹੈ ਜਿਨ੍ਹਾਂ ਨੇ ਆਪਣੀ ਜਾਨ ਦੀ ਪ੍ਰਵਾਹ ਨਾ ਕਰਦੇ ਹੋਏ ਬੇਜੋੜ ਬਹਾਦਰੀ ਅਤੇ ਸੇਵਾ ਦਾ ਨਮੂਨਾ ਪੇਸ਼ ਕੀਤਾ



davp 88/616 3UR

With best compliments

from :

# CAPITAL ADVERTISERS
## Chandigarh



# ਤਪਦਿਕ ਦਾ ਮੁਕਾਬਲਾ ਕਰੋ

1. ਜੇਕਰ ਤੁਹਾਨੂੰ ਲਗਾਤਾਰ ਦੋ ਹਫਤੇ ਤੋਂ ਵਧ ਸਮੇਂ ਤੋਂ ਖਾਂਸੀ ਹੈ ਜਾਂ ਜੇਕਰ ਤੁਸੀਂ ਥੁੱਕ ਵਿਚ ਖੂਨ ਦੇਖਿਆ ਹੈ ਤਾਂ ਸ਼ਾਇਦ ਤੁਹਾਨੂੰ ਫੇਫੜਿਆਂ ਦੀ ਤਪਦਿਕ ਹੋ ਗਈ ਹੋਵੇ।

2. ਨੇੜੇ ਦੇ ਬੁਨਿਆਦੀ ਸਿਹਤ, ਕੇਂਦਰ, ਡਿਸਪੈਂਸਰੀ ਤਪਦਿਕ ਕੇਂਦਰ ਤੋਂ ਆਪਣਾ ਮੁਆਇਨਾ ਕਰਵਾਓ, ਖਾਸ ਕਰਕੇ ਥੁੱਕ ਦੀ ਜਾਂਚ ਕਰਵਾਓ।



3. ਤਪਦਿਕ ਇਲਾਜ ਨਾਲ ਠੀਕ ਹੋ ਸਕਦੀ ਹੈ ਜੇਕਰ ਦਵਾਈ ਨੂੰ ਡਾਕਟਰ ਦੀ ਸਲਾਹ ਅਨੁਸਾਰ ਦਸੇ ਸਮੇਂ ਤਕ ਨਿਰੰਤਰ ਲਿਆ ਜਾਵੇ।

4. ਇਲਾਜ ਨਾਲੋਂ, ਇਹਤਿਆਤ ਵਧੇਰੇ ਚੰਗੀ ਹੁੰਦੀ ਹੈ। ਇਸ ਲਈ ਆਪਣੇ ਬੱਚੇ ਨੂੰ ਬੀ ਸੀ ਜੀ ਦਾ ਟੀਕਾ ਲਗਵਾਓ।

ਕੇਂਦਰੀ ਸਿਹਤ ਸਿਖਿਆ ਬਯੂਰੋ। (ਡੀ ਜੀ ਐਚ ਐਸ) ਸਿਹਤ ਅਤੇ ਪਰਿਵਾਰ ਕਲਿਆਣ ਮੰਤਰਾਲਾ, ਕੋਟਲਾ ਰੋਡ, ਨਵੀਂ ਦਿੱਲੀ- 110002.

davp 88/412 Pb.

## ਪਬਲੀਕੇਸ਼ਨ ਬਿਊਰੋ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ

### ਪੰਜਾਬੀ ਪ੍ਰਕਾਸ਼ਨ

| | |
|---|---|
| ਪੰਜਾਬੀ ਸਭਿਆਚਾਰ (ਡਾ. ਵਿਸ਼ਵਾ ਨਾਥ ਤਿਵਾੜੀ) | 15 ਰੁਪਏ |
| ਜਨਮਸਾਖੀ ਭਾਈ ਬਾਲਾ | 45 ਰੁਪਏ |
| ਭਾਈ ਵੀਰ ਸਿੰਘ : ਜੀਵਨ ਸਮਾਂ ਤੇ ਰਚਨਾ | 24 ਰੁਪਏ |
| ਭਾਈ ਵੀਰ ਸਿੰਘ ਸੰਦਰਭ-ਕੋਸ਼ (ਸੰਪਾਦਕ: ਡਾ. ਵਿਸ਼ਵਾ ਨਾਥ ਤਿਵਾੜੀ) | 36 ਰੁਪਏ |
| ਪਿਆਰੇ ਜੀਉ (ਭਾਈ ਵੀਰ ਸਿੰਘ ਦੀਆਂ ਚੋਣਵੀਆਂ ਚਿੱਠੀਆਂ) | 25 ਰੁਪਏ |
| ਪੰਜਾਬੀ ਸਾਹਿਤ ਦਾ ਇਤਿਹਾਸ ਭਾਗ ਪਹਿਲਾ 30 ਰੁਪਏ, ਭਾਗ ਦੂਜਾ | 85 ਰੁਪਏ |
| ਭਾਗ ਤੀਜਾ | 100 ਰੁਪਏ |
| ਗੁਰੂ ਨਾਨਕ: ਜੀਵਨ, ਦਰਸ਼ਨ ,ਤੇ ਕਾਵਿ ਕਲਾ | 39 ਰੁਪਏ |
| ਗੁਰੂ ਨਾਨਕ ਦਾ ਸ਼ਾਹਕਾਰ: ਜਪੁਜੀ (ਡਾ. ਹਰਨਾਮ ਸਿੰਘ ਸ਼ਾਨ) | 36 ਰੁਪਏ |
| ਪਰਮ ਪੁਰਖ ਗੁਰੂ ਨਾਨਕ ਪਾਤਸ਼ਾਹ (ਇੰਦਰਜੀਤ ਸਿੰਘ ਤੁਲਸੀ) | 30 ਰੁਪਏ |
| ਕਰਾਂਤੀਕਾਂਰੀ ਗੁਰੂ ਨਾਨਕ (ਡਾ. ਵਿਸ਼ਵਾ ਨਾਥ ਤਿਵਾੜੀ) | 15 ਰੁਪਏ |
| ਬਾਬਾ ਫਰੀਦ : ਜੀਵਨ, ਸਮਾਂ ਤੇ ਰਚਨਾ | 36 ਰੁਪਏ |
| ਗੁਰੂ ਤੇਗ ਬਹਾਦਰ: ਜੀਵਨ, ਸਮਾਂ ਤੇ ਰਚਨਾ | 40 ਰੁਪਏ |
| ਬਾਣੀ ਗੁਰੂ ਤੇਗ ਬਹਾਦਰ: ਵਿਸ਼ਾ ਤੇ ਕਲਾ (ਸ. ਰਾਮ ਸਿੰਘ) | 20 ਰੁਪਏ |
| ਸਿਮਰਣ ਤੋਂ ਸ਼ਹਾਦਤ ਤੀਕ (ਡਾ. ਵਿਸ਼ਵਾ ਨਾਥ ਤਿਵਾੜੀ) | 20 ਰੁਪਏ |

### Selected English Publications

| | |
|---|---|
| Bhai Vir. Singh's Epic of Rana Surat Singh (G.S. Talib) | Rs. 65 |
| Guru Tegh Bahadur—A study by Dr. B. S. Gupta | Rs. 25 |
| Philosophy of Guru Nanak by Dr. S. S. kohli | Rs. 27 |
| Travels of Guru Nanak by Dr S. S. Kohli | Rs. 26 |
| Guru Nanak in History by Dr. J. S. Grewal | Rs. 40 |
| Guru Gobind Singh; A Biographical Study by Dr. S. S. Bal & Dr. J. S. Grewal | Rs. 35 |
| Panjab, Central Asia & Afghan war by Dr. Hari Ram Gupta | Rs. 120 |

Please address enquiries and mail orders to :

SECRETARY
PUBLICATION BUREAU, PANJAB UNIVERSITY,CHANDIGARH